# ਕੈਨੇਡਾ ਦਰਪਣ

ਜੁਲਾਈ 3, 1987

**July 3, 1987**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 50¢ WEEKENDING JULY 3, 1987 Vol. 6 No. 24 Out of Greater Vancouver 65¢ Second Class Mail Reg. No. 5991

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

## ਹਰਿਆਣਾ ਵਿਚ

# ਕਾਂਗਰਸ ਨੂੰ ਹੂੰਝਾਫੇਰ ਹਾਰ

## ਲੋਕ ਦਲ ਦੇ ਸ੍ਰੀ ਦੇਵੀ ਲਾਲ ਨਵੇਂ ਮੁੱਖ ਮੰਤਰੀ

ਚੰਡੀਗੜ੍ਹ — ਹਰਿਆਣਾ ਦੇ ਰਾਜਸੀ ਪਿਤਾਮਾ ਸ੍ਰੀ ਦੇਵੀ ਲਾਲ ਦੀ ਅਗਵਾਈ ਵਿਚ ਲੋਕ ਦਲ (ਬ) ਭਾਜਪਾ ਗਠਜੋੜ ਨੇ ਵੱਡੀਆਂ ਜਿੱਤਾਂ ਦਾ ਸਿਲਸਿਲਾ ਵੀ ਜਾਰੀ ਰੱਖਦਿਆਂ ਪ੍ਰਦੇਸ਼ ਅਸੰਬਲੀ ਵਿਚ 80 ਫੀਸਦੀ ਤੋਂ ਵੱਧ ਸੀਟਾਂ ਹਾਸਲ ਕਰਕੇ ਰਿਕਾਰਡ ਤੋੜ ਬਹੁਮਤ ਪ੍ਰਾਪਤ ਕਰ ਲਿਆ। ਇੰਜ ਰਾਜ ਵਿਚ ਅੱਠ ਸਾਲ ਪਿਛੋਂ ਫਿਰ ਗੈਰ-ਕਾਂਗਰਸ (ਆਈ) ਸਰਕਾਰ ਦੀ ਸਥਾਪਨਾ ਲਈ ਰਾਹ ਸਾਫ ਹੋ ਗਿਆ। ਗਠਜੋੜ ਹੁਣ ਤੱਕ ਨਿਕਲੇ ਕੁਲ 84 ਨਤੀਜਿਆਂ ਵਿਚੋਂ 57 ਸੀਟਾਂ ਇਕੱਲੇ ਲੋਕ ਦਲ (ਬ) ਨੂੰ ਮਿਲੀਆਂ ਹਨ। ਇੰਜ ਲੋਕ ਦਲ (ਬ) ਆਪਣੇ ਦਮ ਤੇ ਦੋ-ਤਿਹਾਈ ਬਹੁਮਤ ਪ੍ਰਾਪਤ ਕਰਨ ਵਿਚ ਸਫਲ ਹੋ ਗਿਆ ਹੈ।

ਕਾਂਗਰਸ ਆਈ ਨੂੰ ਪੈਰੋ ਪੈਰ ਪਸਪਾਈ ਤੇ ਮਜ਼ਬੂਰ ਹੋਣਾ ਪਿਆ ਅਤੇ ਮੁਖ ਮੰਤਰੀ ਸ੍ਰੀ ਬੰਸੀ ਲਾਲ ਵੀ ਆਪਣੀ ਸੀਟ ਨੂੰ ਸਾਂਭ ਨਾ ਸਕੇ। ਇਕਾ ਨੂੰ ਕੇਵਲ ਚਾਰ ਸੀਟਾਂ ਹੀ ਮਿਲ ਸਕੀਆਂ। ਸੀ ਪੀ ਆਈ ਅਤੇ ਸੀ ਪੀ ਐਮ ਦੇ 1-1 ਦੇ ਸਕੋਰ ਤੋਂ ਅਗੇ ਨਹੀਂ ਵਧ ਸਕੀਆਂ ਜਦ ਕਿ ਛੇ ਆਜ਼ਾਦ ਉਮੀਦਵਾਰ ਅਸੰਬਲੀ ਵਿਚ ਪੁਜਣ ਵਿਚ ਸਫਲ ਹੋ ਗਏ ਹਨ। ਦੋਵੇਂ ਕਮਿਊਨਿਸਟ ਪਾਰਟੀਆਂ ਪਹਿਲੀ ਵਾਰ ਅਸੰਬਲੀ ਵਿਚ ਦਾਖਲ ਹੋਣਗੀਆਂ।

### ਮੁਖ ਮੰਤਰੀ ਹਾਰ ਗਏ

ਹਰਿਆਣਾ ਦੇ ਮੁਖ ਮੰਤਰੀ ਚੌ: ਬੰਸੀ ਲਾਲ ਤੋਸ਼ਾਮ ਵਿਧਾਨ ਸਭਾ ਹਲਕੇ ਤੋਂ ਚੋਣ ਹਾਰ ਗਏ ਹਨ। ਉਨ੍ਹਾਂ ਨੂੰ ਲੋਕ ਦਲ (ਬ) ਦੇ ਉਮੀਦਵਾਰ ਸ੍ਰੀ ਧਰਮਵੀਰ ਨੇ 2100 ਤੋਂ ਵੀ ਵੱਧ ਵੋਟਾਂ ਦੇ ਫਰਕ ਨਾਲ ਹਰਾਇਆ। ਇਹ ਵਰਨਣਯੋਗ ਹੈ ਕਿ ਜਦੋਂ ਵੋਟਾਂ ਦੀ ਗਿਣਤੀ ਹੋ ਰਹੀ ਸੀ ਤਾਂ ਬੰਸੀ ਲਾਲ ਇਕ ਵਾਰ 95 ਵੋਟਾਂ ਤੇ ਪਿਛੇ ਹੋ ਗਏ ਸਨ ਜਿਸ ਤੇ ਇੰਕਾ ਵਰਕਰਾਂ ਤੇ ਨੇਤਾਵਾਂ ਨੇ ਵੋਟਾਂ ਦੀ ਮੁੜ ਗਿਣਤੀ ਕਰਾਉਣ ਦੀ ਮੰਗ ਕੀਤੀ ਸੀ ਜਿਸ ਤੇ ਚੋਣ ਕਮਿਸ਼ਨ ਨੇ ਇਕ ਤਿੰਨ ਮੈਂਬਰੀ ਕਮੇਟੀ ਕਾਇਮ ਕਰਕੇ ਦਿੱਲੀ ਤੋਂ ਭੇਜੀ ਸੀ ਜਿਸ ਦੀ ਨਿਗਰਾਨੀ ਹੇਠ ਮੁੜ ਵੋਟਾਂ ਦੀ ਗਿਣਤੀ ਕੀਤੀ ਗਈ ਤੇ ਬੰਸੀ ਲਾਲ 2100 ਤੋਂ ਵੀ ਵੱਧ ਵੋਟਾਂ ਨਾਲ ਹਾਰ ਗਏ।

ਹੁਣ ਤੱਕ ਬੰਸੀ ਲਾਲ ਮੰਤਰੀ ਮੰਡਲ ਵਿਚੋਂ ਕੇਵਲ ਇਕ ਹੀ ਮੰਤਰੀ ਤਯਬ ਹੁਸੈਨ ਹੀ ਚੋਣ ਜਿੱਤ ਸਕੇ ਸਨ ਜਦ ਕਿ ਬਾਕੀ ਸਾਰੇ ਮੰਤਰੀ ਲੁੜਕ ਗਏ। ਸਪੀਕਰ ਤੇ ਡਿਪਟੀ ਸਪੀਕਰ ਵੀ ਚੋਣ ਹਾਰ ਗਏ।

### ਹਰਦੁਆਰੀ ਲਾਲ ਜਿੱਤੇ

ਲੋਕ ਦਲ (ਬ) ਨੇ ਰੋਹਤਕ ਲੋਕ ਸਭਾ ਦੀ ਸੀਟ ਇਕ ਲੱਖ ਵੋਟਾਂ ਨਾਲ ਜਿੱਤ ਲਈ ਹੈ। ਇਸ ਹਲਕੇ ਤੋਂ ਲੋਕ ਦਲ ਦੇ ਉਮੀਦਵਾਰ ਤੇ ਇਕਾ ਛੱਡ ਕੇ ਆਏ ਸ੍ਰੀ ਹਰਦੁਆਰੀ ਲਾਲ ਨੇ ਕਾਂਗਰਸ (ਇ) ਦੇ ਉਮੀਦਵਾਰ ਤੇ ਸਾਬਕਾ ਕੇਂਦਰੀ ਮੰਤਰੀ ਪ੍ਰੋ: ਸ਼ੇਰ ਸਿੰਘ ਅਤੇ ਲੋਕ ਦਲ (ਅਜੀਤ) ਦੀ ਉਮੀਦਵਾਰ ਤੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਚਰਨ ਸਿੰਘ ਦੀ ਪਤਨੀ ਗਾਇਤਰੀ ਦੇਵੀ ਨੂੰ ਹਰਾਇਆ।

### 15 ਮੰਤਰੀ ਲੁੜਕੇ

ਦੇਵੀ ਲਾਲ ਲਹਿਰ ਅੱਗੇ ਮੁਖ ਮੰਤਰੀ ਤੋਂ ਇਲਾਵਾ ਉਨ੍ਹਾਂ ਦੇ ਪਦਰਾਂ ਸਾਥੀ ਮੰਤਰੀ ਵੀ ਨਹੀਂ ਟਿਕ ਸਕੇ ਅਤੇ ਉਨ੍ਹਾਂ ਨੂੰ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪਿਆ। ਜੋਣ ਜਿੱਤ ਸਕਣ ਵਾਲੇ ਇਕੋ ਇਕ ਖੁਸ਼ਕਿਸਮਤ ਮੰਤਰੀ ਗ੍ਰਹਿ ਮੰਤਰੀ ਤਯਬ ਹੁਸੈਨ ਹਨ ਜੋ ਤੌਰੂ ਹਲਕੇ ਤੋਂ ਸਫਲ ਘੋਸ਼ਤ ਕੀਤੇ ਗਏ। ਚੋਣ ਹਾਰਨ ਵਾਲਿਆਂ ਵਿਚ ਖੇਤੀਬਾੜੀ ਮੰਤਰੀ ਪਰਸੰਨੀ ਦੇਵੀ, ਜੇਲ੍ਹ ਤੇ ਜਨਸਿਹਤ ਮੰਤਰੀ ਏ ਸੀ ਚੋਧਰੀ, ਲੋਕਲ-ਗੌਰਮਿੰਟ ਮੰਤਰੀ ਲਛਮਣ ਦਾਸ ਅਰੋੜਾ ਸ਼ਾਮਲ ਹਨ।

ਆਜ਼ਾਦ ਉਮੀਦਵਾਰਾਂ ਵਿਚ ਮਿਸ ਮੇਧਵੀ ਕਿਰਤੀ ਸ਼ਾਮਲ ਹੈ ਜਿਸ ਨੂੰ ਲੋਕ ਦਲ (ਬ) ਦੀ ਹਮਾਇਤ ਹਾਸਲ ਸੀ। ਮੇਧਵੀ ਜੋ ਸਵਰਗਵਾਸੀ ਬਾਬੂ ਜਗਜੀਵਨ ਰਾਮ ਦੀ ਪੋਤਰੀ ਹੈ ਝੱਜਰ (ਰਿਜ਼ਰਵ) ਹਲਕੇ ਤੋਂ ਆਪਣੇ ਨਿਕਟ ਵਿਰੋਧੀ ਮਾਗੇਂ ਰਾਮ ਨੂੰ 13000 ਵੋਟਾਂ ਦੇ ਫਰਕ ਨਾਲ ਹਰਾ ਕੇ ਸਫਲ ਹੋਈ।

### ਲੋਕਾਂ ਦਾ ਫਤਵਾ ਪ੍ਰਵਾਨ

ਮੁਖ ਮੰਤਰੀ ਸ੍ਰੀ ਬੰਸੀ ਲਾਲ ਦੇ ਚੋਣਾਂ ਵਿਚ ਲੋਕਾਂ ਦਾ ਫਤਵਾ ਪ੍ਰਵਾਨ ਕਰਦਿਆਂ ਕਾਂਗਰਸ (ਆਈ) ਦੀ ਹਾਰ ਦੀ ਜ਼ਿਮੇਵਾਰੀ ਆਪਣੇ ਉਤੇ ਲਈ ਹੈ। ਉਨ੍ਹਾਂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦਾ ਇਸ ਗੱਲੋਂ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਰਾਜ ਦੇ ਵਿਕਾਸ ਵਿਚ ਬਹੁਤ ਮੱਦਦ ਦਿੱਤੀ ਤੇ ਰਾਜ ਵਿਚ ਪਾਰਟੀ ਦੇ ਮਾਮਲਿਆਂ ਵਿਚ ਉਨ੍ਹਾਂ ਨੂੰ ਪੂਰਨ ਖੁਲ੍ਹ ਦਿੱਤੀ। ਸ੍ਰੀ ਬੰਸੀ ਲਾਲ ਨੇ ਰਾਜ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਕਾਂਕਰਸ (ਆਈ) ਵਰਕਰ ਪਾਰਟੀ ਦੀਆਂ ਉਚਤਮ ਪਰੰਪਰਾਵਾਂ ਅਨੁਸਾਰ ਉਨ੍ਹਾਂ ਦੀ ਸਿਦਕਦਿਲੀ ਨਾਲ ਸੇਵਾ ਕਰਦੇ ਰਹਿਣਗੇ।

### ਸਹੁੰ ਦੀ ਰਸਮ ਦਿੱਲੀ ਵਿਚ ਹੋਈ

ਲੋਕ ਦਲ (ਬ) ਦੇ ਨੇਤਾ ਸ੍ਰੀ ਦੇਵੀ ਲਾਲ ਨੂੰ ਨਵੀਂ ਦਿੱਲੀ ਵਿਖੇ ਹਰਿਆਣਾ ਭਵਨ ਵਿਚ ਇਕ ਵਿਸ਼ੇਸ਼ ਸਮਾਗਮ ਵਿਚ ਨਵੇਂ ਮੁਖ ਮੰਤਰੀ ਵਜੋਂ ਸਹੁੰ ਚੁਕਾਈ।

### ਕਿੰਨੇ ਮੰਤਰੀ


ਚੰਡੀਗੜ੍ਹ ਤੋਂ ਮਿਲੀ ਸੂਚਨਾ ਅਨੁਸਾਰ ਚੌਧਰੀ ਦੇਵੀ ਲਾਲ ਪਹਿਲੀ ਕਿਸ਼ਤ ਵਿਚ ਆਪਣੇ ਮੰਤਰੀ ਮੰਡਲ ਵਿਚ 15 ਦੇ ਕਰੀਬ ਮੰਤਰੀ ਸ਼ਾਂਮਲ ਕਰਨਗੇ। ਇਸ ਗੱਲ ਦੀ ਸੰਭਾਵਨਾ ਹੈ ਕਿ ਚੌਧਰੀ ਦੇਵੀ ਲਾਲ ਲੋਕ ਦਲ (ਬ) ਨੂੰ ਭਾਰੀ ਬਹੁਮਤ ਪ੍ਰਾਪਤ ਹੋਣ ਦੇ ਬਾਵਜੂਦ ਭਾਜਪਾ ਨਾਲ ਆਪਣੇ ਚੋਣ ਗਠਜੋੜ ਨੂੰ ਮੁਖ ਰਖਦਿਆ, ਉਸ ਪਾਰਟੀ ਦੇ ਵੀ ਕੁਝ ਵਿਧਾਇਕਾਂ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਕਰਨਗੇ। ਲੋਕ ਦਲ ਸੂਤਰਾਂ ਅਨੁਸਾਰ ਭਾਜਪਾ ਦੇ ਦੋ ਜਾਂ ਤਿੰਨ ਮੰਤਰੀ ਲਏ ਜਾਣਗੇ। ਇਨ੍ਹਾਂ ਸਬੰਧੀ ਡਾ. ਮੰਗਲ ਸੇਨ, ਸ੍ਰੀ ਸੂਰਜ ਭਾਨ ਅਤੇ ਡਾ: ਕਮਲਾ ਵਰਮਾ ਦੇ ਨਾਵਾਂ ਦੀ ਚਰਚਾ ਹੈ। ਲੋਕ ਦਲ ਵਲੋਂ ਜਿਨ੍ਹਾਂ ਵਿਧਾਇਕਾਂ ਨੂੰ ਮੰਤਰੀ ਬਣਾਏ ਜਾਣ ਦੀ ਚਰਚਾ ਹੈ ਉਸ ਵਿਚ ਬਨਾਰਸ ਦਾਸ ਗੁਪਤਾ, ਹੀਰਾ ਨੰਦ, ਆਰੀਆ, ਵਰਿੰਦਰ ਸਿੰਘ ਅਤੇ ਖੁਰਸ਼ੀਦ ਅਹਿਮਦ ਸ਼ਾਮਲ ਹਨ। ਸ੍ਰੀ ਕਿਰਪਾ ਰਾਮ ਪੂਨੀਆ ਆਈ ਏ ਐਸ ਜਿਨ੍ਹਾਂ ਚੋਣ ਲੜਨ ਲਈ ਆਪਣੇ ਸਰਕਾਰੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਨੂੰ ਵੀ ਵਜ਼ਾਰਤ ਵਿਚ ਅਹਿਮ

ਬਾਕੀ ਪੰਨਾ 2 'ਤੇ

# ਛੇ ਮੈਂਬਰੀ ਹਰਿਆਣਾ ਸਰਕਾਰ ਨੇ ਸਹੁੰ ਚੁੱਕੀ



ਬੀ ਡੀ ਗੁਪਤਾ



ਚੌ: ਦੇਵੀ ਲਾਲ ਮੁਖ ਮੰਤਰੀ



ਕਿਰਪਾ ਰਾਮ ਪੂਨੀਆਂ

ਨਵੀਂ ਦਿੱਲੀ — ਇਥੇ ਸ੍ਰੀ ਦੇਵੀ ਲਾਲ ਦੀ ਅਗਵਾਈ ਵਿਚ ਹਰਿਆਣਾ ਦੀ ਛੇ ਮੈਂਬਰੀ ਲੋਕ ਦਲ (ਬ) ਭਾਜਪਾ ਕੁਲੀਸ਼ਨ ਵਜ਼ਾਰਤ ਨੇ ਸਹੁੰ ਚੁੱਕੀ। ਗਵਰਨਰ ਸ੍ਰੀ ਐਸ ਐਮ ਐਚ ਬਰਨੀ ਨੇ ਹਰਿਆਣਾ ਭਵਨ ਵਿਚ ਇਕ ਵਿਸ਼ੇਸ਼ ਸਮਾਗਮ ਵਿਚ ਸ੍ਰੀ ਦੇਵੀ ਲਾਲ ਨੂੰ ਮੁਖ ਮੰਤਰੀ ਵਜੋਂ ਅਤੇ ਸ੍ਰੀ ਬੀ ਡੀ ਗੁਪਤਾ, ਸ੍ਰੀ ਵਰਿੰਦਰ ਸਿੰਘ, ਸ੍ਰੀ ਕੇ ਆਰ ਪੁਨੀਆ ਅਤੇ ਪ੍ਰੋ: ਸੰਪਤ ਸਿੰਘ (ਸਾਰੇ ਲੋਕ ਦਲ ਬ) ਅਤੇ ਸ੍ਰੀ ਸੂਰਜ ਭਾਨ (ਭਾਜਪਾ) ਨੂੰ ਮੰਤਰੀਆਂ ਵਜੋਂ ਸਹੁੰ ਚੁਕਾਈ। ਸ੍ਰੀ ਦੇਵੀ ਲਾਲ ਨੂੰ ਜੇ ਬੀ ਪੰਤ ਹਸਪਤਾਲ ਵਿਚੋਂ ਇਕ ਐਂਬੂਲੈਂਸ ਦੁਆਰਾ ਹਰਿਆਣਾ ਭਵਨ ਵਿਚ ਲਿਆਂਦਾ ਗਿਆ ਸੀ। ਭਵਨ ਦੇ ਬਾਹਰ ਲੋਕਾਂ ਦੀ ਅਥਾਹ ਭੀੜ ਸੀ ਅਤੇ ਸੁਰੱਖਿਆ ਅਧਿਕਾਰੀ ਬੜੀ ਮੁਸ਼ਕਲ ਨਾਲ ਸ੍ਰੀ ਦੇਵੀ ਲਾਲ ਨੂੰ ਗਵਰਨਰ ਦੇ ਕਮਰੇ ਤੱਕ ਲੈ ਕੇ ਗਏ ਜਿਥੇ ਉਨ੍ਹਾਂ ਨੂੰ ਸਹੁੰ ਚਕਾਉਣ ਦੀ ਰਸਮ ਹੋਈ। ਇਸ ਮੌਕੇ ਤੇ ਕਈ ਲੋਕ ਦਲ (ਬ) ਨੇਤਾ, ਜਿਨ੍ਹਾਂ ਵਿਚ ਸ੍ਰੀ ਐਚ ਐਨ ਬਹੂਗੁਣਾ ਅਤੇ ਕਰਪੂਰੀ ਠਾਕੁਰ ਸ਼ਾਮਲ ਸਨ, ਮੌਜੂਦ ਸਨ। ਇਹ ਰਸਮ ਹਰਿਆਣਾ ਭਵਨ ਦੇ ਲਾਅਨ ਵਿਚ ਲਗਾਏ ਗਏ ਪੰਡਾਲ ਵਿਚ ਹੋਣੀ ਸੀ ਪਰ ਲੋਕਾਂ ਦੀ ਬਹੁਤ ਜ਼ਿਆਦਾ ਗਿਣਤੀ ਨੂੰ ਦੇਖਦੇ ਹੋਏ ਸੁਰੱਖਿਆ ਅਫਸਰਾਂ ਨੇ ਫੈਸਲਾ ਬਦਲ ਲਿਆ।

### ਵਿਭਾਗਾਂ ਦੀ ਵੰਡ

ਸ੍ਰੀ ਦੇਵੀ ਲਾਲ ਗ੍ਰਹਿ, ਸਹਿਕਾਰਤਾ, ਸਿਹਤ ਅਤੇ ਲੋਕ ਸੰਪਰਕ ਵਿਭਾਗ ਆਪਣੇ ਕੋਲ ਰੱਖਣਗੇ। ਸਾਬਕ ਮੁਖ ਮੰਤਰੀ ਸ੍ਰੀ ਬਨਾਰਸੀ ਦਾਸ ਗੁਪਤਾ ਨੂੰ ਵਿੱਤ ਵਿਭਾਗ, ਸ੍ਰੀ ਵਰਿੰਦਰ ਸਿੰਘ ਨੂੰ ਸਿੰਚਾਈ ਅਤੇ ਬਿਜਲੀ, ਸ੍ਰੀ ਸੰਪਤ ਸਿੰਘ ਨੂੰ ਸਨਅਤ ਅਤੇ ਕੇ ਆਰ ਪੂਨੀਆ ਨੂੰ ਵਿਕਾਸ ਤੇ ਪੰਚਾਇਤੀ ਰਾਜ ਦੇ ਵਿਭਾਗ ਅਲਾਟ ਕੀਤੇ ਗਏ ਹਨ। ਭਾਜਪਾ ਦੇ ਇਕੋ ਇਕ ਮੰਤਰੀ ਸ੍ਰੀ ਸੂਰਜ ਭਾਨ ਨੂੰ ਮਾਲ ਵਿਭਾਗ ਦਿੱਤਾ ਗਿਆ ਹੈ।

### ਪ੍ਰੈਸ ਨਾਲ ਵਾਰਤਾ

ਮੁਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਸ੍ਰੀ ਦੇਵੀ ਲਾਲ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਰਿਆਈ ਪਾਣੀਆਂ ਦੀ ਵੰਡ ਬਾਰੇ ਕੇਂਦਰ ਵਲੋਂ ਕਾਇਮ ਕੀਤੇ ਸਾਰੇ ਇਰਾਦੀ ਟ੍ਰਿਬਿਊਨਲ ਦੀਆਂ ਸਿਫਾਰਸ਼ਾਂ ਦੇ ਪੂਰੀ ਤਰ੍ਹਾਂ ਖਿਲਾਫ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਇਸ ਟ੍ਰਿਬਿਊਨਲ ਦੀ ਰੀਪੋਰਟ ਪਹਿਲਾਂ ਹੀ ਰੱਦ ਕਰ ਚੁਕੀ ਹੈ ਕਿਉਂਕਿ 'ਇਸ ਦੀਆਂ ਸਿਫਾਰਸ਼ਾਂ ਹਰਿਆਣਾ ਦੇ ਲੋਕਾਂ ਦੇ ਹਿਤਾਂ ਦੇ ਵਿਰੁੱਧ ਹਨ।'। ਪੰਜਾਬ ਸਮਝੌਤੇ ਉਤੇ ਅਮਲ ਬਾਰੇ ਇਕ ਸੁਆਲ ਦਾ ਜਵਾਬ ਦਿੰਦਿਆਂ ਸ੍ਰੀ ਦੇਵੀ ਲਾਲ ਨੇ ਕਿਹਾ ਕਿ ਇਹ ਹਰਿਆਣਾ ਸਰਕਾਰ ਨੂੰ ਸਵੀਕਾਰ ਨਹੀਂ ਕਿਉਂਕਿ ਇਸ ਵਿਚ ਹਰਿਆਣਾ ਦੇ ਹਿਤਾਂ ਨੂੰ ਬਿਲਕੁਲ ਨਜ਼ਰ ਅੰਦਾਜ਼ ਕੀਤਾ ਗਿਆ ਹੈ।

ਸ੍ਰੀ ਦੇਵੀ ਲਾਲ ਨੇ ਕਿਹਾ ਕਿ ਪੰਜਾਬ ਸਮਝੌਤੇ ਦੇ ਬਾਰੇ ਪਹਿਲੂਆਂ ਬਾਰੇ ਉਹ ਆਪਣੇ ਸਾਥੀ ਮੰਤਰੀਆਂ ਨਾਲ ਸਲਾਹ ਕਰਕੇ ਆਪਣੀ ਕਾਰਵਾਈ ਸਬੰਧੀ ਫੈਸਲਾ ਲੈਣਗੇ। ਉਨ੍ਹਾਂ ਕਿਹਾ ਕਿ ਕੇਂਦਰ ਨੇ ਸਾਰਾ ਘਾਲਾਮਾਲਾ ਕੀਤਾ ਹੈ ਅਤੇ ਹਰਿਆਣਾ ਦੇ ਲੋਕਾਂ ਦੇ ਹਿਤਾਂ ਨੂੰ ਖਤਰੇ ਵਿਚ ਪਾਇਆ ਹੈ। ਉਨ੍ਹਾਂ ਨੇ ਕਿਹਾ ਕਿ ਸਵਰਗੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਦਿਤੇ ਗਏ ਫੈਸਲੇ ਨੂੰ ਅਜੇ ਵੀ ਸਵੀਕਾਰ ਕਰਨ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਇਸ ਫੈਸਲੇ ਅਧੀਨ ਸੰਤ ਹਰਚੰਦ ਸਿੰਘ ਲੌਂਗੋਵਾਲ, ਜ: ਗੁਰਚਰਨ ਸਿੰਘ ਟੌਹੜਾ ਅਤੇ ਸ: ਪ੍ਰਕਾਸ਼ ਸਿੰਘ ਬਾਦਲ ਅਤੇ ਖੁਦ ਉਨ੍ਹਾਂ (ਦੇਵੀ ਲਾਲ) ਵਿਚਕਾਰ ਇਹ ਸਹਿਮਤੀ ਹੋਈ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ ਅਤੇ ਅਬੋਹਰ ਤੇ ਫਾਜ਼ਿਲਕਾ ਹਰਿਆਣਾ ਨੂੰ ਤਬਦੀਲ ਕਰ ਦੇਣਾ ਚਾਹੀਦਾ ਹੈ। ਪਰ ਉਨ੍ਹਾਂ ਕਿਹਾ ਕਿ ਅਜਿਹਾ ਹੋਇਆ ਨਹੀਂ। ਸ੍ਰੀ ਦੇਵੀ ਲਾਲ ਨੇ ਦੋਸ਼ ਲਾਇਆ ਕਿ ਸਾਬਕ ਕੇਂਦਰੀ ਮੰਤਰੀ ਸਵਰਨ ਸਿੰਘ ਨੇ ਸਾਰਾ ਕੰਮ ਖਰਾਬ ਕੀਤਾ ਜਿਸ ਨਾਲ ਅੜਿੱਕਾ ਪੈਦਾ ਹੋਇਆ। ਸ੍ਰੀ ਦੇਵੀ ਲਾਲ ਨੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ, ਸੰਚਾਰ ਮੰਤਰੀ ਸ੍ਰੀ ਅਰਜਨ ਸਿੰਘ ਅਤੇ ਅਰੁਣ ਨਹਿਰੂ ਨੂੰ ਪੰਜਾਬ ਦੀ ਸਥਿਤੀ ਵਿਗਾੜਨ ਲਈ ਦੋਸ਼ੀ ਠਹਿਰਾਇਆ। ਉਨ੍ਹਾਂ ਨੇ 'ਇਨ੍ਹਾਂ ਨੇਤਾਵਾਂ' ਉਤੇ ਆਪਣੇ ਦੂਤ ਸ੍ਰੀ ਨਟਵਰ ਸਿੰਘ, ਜੋ ਵਿਦੇਸ਼ੀ ਮਾਮਲਿਆਂ ਬਾਰੇ ਰਾਜ ਮੰਤਰੀ ਹਨ, ਰਾਹੀਂ ਹਰਿਆਣਾ ਵਿਚ 'ਪੰਜਾਬ ਵਰਗੀ ਗੜਬੜ ਕਰਾਉਣ' ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਇਸ ਨਾਲ ਉਨ੍ਹਾਂ ਨੂੰ ਕੇਂਦਰੀ ਨੇਤਾਵਾਂ ਦੇ ਇਰਾਦਿਆਂ ਉਤੇ ਸ਼ੱਕ ਹੋ ਗਿਆ ਸੀ।

ਸ੍ਰੀ ਦੇਵੀ ਲਾਲ ਨੇ ਕਿਹਾ ਕਿ ਜੇ ਗਿਆਨੀ ਜ਼ੈਲ ਸਿੰਘ ਦੁਬਾਰਾ ਰਾਸ਼ਟਰਪਤੀ ਦੀ ਚੋਣ ਲੜਨ ਲਈ ਸਹਿਮਤ ਹੋ ਗਏ ਤਾਂ ਉਹ (ਸ੍ਰੀ ਦੇਵੀ ਲਾਲ) ਉਨ੍ਹਾਂ ਦੀ ਹਮਾਇਤ ਕਰਨਗੇ। ਉਨ੍ਹਾਂ ਕਿਹਾ ਕਿ 'ਅਸੀਂ ਗਿਆਨੀ ਜ਼ੈਲ ਸਿੰਘ ਵਲੋਂ ਚੋਣ ਲੜੇ ਜਾਣ ਦਾ ਸੁਆਗਤ ਕਰਾਂਗੇ।'

ਪੰਨਾ 1 ਦੀ ਬਾਕੀ

ਸਥਾਨ ਦਿਤੇ ਜਾਣ ਦੀ ਆਸ ਹੈ। ਇਨ੍ਹਾਂ ਤੋਂ ਇਲਾਵਾ ਸ੍ਰੀ ਹਰਮਹਿੰਦਰਾ ਸਿੰਘ ਚੱਠਾ, ਸੰਪਤ ਸਿੰਘ, ਰਘੂ ਯਾਦਵ, ਗੁਰਦਿਆਲ ਸਿੰਘ ਸੈਣੀ ਅਤੇ ਸਾਬਕ ਮੁਖ ਮੰਤਰੀ ਸ੍ਰੀ ਬੰਸੀ ਲਾਲ ਨੂੰ ਹਰਾਉਣ ਵਾਲੇ ਨੌਜਵਾਨ ਨੇਤਾ ਸ੍ਰੀ ਧਰਮਵੀਰ ਦੇ ਨਾਵਾਂ ਦੀ ਵੀ ਚਰਚਾ ਹੈ। ਲੋਕ ਦਲ (ਅ), ਜਨਤਾ ਪਾਰਟੀ, ਕਾਂਗਰਸ (ਐਸ) ਅਤੇ ਕਾਂਗਰਸ (ਜੇ) ਆਪਣੇ ਖਾਤੇ ਖੋਲਣ ਵਿਚ ਵੀ ਅਸਫਲ ਰਹੀਆਂ।

### ਦੋਬਾਰਾ ਪੋਲਿੰਗ

ਆਦਮਪੁਰ ਅਸੰਬਲੀ ਹਲਕੇ ਜਿਥੋਂ ਕੇਂਦਰੀ ਜੰਗਲਾਤ ਮੰਤਰੀ ਸ੍ਰੀ ਭਜਨ ਲਾਲ ਦੀ ਪਤਨੀ ਸ੍ਰੀਮਤੀ ਜਸਮਾ ਦੇਵੀ ਨੇ ਚੋਣ ਲੜੀ, ਦੇ ਬਾਵਲ ਅਤੇ ਮੁੰਡਲ ਖੁਰਦ ਵਿਖੇ 2-2 ਬੂਥਾਂ ਅਤੇ ਤਿੰਨ ਪੋਲਿੰਗ ਸਟੇਸ਼ਨਾਂ ਤੇ ਦੁਬਾਰਾ ਵੋਟਾਂ ਪਈਆਂ।

### ਭਿਵਾਨੀ ਲੋਕ ਸਭਾ ਸੀਟ

ਲੋਕ ਦਲ ਦੇ ਉਮੀਦਵਾਰ ਸ੍ਰੀ ਰਾਮ ਨਾਰਾਇਣ ਭਿਵਾਨੀ ਲੋਕ ਸਭਾ ਹਲਕੇ ਵਿਚ ਆਪਣੇ ਨਿਕਟ ਵਿਰੋਧੀ ਕਾਂਗਰਸ (ਆਈ) ਦੇ ਸ੍ਰੀ ਦਯਾ ਨੰਦ ਤੋਂ 50000 ਵੋਟਾਂ ਨਾਲ ਅੱਗੇ ਸਨ। ਇਹ ਸੀਟ ਸ੍ਰੀ ਬੰਸੀ ਲਾਲ ਵਲੋਂ ਪਿਛਲੇ ਸਾਲ ਮੁਖ ਮੰਤਰੀ ਬਨਣ ਤੇ ਅਸਤੀਫਾ ਦੇ ਦਿੱਤੇ ਜਾਣ ਨਾਲ ਖਾਲੀ ਹੋਈ ਸੀ।

### ਜਿਹਾ ਪਿਤਾ - ਤਿਹਾ ਪੁੱਤਰ

ਹਰਿਆਣਾ ਦੀਆਂ ਚੋਣਾਂ ਵਿਚ ਇਹ ਗੱਲ ਬਹੁਤ ਸੱਚੀ ਸਾਬਤ ਹੋਈ ਹੈ ਕਿ 'ਜਿਹਾ ਪਿਤਾ - ਤਿਹਾ ਪੁੱਤਰ' ਲੋਕ ਦਲ (ਬ) ਦੇ ਆਗੂ ਸ੍ਰੀ ਦੇਵੀ ਲਾਲ ਦੇ ਪੁੱਤਰ ਸ੍ਰੀ ਰਣਜੀਤ ਸਿੰਘ ਨੇ ਆਪਣੇ ਪਿਤਾ ਦੀ 'ਲਹਿਰ' ਦਾ ਲਾਭ ਉਠਾਉਂਦਿਆਂ ਰੋਰੀ ਦੀ ਸੀਟ ਜਿੱਤ ਲਈ। ਪਰ ਕਾਂਗਰਸ (ਇ) ਮਹਾਂਰਥੀਆਂ ਦੇ ਪੁੱਤਰ ਆਪਣੇ ਪਿਤਾਵਾਂ ਵਾਂਗ ਹੀ ਲੋਕ ਦਲ (ਬ)-ਭਾਜਪਾ ਹੜ੍ਹ ਵਿਚ ਰੁੜ ਗਏ। ਸਾਬਕਾ ਮੁਖ ਮੰਤਰੀ ਸ੍ਰੀ ਭਗਵਤ ਦਿਆਲ ਦਾ ਲੜਕਾ ਰਾਜੇਸ਼ ਸ਼ਰਮਾ, ਲੇਬਰ ਰਾਜ ਮੰਤਰੀ ਯਮਨਾਨਗਰ ਵਿਚ ਭਾਜਪਾ ਦੀ ਡਾ. ਕਮਲਾ ਵਰਮਾ ਤੋਂ ਹਾਰ ਗਿਆ। ਸਾਬਕ ਮੁਖ ਮੰਤਰੀ ਸ੍ਰੀ ਰਾਓ ਬਰਿੰਦਰ ਸਿੰਘ ਦਾ ਲੜਕਾ ਇੰਦਰਜੀਤ ਸਿੰਘ ਰਾਜ ਮੰਤਰੀ ਖੁਰਾਕ ਤੇ ਸਪਲਾਈ ਜਾਦੂਸਾਨਾ ਹਲਕੇ ਵਿਚ ਲੋਕ ਦਲ (ਬ) ਦੇ ਨਰਬੀਰ ਸਿੰਘ ਹੱਥੋਂ ਹਾਰ ਖਾ ਗਿਆ।

ਸ੍ਰੀ ਚਿਰੰਜੀ ਲਾਲ ਸ਼ਰਮਾ ਐਮ ਪੀ ਦਾ ਲੜਕਾ ਆਸ਼ੋਕ ਸ਼ਰਮਾ ਕਲਿਆਨਾ ਵਿਚ ਲੋਕ ਦਲ (ਬ) ਹੱਥੋਂ ਪਿਟ ਗਿਆ। ਹਰਿਆਣਾ ਇੰਕਾ ਦੇ ਪ੍ਰਧਾਨ ਸ੍ਰੀ ਹਰਪਾਲ ਸਿੰਘ ਦਾ ਲੜਕਾ ਪਰਮਵੀਰ ਟੋਹਾਨਾ ਹਲਕੇ ਵਿਚ ਸੀ ਪੀ ਐਮ ਦੇ ਹਰਪਾਲ ਸਿੰਘ ਹੱਥੋਂ ਹਾਰ ਗਿਆ। ਸ੍ਰੀ ਰਹੀਮ ਖਾਂ ਐਮ ਪੀ ਦਾ ਲੜਕਾ ਸਾਬਕਾ ਮੰਤਰੀ ਸ੍ਰੀ ਖੁਰਸ਼ੀਦ ਅਹਿਮਦ ਲੋਕ ਦਲ (ਬ) ਹੱਥੋਂ ਬੁਰੀ ਤਰ੍ਹਾਂ ਹਾਰਿਆ।

— ਧਰਮਵੀਰ ਸਿੰਘ ਲੋਕ ਦਲ (ਬ) ਨੇ ਤੋਸ਼ਾਮ ਹਲਕੇ ਵਿਚ ਹਰਿਆਣਾ ਦੇ ਮੁਖ ਮੰਤਰੀ ਸ੍ਰੀ ਬੰਸੀ ਲਾਲ ਨੂੰ 2000 ਤੋਂ ਵੱਧ ਵੋਟਾਂ ਦੇ ਫਰਕ ਨਾਲ ਹਰਾਇਆ। — ਮਾਂਗੇ ਰਾਮ (ਲੋਕ ਦਲ ਬ) ਬਹਾਦਰਗੜ੍ਹ ਹਲਕੇ ਤੋਂ ਚੋਣ ਜਿੱਤ ਗਏ। ਉਨ੍ਹਾਂ ਇੰਕਾ ਦੇ ਰਿਵਾਲ ਮਿਹਰ ਸਿੰਘ ਨੂੰ 25000 ਤੋਂ ਵੱਧ ਵੋਟਾਂ ਦੇ ਫਰਕ ਨਾਲ ਹਰਾਇਆ। — ਲੋਕ ਦਲ (ਬ) ਦੇ ਵਾਸੂਦੇਵ ਮੁੰਧਲ ਖੁਰਦ ਤੋਂ ਆਪਣੇ ਨਿਕਟ ਵਿਰੋਧੀ ਇੰਕਾ ਦੇ ਚਤਰ ਸਿੰਘ ਨੂੰ 8000 ਤੋਂ ਵੱਧ ਵੋਟਾਂ ਦੇ ਫਰਕ ਨਾਲ ਹਰਾ ਕੇ ਸਫਲ ਹੋਏ।

— ਲੋਕ ਦਲ (ਬ) ਦੇ ਬੂਟਾ ਸਿੰਘ ਗੂਹਲਾ (ਰਿਜ਼ਰਵ) ਹਲਕੇ ਤੋਂ ਚੋਣ ਜਿੱਤ ਗਏ। ਉਹਨਾਂ ਇੰਕਾ ਦੇ ਦਿਲੂ ਰਾਮ ਨੂੰ 26600 ਵੋਟਾਂ ਦੇ ਫਰਕ ਨਾਲ ਹਰਾਇਆ। — ਰਤਨ ਲਾਲ ਕਟਾਰੀਆ (ਭਾਜਪਾ) ਰਦੌਰ (ਰਿਜ਼ਰਵ) ਹਲਕੇ ਤੋਂ ਆਜ਼ਾਦ ਉਮੀਦਵਾਰ ਲਹਿਰੀ ਸਿੰਘ ਨੂੰ 20600 ਵੋਟਾਂ ਨਾਲ ਹਰਾ ਕੇ ਚੋਣ ਜਿੱਤ ਗਿਆ। — ਇੰਕਾ ਦੇ ਮਹਿੰਦਰ ਪ੍ਰਤਾਪ ਸਿੰਘ ਮੇਵਲਾ ਮਹਾਰਜਪੁਰ ਤੋਂ ਚੋਣ ਜਿੱਤ ਗਏ। ਉਨ੍ਹਾਂ ਇਕ ਨਿਕਟ-ਵਿਰੋਧੀ ਜਗਰਾਜ ਬਹਾਦਰ (ਆਜ਼ਾਦ) ਨੂੰ 19700 ਵੋਟਾਂ ਦੇ ਫਰਕ ਨਾਲ ਹਰਾਇਆ। — ਧੀਰ ਪਾਲ ਲੋਕ ਦਲ (ਬ) ਬਾਦਲੀ ਹਲਕੇ ਤੋਂ ਇੰਕਾ ਦੇ ਮਨਫੂਲ ਸਿੰਘ ਨੂੰ ਹਰਾ ਕੇ ਸਫਲ ਹੋ ਗਏ। — ਸ੍ਰੀ ਕੁੰਦਨ ਲਾਲ ਭਾਟੀਆ (ਭਾਜਪਾ) ਫਰੀਦਾਬਾਦ ਤੋਂ ਚੋਣ ਜਿੱਤ ਗਏ। ਉਨ੍ਹਾਂ ਜੇਲ੍ਹਾਂ ਅਤੇ ਜਨਸਿਹਤ ਮੰਤਰੀ ਸ੍ਰੀ ਏ ਸੀ ਚੌਧਰੀ ਨੂੰ ਹਰਾਇਆ।

— ਸ੍ਰੀ ਹਰੀ ਸਿੰਘ ਲੋਕ ਦਲ (ਬ) ਨੇ ਹਿਸਾਰ ਹਲਕੇ ਤੋਂ ਇੰਕਾ ਦੇ ਓ ਪੀ ਮਹਾਜਨ ਨੂੰ 13600 ਵੋਟਾਂ ਦੇ ਫਰਕ ਨਾਲ ਹਰਾ ਕੇ ਜਿੱਤਿਆ।

ਨੀਲੋਖੇੜੀ ਹਲਕੇ ਤੋਂ ਸ੍ਰੀ ਜੇ ਸਿੰਘ (ਆਜ਼ਾਦ) ਆਪਣੇ ਨਿਕਟ-ਵਿਰੋਧੀ ਇੰਕਾ ਦੇ ਚੰਦਾ ਸਿੰਘ ਨੂੰ ਹਰਾ ਕੇ 3700 ਵੋਟਾਂ ਦੇ ਫਰਕ ਨਾਲ ਜਿੱਤਿਆ

ਬਾਕੀ ਪੰਨਾ 3 'ਤੇ

# ਡਾਕ ਕਾਮਿਆਂ ਦੀ ਹੜਤਾਲ ਤਨਾਅ-ਭਰਪੂਰ ਜਾਰੀ

ਵੈਨਕੂਵਰ — ਲੋਅਰ ਮੇਨਲੈਂਡ ਦੇ ਸਾਰੇ ਥਾਵਾਂ ਉਪਰ 1300 ਡਾਕ ਕਾਮਿਆਂ ਵਲੋਂ ਮੁਕੰਮਲ ਹੜਤਾਲ ਦੀ ਸ਼ੁਰੂਆਤ ਨਾਲ ਪਿਕਟਾਂ ਉਪਰ ਛੋਟੀਆਂ ਮੋਟੀਆਂ ਖਿਚੋਤਾਣ ਦੀਆਂ ਘਟਨਾਵਾਂ ਵੀ ਵਾਪਰੀਆਂ ਹਨ। ਮੁਖ ਪੋਸਟ ਆਫਿਸ ਉਪਰ ਡਲਿਵਰੀ ਟਰੱਕਾਂ ਨੇ ਕਾਮਿਆਂ ਦੀ ਪਿਕਟ ਨੂੰ ਜਬਰਦਸਤੀ ਤੋੜ ਦਿਤਾ। ਇਸ ਤੋਂ ਬਿਨਾਂ ਕੈਨੇਡਾ ਦੇ ਹੋਰ ਸ਼ਹਿਰਾਂ ਵਿਚ ਵੀ ਗ੍ਰਿਫਤਾਰੀਆਂ ਤੇ ਤਨਾਅ ਪੂਰਨ ਘਟਨਾਵਾਂ ਹੋਈਆਂ ਹਨ।

ਯੂਨੀਅਨ ਦੇ ਬੁਲਾਰੇ ਦੇ ਬਿਆਨ ਮੁਤਾਬਕ ਉਹ ਹੜਤਾਲ ਭੰਗ ਕਰਨ ਦੇ ਸਾਰੇ ਯਤਨਾਂ ਦੇ ਵਿਅਕਤੀਆਂ ਦਾ ਮੁਕਾਬਲਾ ਕਰਨ ਲਈ ਤਿਆਰ ਹਨ। ਕੌਮੀ ਪੱਧਰ ਤੇ ਹੀ ਸਾਰੇ ਕਾਮਿਆਂ ਨੂੰ ਕੰਮ ਤੋਂ ਹਟਣ ਦੀਆਂ ਹਿਦਾਇਤਾਂ ਦੇ ਦਿੱਤੀਆਂ ਗਈਆਂ ਹਨ।

ਹੁਣ ਤੱਕ ਹੜਤਾਲ ਫਰੇਜ਼ਰ ਵੈਲੀ ਦੇ ਸਰੀ, ਡੈਲਟਾ, ਮਿਸ਼ਨ, ਮੇਪਲ ਰਿਜ਼, ਐਬਟਸਫੋਰਡ, ਚਿਲਾਵੈਕ, ਲੈਂਗਲੀ ਪੋਰਟ ਕੁਕਿਟਲਮ ਅਤੇ ਵਾਈਟ ਰੌਕ ਤੱਕ ਫੈਲ ਚੁਕੀ ਹੈ। ਪਿਕਟ ਲਾਈਨਾਂ ਤੇ ਹੋਈਆਂ ਘਟਨਾਵਾਂ ਦੇ ਸਿੱਟੇ ਵਜੋਂ ਲੇਬਰ ਮੰਤਰੀ ਨੌਵੇਂ ਦਿਨ 'ਚ ਦਾਖਲ ਹੋਈ ਹੜਤਾਲ ਦਾ ਹੱਲ ਲੱਭਣ ਵਾਸਤੇ ਮੀਡੀਏਟਰ ਨਿਯੁਕਤ ਵੀ ਨਹੀਂ ਕੀਤਾ। ਕੈਨੇਡਾ ਪੋਸਟ ਤੇ ਯੂਨੀਅਨ ਨੂੰ ਆਪਸ ਵਿਚ ਹੀ ਸੈਟਲ ਕਰਨ ਨੂੰ ਕਹਿ ਕੇ ਮਨਿਸਟਰ ਨੇ ਮੀਡੀਏਟਰ ਤੋਂ ਇਨਕਾਰ ਕਰ ਦਿੱਤਾ ਹੈ। ਇਸ ਹੜਤਾਲ ਦੀਆਂ ਥਾਵਾਂ ਉਪਰ ਹਿੰਸਾ ਹੋਣ ਕਰਕੇ ਹੀ ਕੈਨੇਡਾ ਪੋਸਟ ਦੇ ਸੌਦੇਬਾਜ਼ੀ ਬਾਰੇ ਨੁਮਾਇੰਦੇ ਹੈਰਲਡ ਡਨਸਟੈਨ ਨੇ ਸਰਕਾਰ ਤੋਂ ਮੀਡੀਏਟਰ ਅਤੇ ਯੂਨੀਅਨ ਤੋਂ ਇਕ ਹਫਤੇ ਲਈ ਹੜਤਾਲ ਰੋਕਣ ਵਾਰੇ ਮੰਗ ਕੀਤੀ ਸੀ। ਯੂਨੀਅਨ ਦੀ ਸਹਿਮਤੀ ਹੋਣ ਦੇ ਬਾਵਜੂਦ ਸਰਕਾਰ ਦੇ ਰਵੱਈਏ ਨੇ ਦੋਵੇਂ ਧਿਰਾਂ ਮਾਮਲਾ ਨਜਿੱਠਣ ਬਾਰੇ ਹੈਰਾਨੀ 'ਚ ਪਾ ਦਿੱਤਾ ਹੈ।

ਤਾਜੀਆਂ ਖਬਰਾਂ ਅਨੁਸਾਰ ਪ੍ਰਿੰਸ ਜਾਰਜ ਵਿਚ ਦੋ ਔਰਤ ਕਾਮਿਆਂ ਨੂੰ ਹਸਪਤਾਲ ਪੁਚਾਇਆ ਗਿਆ। ਇਕ ਦੀ ਹਾਲਤ ਤਸੱਲੀਬਖਸ਼ ਹੈ ਪਰ ਦੂਜੀ ਨੂੰ ਹੱਡੀਆਂ ਟੁੱਟਣ ਤੇ ਹੋਰ ਸੱਟਾਂ ਦਾ ਸ਼ੰਕਾ ਹੈ। ਪੁਲੀਸ ਦੇ ਬਿਆਨ ਮੁਤਾਬਕ ਇਕ 26 ਸਾਲਾ ਟਰੱਕ ਡਰਾਈਵਰ ਨੇ ਬੁੱਧਵਾਰ 7.45 ਸ਼ਾਮ ਨੂੰ ਪਿਕਟ ਦੀ ਉਲੰਘਣਾ ਕਰਦਾ ਦੋ ਔਰਤਾਂ ਨੂੰ ਸੱਟਾਂ ਮਾਰ ਗਿਆ। 25 ਕਾਮੇ ਪਿਕਟ ਕਰ ਰਹੇ ਸਨ। ਇਸ ਘਟਨਾ ਦੇ ਸਿਟੇ ਵਜੋਂ ਮਜ਼ਦੂਰ ਨੇਤਾ ਬਹੁਤ ਗੁੱਸੇ ਨਾਲ ਭਰ ਗਏ ਹਨ। ਕੈਨੇਡੀਅਨ ਲੇਬਰ ਕਾਂਗਰਸ ਦੇ ਨੁਮਾਇੰਦੇ ਲੈਨ ਨੈਲਸਨ ਨੇ ਘਟਨਾ ਦੇ ਮੌਕੇ ਦੀ ਗਵਾਹੀ ਭਰਦਿਆਂ ਪ੍ਰੈਸ ਨੂੰ ਦੱਸਿਆ ਹੈ ਕਿ ਇਥੇ ਮੌਤ ਵੀ ਹੋ ਸਕਦੀ ਸੀ। ਮੈਂ ਸਾਰੀ ਮਜ਼ਦੂਰ ਲਹਿਰ ਦੇ ਆਪਣੇ ਦੇਖਣ ਵਿਚ ਅਜਿਹਾ ਕਦੇ ਨਹੀਂ ਵੇਖਿਆ।

ਕੈਨੇਡਾ ਪੋਸਟ ਵਲੋਂ ਹੜਤਾਲ ਭੰਗ ਕਰਨ ਵਾਲੇ ਵਿਅਕਤੀਆਂ ਨੂੰ ਕੰਮ ਤੇ ਲਾਕੇ ਡੰਗ ਟਪਾਊ ਕੰਮ ਚਲਾਉਣ ਦੀ ਕੋਸ਼ਿਸ਼ ਜਾਰੀ ਹੈ। ਮਹਿਕਮੇ ਦੇ ਬੁਲਾਰੇ ਮਾਈਕ ਬਰੈਡਸ਼ਾਅ ਨੇ ਕਿਹਾ ਹੈ ਕਿ ਯੂਨੀਅਨ ਕਾਨੂੰਨੀ ਹੜਤਾਲਾਂ ਦੇ ਸਾਰੇ ਨਿਯਮਾਂ ਦੀ ਉਲੰਘਣਾ ਕਰਕੇ ਭੜਕਾਹਟ ਕਰਾ ਰਹੀ ਹੈ। ਪਰ ਡਾਕ ਮਜ਼ਦੂਰਾਂ ਦੇ ਨੁਮਾਇੰਦੇ ਰੇਅ ਐਂਡਰਸ ਨੇ ਕਿਹਾ ਹੈ ਕਿ ਮਹਿਕਮਾ ਸਾਡੀਆਂ ਪਿਕਟ ਲਾਈਨਾਂ ਤੋੜਨ ਕਰਕੇ ਗਲਤੀ ਕਰ ਰਿਹਾ ਹੈ। ਡੈਲਟਾ ਵਿਚ ਵੀ ਪੁਲੀਸ ਵਲੋਂ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਚਾਰਜ ਕਰਨ ਦਾ ਢੰਗ ਅਪਣਾਇਆ ਗਿਆ ਹੈ।

ਯੂਨੀਅਨ ਵਿਰੁੱਧ ਪਿਕਟਾਂ ਦੀ ਗਿਣਤੀ ਬਾਰੇ ਵੀ ਕੋਰਟ ਵਲੋਂ ਇਜੰਕਸ਼ਨ ਲਾਗੂ ਕੀਤਾ ਗਿਆ ਹੈ। ਮੰਗਲਵਾਰ ਤੋਂ ਪਹਿਲਾਂ ਸਾਰੇ ਥਾਵਾਂ ਤੇ ਅਣਗਿਣਤ ਕਾਮੇ ਪਿਕਟ ਲਾ ਦਿੰਦੇ ਸਨ ਕਿਉਂਕਿ ਉਹ ਸਮਝਦੇ ਸਨ ਕਿ ਕੋਰਟ ਦਾ ਹੁਕਮ ਵੈਨਕੂਵਰ ਤੇ ਨਿਊਵੈਸਟ ਤੋਂ ਬਿਨਾਂ ਹੋਰ ਕਿਤੇ ਲਾਗੂ ਨਹੀਂ ਹੁੰਦਾ।

# ਫਾਰਮਾਂ ਵਿਚ ਫਲ ਤੋੜੋ ਨਹੀਂ ਵੈਲਫੇਅਰ ਬੰਦ

ਸੋਸ਼ਲ ਸਰਵਿਸਜ਼ ਮਨਿਸਟਰ ਰਿਚਮੰਡ ਕਲਾਡ ਨੇ ਪਿਛਲੇ ਹਫਤੇ ਇਕ ਬਿਆਨ ਵਿਚ ਕਿਹਾ ਹੈ ਕਿ ਜੇ ਐਤਕੀਂ ਵੈਲਫੇਅਰ ਦੀਆਂ ਚਿਕਾਂ ਲੈਣ ਵਾਲੇ ਫਾਰਮਾਂ ਵਿਚ ਕੰਮ ਨਾ ਕਰਨਗੇ, ਤਾਂ ਉਹ ਕਟੌਤੀ ਦਾ ਸਾਹਮਣਾ ਕਰਨਗੇ। ਫਰੇਜ਼ਰ ਵੈਲੀ ਤੇ ਓਕਨਾਨਾਗਨ ਵਿਚ ਫਲ ਤੋੜਨ ਦਾ ਸੀਜ਼ਨ ਆਰੰਭ ਹੋਣ ਕਰਕੇ ਸਰਕਾਰ ਨੇ ਸਾਰੇ ਵੈਲਫੇਅਰ ਲੈਣ ਵਾਲਿਆਂ ਨੂੰ ਕੰਮ ਲੱਭਣ ਲਈ ਕਿਹਾ ਹੈ।

ਪਰ ਫਾਰਮ ਵਰਕਰਜ਼ ਯੂਨੀਅਨ ਦੇ ਪ੍ਰਧਾਨ ਨੇ ਕਿਹਾ ਕਿ ਕੰਮ ਚਾਹੁਣ ਵਾਲਿਆਂ ਲਈ ਤਾਂ ਅੱਗੇ ਹੀ ਜੌਬਾਂ ਨਹੀਂ ਮਿਲਦੀਆਂ। ਕਿਉਂਕਿ ਲੋਕ ਹੋਰ ਕੰਮਾਂ ਤੋਂ ਵਿਹਲੇ ਹੋਣ ਕਾਰਨ ਹੁਣ ਪਰਵਾਰਾਂ ਨਾਲ ਫਾਰਮਾਂ ਵਿਚ ਚਲੇ ਜਾਂਦੇ ਹਨ। ਇਸ ਕਰਕੇ ਮਜ਼ਦੂਰਾਂ ਦੀ ਗਿਣਤੀ ਬਹੁਤ ਵਧ ਗਈ ਹੈ। ਸਰਵਣ ਬੋਲ ਦੇ ਕਹਿਣ ਮੁਤਾਬਕ ਇਥੋਂ ਤੱਕ ਠੇਕੇਦਾਰਾਂ ਨੇ ਬਹੁਤੇ ਕਾਮਿਆਂ ਨੂੰ ਬੱਸਾਂ ਜਾਂ ਵੈਨਾਂ ਤੇ ਲਿਜਾਣ ਤੋਂ ਜਵਾਬ ਦੇ ਦਿੱਤਾ ਹੈ। ਕੰਮ ਤੇ ਲੱਗੇ ਕਾਮਿਆਂ ਲਈ ਹੀ ਪੂਰਾ ਕੰਮ ਨਹੀਂ ਮਿਲ ਰਿਹਾ।

ਪ੍ਰੀਮੀਅਰ ਵੈਂਡਰ ਜ਼ਾਮ ਨੇ ਵੀ 1975 ਵਿਚ ਵੈਲਫੇਅਰ ਮੰਤਰੀ ਹੋਣ ਵੇਲੇ ਕਿਹਾ ਸੀ, "ਜੇ ਕੋਈ ਕੰਮ ਕਰਨ ਦੇ ਯੋਗ ਹੈ, ਪਰ ਸ਼ਾਵਲ ਚੁੱਕਣ ਤੋਂ ਜਵਾਬ ਦੇਵੇ ਤਾਂ ਉਸ ਨਾਲ ਨਜਿਠਣ ਦੇ ਅਸੀਂ ਢੰਗ ਵਰਤਾਂਗੇ।" ਸੋ ਅਜੋਕੇ ਮੰਤਰੀ ਨੇ ਵੀ ਉਸੇ ਢੰਗ ਨਾਲ ਕਿਹਾ ਹੈ ਕਿ ਫਲ ਤੋੜਨ ਦਾ ਕੰਮ ਇਕ ਉਦਾਹਰਣ ਵਜੋਂ ਹੈ, ਜਦੋਂ ਕੰਮ ਮਿਲੇ ਤਾਂ ਕਰੋ।

ਪੰਨਾ 2 ਦੀ ਬਾਕੀ

ਹਜ਼ੂਰ ਚੰਦ ਲੋਕ ਦਲ (ਬ) ਸਰਸਾ ਤੋਂ ਇੰਕਾ ਉਮੀਦਵਾਰ ਲੋਕਲ-ਗੌਰਮਿੰਟ ਮੰਤਰੀ ਸ੍ਰੀ ਲਛਮਣ ਦਾਸ ਅਰੋੜਾ ਨੂੰ 5600 ਵੋਟਾਂ ਦੇ ਫਰਕ ਨਾਲ ਹਰਾਕੇ ਸਫਲ ਹੋ ਗਏ। — ਰਘੂ ਯਾਦਵ ਲੋਕ ਦਲ (ਬ) ਰਿਵਾੜੀ ਸੀਟ ਤੋਂ ਸਫਲ ਕਰਾਰ ਦਿਤੇ ਗਏ। — ਹੀਰਾ ਨੰਦ ਆਰੀਆ ਲੋਕ ਦਲ (ਬ) ਲੋਹਾਰੂ ਤੋਂ ਇੰਕਾ ਦੇ ਮਾਸਟਰ ਤੁਲਸੀ ਰਾਮ ਨੂੰ 2500 ਤੋਂ ਵੱਧ ਵੋਟਾਂ ਦੇ ਫਰਕ ਨਾਲ ਹਰਾ ਕੇ ਸਫਲ ਹੋਏ। — ਰਾਮ ਸਿੰਘ ਮਾਨ ਲੋਕ ਦਲ (ਬ) ਨੇ ਬੱਧਰਾ ਹਲਕੇ ਵਿਚ ਇੰਕਾ ਦੇ ਅਤਰ ਸਿੰਘ ਨੂੰ ਹਰਾਇਆ। — ਹੁਕਮ ਸਿੰਘ ਲੋਕ ਦਲ (ਬ) ਨੇ ਦਾਦਰੀ ਹਲਕੇ ਤੋਂ ਆਪਣੇ ਨਿਕਟ ਵਿਰੋਧੀ ਇੰਕਾ ਦੇ ਕਰਨਲ ਰਿਸਾਲ ਸਿੰਘ ਨੂੰ 9400 ਵੋਟਾਂ ਦੇ ਫਰਕ ਨਾਲ ਹਰਾਇਆ।

ਮਨਫੂਲ ਸਿੰਘ ਲੋਕ ਦਲ (ਬ) ਨੇ ਅਸੰਧ (ਰਿਜ਼ਰਵ) ਹਲਕੇ ਵਿਚ [illegible] (ਬ) ਸਾਲਹਵਾਸ ਹਲਕੇ ਤੋਂ ਇੰਕਾ ਦੇ ਰਾਜ ਸਿੰਘ ਨੂੰ 22000 ਤੋਂ ਵੱਧ ਵੋਟਾਂ ਦੇ ਫਰਕ ਨਾਲ ਹਰਾਕੇ ਚੋਣ ਜਿੱਤ ਗਏ। — ਆਤਮਾ ਰਾਮ ਲੋਕ ਦਲ (ਬ) ਘਿਰਾਏ ਹਲਕੇ ਤੋਂ ਅਸੰਬਲੀ ਦੀ ਚੋਣ ਜਿੱਤ ਗਏ। ਉਨ੍ਹਾਂ ਆਪਣੇ ਨਿਕਟ ਵਿਰੋਧੀ ਆਜ਼ਾਦ ਉਮੀਦਵਾਰ ਨੂੰ 20000 ਵੋਟਾਂ ਦੇ ਫਰਕ ਨਾਲ ਹਰਾਇਆ। — ਲਛਮਣ ਸਿੰਘ ਲੋਕ ਦਲ (ਬ) ਇੰਦਰੀ ਹਲਕੇ ਤੋਂ 19300 ਵੋਟਾਂ ਵਧੇਰੇ ਲੈ ਕੇ ਸਫਲ ਹੋ ਗਏ। — ਨਾਰਕੌਲ ਹਲਕੇ ਤੋਂ ਲੋਕ ਦਲ (ਬ) ਦੇ ਸ੍ਰੀ ਵਰਿੰਦਰ ਸਿੰਘ ਚੋਣ ਜਿੱਤ ਗਏ।

# ਮਿ: ਮੋਅ ਸਹੋਤਾ ਵਲੋਂ ਬਹੁ-ਸਭਿਅਕ ਕਾਨਫਰੰਸ 'ਚ ਭਾਸ਼ਨ

ਵਿਕਟੋਰੀਆ — ਬੀ. ਸੀ. ਐਨ. ਡੀ. ਪੀ. ਦੇ ਦਫਤਰ ਤੋਂ ਮਿਲੀ ਪ੍ਰੈਸ ਰੀਲੀਜ਼ ਅਨੁਸਰ ਨਿਊ ਡੈਮੋਕਰੈਟ ਐਮ. ਐਲ. ਏ. ਮਿ: ਮੋਅ ਸਹੋਤਾ ਨੇਟਿਵ ਅਤੇ ਏਸ਼ੀਅਨ ਕੈਨੇਡੀਅਨਾਂ ਬਾਰੇ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਹਨ। ਇਸ ਕਾਨਫਰੰਸ ਨੂੰ ਕਈ ਬਹੁ-ਸਭਿਅਕ ਗਰੁਪਾਂ ਅਤੇ ਲੋਅਰ ਮੇਨਲੈਂਡ ਦੇ 'ਯੂਨਾਈਟਿਡ ਵੇਅ' ਵਲੋਂ ਸਪੌਂਸਰ ਕੀਤਾ ਗਿਆ ਹੈ।

ਇਹ ਕਾਨਫਰੰਸ ਨੂੰ "ਪ੍ਰਫੁਲਤ ਹੋ ਰਹੇ ਏਸ਼ੀਅਨ ਤੇ ਨੇਟਿਵ ਕੈਨੇਡੀਅਨ" ਫੋਰਮ ਦਾ ਨਾਂ ਦਿੱਤਾ ਗਿਆ ਹੈ। ਇਸ ਵਿਚ ਨਾਮਵਰ ਏਸ਼ੀਅਨ ਤੇ ਨੇਟਿਵਾਂ ਦੀ ਦੇਣ ਬਾਰੇ ਗੱਲਬਾਤ ਹੋਵੇਗੀ। ਬੀ. ਸੀ. ਕੰਪਲੈਕਸ ਵਿਚ ਡਿਸਕਵਰੀ ਥੇਟਰ ਵਿਖੇ 24 ਤੇ 25 ਜੂਨ ਨੂੰ ਇਹ ਦੋ ਦਿਨਾਂ ਕਾਨਫਰੰਸ ਹੋਵੇਗੀ। ਮਿ: ਸਹੋਤਾ ਨੇ ਬੁੱਧਵਾਰ 24 ਜੂਨ ਨੂੰ ਦਿਨੇ 11 ਵਜੇ ਬੋਲਣਾ ਹੈ। ਮਿ: ਸਹੋਤਾ, ਜੋ ਕਿ ਨਿਊ ਡੈਮੋਕਰੈਟ ਅਟਾਰਨੀ ਜਨਰਲ ਅਲੋਚਕ ਹਨ, ਕੈਨੇਡੀਅਨ ਪਾਰਲੀਮੈਂਟ ਸੰਸਥਾਵਾਂ ਵਿਚੋਂ ਪਹਿਲੀ ਵਾਰੀ ਚੁਣੇ ਗਏ ਭਾਰਤੀ ਐਮ. ਐਲ. ਏ. ਹਨ।

ਮਿ: ਸਹੋਤਾ ਦੇ ਕਹਿਣ ਅਨੁਸਾਰ ਅਜਿਹੀ ਕਾਨਫਰੰਸ ਨੂੰ ਸੰਬੋਧਨ ਕਰਨਾ ਮੇਰੇ ਲਈ ਮਾਣ ਵਾਲੀ ਗੱਲ ਹੈ। ਸਾਰੇ ਏਸ਼ੀਅਨ ਕੈਨੇਡਾ ਵਾਸੀਆਂ ਨੂੰ ਇਸ ਦੇਸ਼ ਨੂੰ ਉਸਾਰਨ ਵਿਚ ਪਾਏ ਯੋਗਦਾਨ ਉਤੇ ਮਾਣ ਹੈ। ਭਾਰਤੀ ਲੋਕਾਂ ਲਈ ਹੋਰ ਵੀ ਮਾਣ ਵਾਲੀ ਗੱਲ ਇਹ ਹੈ ਕਿ ਕੈਨੇਡਾ ਦੇ ਸਮਾਜ ਵਿਚ ਸੰਮਿਲਤ ਹੋ ਕੇ ਵੀ ਖਾਸ ਕਰਕੇ ਆਪਣੇ ਰਹਿਣ ਢੰਗ ਅਤੇ ਵਿਰਸੇ ਨੂੰ ਕਾਇਮ ਰੱਖਿਆ ਹੈ। ਇਸ਼ ਦੇ ਨਾਲ ਨਾਲ ਨੇਟਿਵ ਅਤੇ ਏਸ਼ੀਅਨ ਕੈਨੇਡੀਅਨਾਂ ਨੂੰ ਇਸ ਗੱਲ ਦੀ ਵੀ ਚੇਤੰਨਤਾ ਹੈ ਕਿ ਸਾਡੀਆਂ ਦਰਪੇਸ਼ ਮੁਸ਼ਕਲਾਂ ਅਤੇ ਚੁਣੌਤੀਆਂ ਵੀ ਸਾਂਝੀਆਂ ਹਨ।

ਡੰਕਨ ਵਿਚ ਜਨਮ ਲੈ ਕੇ ਮਿ: ਸਹੋਤਾ ਨੇ ਯੂ. ਬੀ. ਸੀ. ਤੇ ਵਿਕਟੋਰੀਆ ਯੂਨੀਵਰਸਿਟੀ ਤੋਂ ਪੜ੍ਹ ਕੇ ਲਾਅ ਦੀ ਡਿਗਰੀ ਪ੍ਰਾਪਤ ਕੀਤੀ ਹੈ। ਆਪ ਕਾਨੂੰਨੀ ਪ੍ਰੈਕਟਿਸ ਕਰਨ ਲੱਗੇ ਅਤੇ ਐਸਕੁਐਮਾਲਟ ਵਿਚ ਐਲਡਰਮੈਨ 1984 ਨੂੰ ਚੁਣੇ ਗਏ ਸਨ। ਪਿਛਲੀਆਂ ਅਸੈਂਬਲੀ ਚੋਣਾਂ ਵਿਚ ਆਪ ਐਮ. ਐਲ. ਏ. ਚੁਣੇ ਗਏ।

ਇਸ ਕਾਨਫਰੰਸ ਨੂੰ ਏਸ਼ੀਅਨ ਪੈਸਿਫਿਕ ਫੈਸਟੀਵਲ ਸੁਸਾਇਟੀ, ਐਮਸਾ (AMSSA) ਅਤੇ ਲੋਅਰਮੇਨਲੈਂਡ ਦੀ ਯੂਨਾਈਟਿਡ ਵੇਅ ਸੰਸਥਾਵਾਂ ਵਲੋਂ ਸਪੌਂਸਰ ਕੀਤਾ ਗਿਆ ਹੈ।

# ਸਰਦੀਆਂ ਦੀ ਓਲੰਪਿਕ 'ਚ 52 ਦੇਸ਼ ਭਾਗ ਲੈਣਗੇ

[illegible] ਵਿਚ 52 ਦੇਸ਼ਾਂ ਦੇ ਭਾਗ ਲੈਣ ਦੀ ਆਸ ਹੈ ਜੋ ਕਿ ਇਕ ਰਿਕਾਰਡ ਹੈ। ਫਰਵਰੀ 88 ਵਿਚ ਹੋ ਰਹੀਆਂ ਖੇਡਾਂ ਵਿਚ ਭਾਗ ਲੈਣ ਵਾਲੇ ਦੇਸ਼ਾਂ ਦੀ ਗਿਣਤੀ 1984 ਦੀਆਂ ਸਰਦੀਆਂ ਦੀ ਓਲੰਪਿਕ ਵਿਚ ਭਾਗ ਲੈਣ ਵਾਲੇ ਦੇਸ਼ਾਂ ਤੋਂ ਉਪਰ ਟੱਪ ਜਾਵੇਗੀ। 84 ਵਿਚ ਸਾਰਾਜੇਵੋ, ਯੋਗੋਸਲਾਵੀਆ, ਵਿਚ ਹੋਈਆਂ ਸਰਦੀਆਂ ਦੀਆਂ ਖੇਡਾਂ ਵਿਚ 49 ਦੇਸ਼ਾਂ ਦੀਆਂ ਟੀਮਾਂ ਨੇ ਭਾਗ ਲਿਆ ਸੀ। ਇਹਨਾਂ ਖੇਡਾਂ ਵਿਚ ਭਾਗ ਲੈਣ ਬਾਰੇ ਜਿਹਨਾਂ ਦੇਸ਼ਾਂ ਨੇ ਪਿਛਲੇ ਹਫਤੇ ਐਲਾਨ ਕੀਤਾ ਹੈ ਉਹਨਾਂ ਵਿਚ ਸੋਵੀਅਤ, ਜਰਮਨ ਜਮਹੂਰੀ ਗਣਰਾਜ, ਪੱਛਮੀ ਜਰਮਨੀ, ਬੁਲੀਵੀਆ, ਚਿਲੀ, ਮੰਗੋਲੀਆ, ਟਰਕੀ, ਵਿਰਜ਼ਿਨ ਦੀਪ ਸਮੂਹ ਅਤੇ ਯੋਗੋਸਲਾਵੀਆ ਸ਼ਾਮਲ ਹਨ।

# ਪਾਠਕਾਂ ਨੂੰ ਬੇਨਤੀ

'ਕੈਨੇਡਾ ਦਰਪਣ' ਵਲੋਂ ਮੇਲ ਵਿਚ ਪਰਚਾ ਪ੍ਰਾਪਤ ਕਰਨ ਵਾਲੇ ਪਾਠਕਾਂ ਨੂੰ ਬੇਨਤੀ ਹੈ ਕਿ ਡਾਕ ਦੇ ਕਰਮਚਾਰੀਆਂ ਦੀ ਹੜਤਾਲ ਕਾਰਨ ਪਰਚਾ ਡਾਕ ਰਾਹੀਂ ਭੇਜਿਆ ਨਹੀਂ ਜਾ ਸਕੇਗਾ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਜਿਨਾਂ ਚਿਰ ਹੜਤਾਲ ਰਹੇਗੀ ਤੁਸੀਂ ਆਪਣੇ ਟਾਊਨ ਦੇ ਕਿਸੇ ਇਕ ਸਥਾਨ ਤੋਂ ਪਰਚਾ ਪ੍ਰਾਪਤ ਕਰ ਸਕੋਂ। ਅਸੀਂ ਇਸ ਮੁਸ਼ਕਲ ਲਈ ਖਿਮਾ ਚਾਹੁੰਦੇ ਹਾਂ।

ਜਿੰਨਾਂ ਪਾਠਕਾਂ ਦੇ ਚੰਦੇ ਨਵੇਂ ਜਾਂ ਪੁਰਾਣੇ ਆਏ ਹੋਏ ਹਨ, ਉਨ੍ਹਾਂ ਦਾ ਇਨਾ ਸਮਾਂ ਡਾਕ ਦੀ ਹੜਤਾਲ ਰਹਿਣ ਤੱਕ ਤੋਂ ਬਾਦ ਹੋਰ ਅਗੇ ਵਧਾ ਦਿੱਤਾ ਜਾਵੇਗਾ।

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

## ਸੰਪਾਦਕੀ

# ਹਰਿਆਣੇ ਦਾ ਲੋਕ ਫਤਵਾ

ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਵਿਚ ਹਾਕਮ ਕਾਂਗਰਸ ਪਾਰਟੀ ਮੂਧੇ ਮੂੰਹ ਡਿਗੀ ਹੈ। ਹਰਿਆਣੇ ਦੇ ਲੋਕਾਂ ਨੇ ਮੁੜ ਆਪਣੇ ਵਿਚਾਰਾਂ ਨੂੰ ਡਟ ਕੇ ਪ੍ਰਗਟ ਕੀਤਾ ਹੈ ਜੋ ਉਨ੍ਹਾਂ ਪੰਜ ਸਾਲ ਪਹਿਲਾਂ ਕੀਤੇ ਸਨ, ਪ੍ਰੰਤੂ ਭਜਨ ਲਾਲ ਵਲੋਂ ਲੋਕਾਂ ਨਾਲ ਦਗਾ ਕਰ ਜਾਣ ਨਾਲ, ਲੋਕ ਦਲ ਛੱਡ ਕੇ ਮੁੜ ਕਾਂਗਰਸ ਵਿਚ ਜਾਣ ਨਾਲ ਲੋਕਾਂ ਨੂੰ ਪੰਜ ਸਾਲਾਂ ਲਈ ਕਾਂਗਰਸ (ਆਈ) ਦਾ ਹੀ ਰਾਜ ਸਹਿਣਾ ਪਿਆ। ਇਹੋ ਕਾਰਨ ਸੀ ਕਿ ਮੌਕੇ ਤੇ ਭਜਨ ਲਾਲ ਨੂੰ ਬਦਲ ਕੇ ਬੰਸੀ ਲਾਲ ਦਾ ਭੁਲੇਖਾ ਪਾਇਆ ਗਿਆ ਸੀ।

ਦੇਖਣ ਵਾਲੀ ਗੱਲ ਇਹ ਹੈ ਕਿ ਭਾਵੇਂ ਦੇਵੀ ਲਾਲ ਵੀ ਪੁਰਾਣਾ ਕਾਂਗਰਸੀ ਹੈ, ਪਰ ਅੱਜ ਉਹ ਲੋਕ ਦਲ (ਬ) ਦੇ ਪਲੇਟ ਫਾਰਮ ਤੋਂ ਜੇਤੂ ਹੋਇਆ ਹੈ। ਕੀ ਉਹ ਇਸ ਸਾਲ ਦੇ ਸ਼ੁਰੂ ਵਿਚ ਪ: ਬੰਗਾਲ, ਕੇਰਲਾ ਆਦਿ ਵਿਧਾਨ ਸਭਾਵਾਂ ਵਿਚ ਕਾਂਗਰਸ ਪਾਰਟੀ ਦੀ ਹਾਰ ਤੋਂ ਆਰੰਭ ਹੋਈ, ਕਾਂਗਰਸ ਵਿਰੋਧੀ ਲਹਿਰ, ਹਰਿਆਣਾ ਵਿਚ ਹੂੰਝਾਫੇਰਦੀ ਹੋਈ, ਹੋਰਾਂ ਸੂਬਿਆਂ ਵਿਚ ਵੀ ਹੂੰਝਾ ਫੇਰ ਜਾਵੇਗੀ। ਰਾਜਨੀਤਕ ਦਰਸ਼ਕ ਏਸੇ ਵਿਚਾਰ ਦੇ ਹੀ ਹਨ। ਜੇ ਅਜਿਹਾ ਹੁੰਦਾ ਹੈ ਤਾਂ 1989 ਵਿਚ ਹੋਣ ਵਾਲੀਆਂ ਪਾਰਲੀਮੈਂਟਰੀ ਚੋਣਾਂ ਵਿਚ ਕੀ ਮੁੜ 1977 ਦੀ ਜਨਤਾ ਲਹਿਰ ਵਾਂਗੂੰ ਦੇਸ਼ ਭਰ ਵਿਚੋਂ ਕਾਂਗਰਸ ਰਾਜ ਦਾ ਅੰਤ ਹੋ ਜਾਵੇਗਾ?

ਹਾਲੇ ਤਾਂ ਇਹ ਸਭ ਕਿਆਸ ਅਰਾਈਆਂ ਹੀ ਹਨ ਪ੍ਰੰਤੂ ਜਾਪਦਾ ਏਹੋ ਹੀ ਹੈ ਕਿ ਰਾਜੀਵ ਦੀ ਨੌਜੁਆਨ ਲੀਡਰਸ਼ਿਪ ਦਾ ਜਾਦੂ ਆਪਣਾ ਅਸਰ ਗੁਆ ਬੈਠਾ ਹੈ। ਕੇਂਦਰੀ ਸਰਕਾਰ ਕਈ ਸਕੈਂਡਲਾਂ ਦੇ ਕਾਰਨ ਲੋਕਾਂ ਦੀਆਂ ਨਿਗਾਹਾਂ ਵਿਚ ਭਰਿਸ਼ਟ ਹੋ ਚੁਕੀ ਹੈ। ਪੰਜਾਬ ਦਾ ਮਸਲਾ ਓਥੇ ਹੀ ਲਟਕ ਰਿਹਾ ਹੈ। ਜਿਸ ਹਰਿਆਣੇ ਦੀ ਜਿੱਤ ਲਈ ਪੰਜਾਬ ਨੂੰ ਤੂਲ ਉਤੇ ਟੰਗਿਆ ਹੋਇਆ ਹੈ ਉਹ ਤਾਂ ਕਾਂਗਰਸ ਦੇ ਹੱਥੋਂ ਨਿਕਲ ਗਿਆ ਹੈ, ਕੀ ਹਾਲੇ ਵੀ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਲਈ ਲੌਂਗੋਵਾਲ-ਰਾਜੀਵ ਸਮਝੌਤਾ ਲਾਗੂ ਕਰਨ ਲਈ ਪੰਜਾਬ ਦੇ ਲੋਕਾਂ ਨੂੰ ਹੋਰ ਸਜ਼ਾ ਮਿਲਣੀ ਬਾਕੀ ਹੈ।

ਹਰਿਆਣਾ ਦੇ ਨਵੇਂ ਬਣੇ ਮੁਖ ਮੰਤਰੀ ਦੇਵੀ ਲਾਲ ਨੇ ਸਹੁੰ ਚੁੱਕਣ ਤੋਂ ਝਟ ਮਗਰੋਂ ਪ੍ਰੈਸ ਕਾਨਫਰੰਸ ਵਿਚ ਪੰਜਾਬ ਸਮਝੌਤੇ ਦਾ ਵਿਰੋਧ ਕੀਤਾ ਹੈ ਇਹ ਉਸ ਦੀ ਦੂਰਅੰਦੇਸ਼ੀ ਦਾ ਸਬੂਤ ਨਹੀਂ ਹੈ ਭਾਵੇਂ ਕਿ ਇਸ ਤਰ੍ਹਾਂ ਉਹ ਕੇਂਦਰ ਵਲੋਂ ਸਮਝੌਤਾ ਲਾਗੂ ਕੀਤੇ ਜਾਣ ਦੀ ਸੂਰਤ ਵਿਚ, ਲੋਕਾਂ ਨੂੰ ਆਪਣੇ ਨਾਲ ਜੋੜੀ ਰੱਖਣ ਦੇ ਦਾਅ ਵਜੋਂ ਹੀ ਵਰਤ ਰਿਹਾ ਹੋਵੇ। ਕਦੀ ਵੀ ਅਜਿਹੀ ਸਿਆਸਤ ਲੋਕਾਂ ਦੇ ਹਿਤਾਂ ਵਿਚ ਨਹੀਂ ਜਾ ਸਕਦੀ। ਦੇਸ਼ ਇਕ ਹੈ, ਸੂਬੇ ਸਿਰਫ ਲੋਕਾਂ ਦੇ ਵਧੇਰੇ ਚੰਗੇ ਢੰਗ ਨਾਲ ਵਿਕਾਸ ਕਰਨ ਦੇ ਖਿਆਲ ਨਾਲ ਉਨ੍ਹਾਂ ਦੀਆਂ ਸਭਿਆਚਾਰਕ ਲੋੜਾਂ ਨੂੰ ਧਿਆਨ ਵਿਚ ਰਖਦਿਆਂ ਬਣਾਏ ਗਏ ਸਨ, ਜਿਨ੍ਹਾਂ ਉਪਰ ਬਦਕਿਸਮਤੀ ਨੂੰ ਕੇਂਦਰ ਦੀ ਹਾਕਮ ਕਾਂਗਰਸ ਪਾਰਟੀ ਨੇ ਕਦੀ ਦਿਆਨਤਦਾਰੀ ਨਾਲ ਅਮਲ ਨਹੀਂ ਕੀਤਾ।

ਬਾਕੀ ਪੰਨਾ 5 'ਤੇ

# ਭਾਰਤ ਵਿਚ ਫਿਰਕੂ ਫਸਾਦਾਂ ਦੀ ਸਿਆਸਤ

ਸੁਰਿੰਦਰ ਸਿੰਘ ਤੇਜ

ਉਘੇ ਸਮਾਜ ਸ਼ਾਸਤਰੀ ਡਾ. ਆਸ਼ੀਸ਼ ਨੰਦੀ ਨੇ ਕੁਝ ਦਿਨ ਪਹਿਲਾਂ ਪੇਸ਼ੀਨਗੋਈ ਕੀਤੀ ਸੀ ਕਿ ਕੇਂਦਰ ਦੀ ਹੁਕਮਰਾਨ ਜਮਾਤ ਆਪਣੇ ਉਤੇ ਪਏ ਸੰਕਟ ਨੂੰ ਟਾਲਣ ਅਤੇ ਆਮ ਲੋਕਾਂ ਵਿਚ ਰਾਜੀਵ ਗਾਂਧੀ ਪ੍ਰਤੀ ਪੈਦਾ ਹੋਈ ਉਦਾਸੀਨਤਾ (ਤੇ ਇਕ ਹੱਦ ਤੱਕ ਹਿਕਾਰਤ) ਨੂੰ ਮੁੜ ਮੋਹ ਵਿਚ ਬਦਲਣ ਲਈ ਅਜਿਹੇ ਕਦਮ ਚੁੱਕ ਸਕਦੀ ਹੈ ਜਿਨ੍ਹਾਂ ਨਾਲ "ਵਿਦੇਸ਼ੀ ਹੱਥ" ਦੇ ਸਿਧਾਂਤ ਨੂੰ ਹਵਾ ਮਿਲੇਗੀ; ਘੱਟ ਗਿਣਤੀ ਫਿਰਕਿਆਂ ਪ੍ਰਤੀ ਸ਼ੁਬਹੇ ਤੇ ਨਫਰਤ ਵਧੇਗੀ ਅਤੇ ਕੱਟੜਪੰਥੀ ਕੌਮਪ੍ਰਸਤੀ (Jingoism) ਦਾ ਉਭਾਰ ਵੇਖਣ ਨੂੰ ਮਿਲੇਗਾ। ਅਜਿਹੀ ਸੂਰਤ ਵਿਚ ਦੇਸ਼ ਦੇ ਹਾਕਮ ਕਿਸੇ ਗੁਆਂਢੀ ਮੁਲਕ ਨਾਲ "ਪੰਗਾ" ਲੈਣ ਤੋਂ ਨਹੀਂ ਝਿਜਕਣਗੇ; ਫਿਰਕੂ ਫਸਾਦਾਂ ਦੀ ਗਿਣਤੀ ਵਿਚ ਅਚਨਚੇਤੀ ਵਾਧਾ ਹੋ ਜਾਵੇਗਾ ਅਤੇ ਜਿੰਗੋਵਾਦੀ ਅਨਸਰ ਦੇਸ਼-ਭਗਤੀ ਦੇ ਨਾਂ 'ਤੇ ਤਰਕਸ਼ੀਲ ਨਾਗਰਿਕਾਂ ਦੇ ਗਲਮਿਆਂ ਨੂੰ ਹੱਥ ਪਾਉਣ ਤੋਂ ਨਹੀਂ ਝਿਜਕਣਗੇ।

ਮਈ ਮਹੀਨੇ ਦੇ ਮੁੱਢ ਤੋਂ ਹੀ ਉਤਰ ਪ੍ਰਦੇਸ਼, ਗੁਜਰਾਤ, ਦਿੱਲੀ ਅਤੇ ਰਾਜਸਥਾਨ ਵਿਚ ਜੋ ਕੁਝ ਵਾਪਰ ਰਿਹਾ ਹੈ, ਉਹ ਉਪਰੋਕਤ ਪੇਸ਼ੀਨਗੋਈ ਵਿਚ ਦਰਸਾਏ ਖਦਸ਼ਿਆਂ ਨੂੰ ਸਹੀ ਸਾਬਤ ਕਰਦਾ ਹੈ। 18 ਮਈ ਤੋਂ ਮਗਰੋਂ ਮੇਰਠ, ਦਿੱਲੀ, ਬੁਲੰਦ ਸ਼ਹਿਰ, ਅਹਿਮਦਾਬਾਦ, ਭੜੋਚ, ਅਮਰੇਲੀ ਅਤੇ ਰਾਜਸਥਾਨ ਦੇ ਭੀਲਵਾੜਾ ਜ਼ਿਲੇ ਦੇ ਕੁਝ ਪਿੰਡਾਂ ਵਿਚ ਜੋ ਕੁਝ ਵਾਪਰਿਆ, ਉਸ ਨੇ ਇਕ ਧਰਮ-ਨਿਰਪੇਖ ਰਾਜ ਦੀ ਬੁਨਿਆਦ ਹਿਲਾ ਕੇ ਰੱਖ ਦਿੱਤੀ ਹੈ। ਇਨ੍ਹਾਂ ਦੰਗਿਆਂ ਪਿਛੋਂ ਯੋਜਨਾਬੱਧ ਸਾਜ਼ਸ਼ ਤੇ ਵਿਦੇਸ਼ੀ ਹੱਥ ਹੋਣ ਦੇ ਸਰਕਾਰੀ ਦਾਅਵੇ ਸੁਣਨ ਨੂੰ ਮਿਲ ਰਹੇ ਹਨ ਅਤੇ ਨਾਲ ਹੀ ਭਵਿਖ ਵਿਚ ਅਜਿਹੀ ਗੜਬੜ ਨੂੰ ਫੈਲਣ ਤੋਂ ਪਹਿਲਾਂ ਹੀ ਰੋਕਣ ਦੇ ਢੰਗ-ਤਰੀਕਿਆਂ ਤੇ ਸਰਕਾਰੀ ਇਰਾਦਿਆਂ ਬਾਰੇ ਐਲਾਨ ਵੀ। ਪਰ ਹਾਕਮ ਜਮਾਤ ਕੀ ਸਚਮੁਚ ਹੀ ਦੰਗਿਆਂ ਦੀ ਰਾਜਨੀਤੀ ਨੂੰ ਤਿਆਗਣ ਪ੍ਰਤੀ ਸੰਜੀਦਾ ਹੈ? ਕੀ ਫਸਾਦਾਂ ਦੀ ਰਾਖ ਦੇ ਠੰਡੇ ਹੁੰਦਿਆਂ ਹੀ ਇਨ੍ਹਾਂ ਨੂੰ ਟਾਲਣ ਦੇ ਢੰਗ-ਤਰੀਕਿਆਂ 'ਤੇ ਅਮਲ ਵੀ ਤਿਆਗ ਦਿੱਤਾ ਜਾਵੇਗਾ?? ਕੀ ਦੰਗਿਆਂ ਦੇ ਅਸਲ ਦੋਸ਼ੀਆਂ ਨੂੰ ਸਜ਼ਾਵਾਂ ਮਿਲਣਗੀਆਂ???

ਇਨ੍ਹਾਂ ਸਵਾਲਾਂ ਦੇ ਜਵਾਬ ਭਾਲਣਾ ਜ਼ਿਆਦਾ ਮੁਸ਼ਕਲ ਨਹੀਂ। ਦੇਸ਼ ਦੇ ਪਿਛਲੇ 40 ਸਾਲਾਂ ਦੇ ਇਤਿਹਾਸ ਨੇ ਪਹਿਲਾਂ ਹੀ ਇਹ ਸਪਸ਼ਟ ਕਰ ਦਿੱਤਾ ਹੈ ਕਿ ਹਾਕਮ ਜਮਾਤ ਜਦੋਂ ਚਾਹੇਗੀ, ਦੰਗਿਆਂ ਦੀ ਰਾਜਨੀਤੀ ਰਾਹੀਂ ਲੋਕਾਈ ਦਾ ਧਿਆਨ ਅਸਲ ਮਸਲਿਆਂ ਤੋਂ ਹਟਾ ਦੇਵੇਗੀ: ਮੇਰਠ ਤੇ ਦਿੱਲੀ ਨੇ ਫੇਅਰਫੈਕਸ ਜਾਂ ਬੋਫੋਰਜ਼ ਦੀ ਕਿਸ ਚਤੁਰਾਈ ਨਾਲ ਥਾਂ ਲਈ ਹੈ, ਅਜਿਹਾ ਚਮਤਕਾਰ ਸਿਰਫ ਚਤੁਰ ਹਾਕਮ ਤੇ ਨਿਪੁੰਨ ਅਹਿਲਕਾਰ ਹੀ ਸੰਭਵ ਕਰ ਸਕਦੇ ਹਨ।

ਸਰਕਾਰੀ ਹਲਕਿਆਂ ਵਿਚ ਫਿਰਕੂ ਦੰਗਿਆਂ ਨੂੰ ਸਥਾਈ ਤੌਰ 'ਤੇ ਟਾਲਣ ਪ੍ਰਤੀ ਪਾਈ ਜਾਂਦੀ ਗੈਰ-ਸੰਜੀਦਗੀ ਦਾ ਅਹਿਸਾਸ ਇਨ੍ਹਾਂ ਤੱਥਾਂ ਤੋਂ ਹੀ ਹੋ ਜਾਂਦਾ ਹੈ ਕਿ 15 ਅਗਸਤ, 1947 ਨੂੰ ਦੇਸ਼ ਦੇ ਬਟਵਾਰੇ ਤੋਂ ਪਿਛੋਂ ਲਗਭਗ ਹਰ ਸੂਬੇ ਵਿਚ ਅਜਿਹੇ ਫਸਾਦ ਹੋ ਚੁਕੇ ਹਨ। ਇਨ੍ਹਾਂ ਵਿਚ ਹਜ਼ਾਰਾਂ ਮਨੁੱਖੀ ਜਾਨਾਂ ਜਾਣ ਤੋਂ ਇਲਾਵਾ ਖਰਬਾਂ ਰੁਪਏ ਦੀ ਗੈਰ-ਸਰਕਾਰੀ ਤੇ ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਿਆ। ਪਰ ਅਜੇ ਤੱਕ ਇਨ੍ਹਾਂ ਫਸਾਦਾਂ ਨੂੰ ਛਿੜਨ ਤੋਂ ਰੋਕਣ ਦਾ ਕੋਈ ਕਾਰਗਰ ਉਪਾਅ ਨਹੀਂ ਲੱਭਿਆ ਜਾ ਸਕਿਆ।

ਦੰਗਿਆਂ ਦੇ ਪੈਟਰਨ ਦਾ ਅਧਿਐਨ ਕਰਨ 'ਤੇ ਇਹ ਭਾਲ ਸਾਹਮਣੇ ਆਈ ਹੈ ਕਿ ਫਿਰਕੂ ਦੰਗੇ ਹੋਣਾ ਜਾਂ ਨਾ ਹੋਣਾ ਹਮੇਸ਼ਾ ਕੇਂਦਰ ਵਿਚਲੇ ਹਾਕਮਾਂ ਦੀ ਸਥਿਤੀ 'ਤੇ ਨਿਰਭਰ ਕਰਦਾ ਹੈ। ਮਸਲਨ, 1952 ਤੋਂ 1962 ਤੱਕ ਜਦੋਂ ਕਾਂਗਰਸ ਦੀ ਦੇਸ਼ 'ਤੇ ਪਕੜ ਵਾਹਵਾ ਮਜ਼ਬੂਤ ਸੀ ਤਾਂ ਫਿਰਕੂ ਦੰਗੇ ਘੱਟ ਹੋਏ। 1963 ਤੋਂ 1969 ਤਕ ਕਾਂਗਰਸ ਦੀ ਸਥਿਤੀ ਡਾਂਵਾਡੋਲ ਹੋਣ ਕਾਰਨ ਦੰਗਿਆਂ ਦਾ ਚੰਗਾ ਜ਼ੋਰ ਵੇਖਿਆ ਗਿਆ। 1970ਵਿਆਂ ਦੇ ਪਹਿਲੇ ਅੱਧ ਵਿਚ ਸ੍ਰੀਮਤੀ ਇੰਦਰਾ ਗਾਂਧੀ ਦੀ ਗ੍ਰਿਫਤ ਮੁੜ ਚੋਖੀ ਤਕੜੀ ਹੋਣ ਕਾਰਨ 1972 ਵਿਚ ਭਿਵੰਡੀ ਤੇ ਜਲਗਾਓਂ ਅਤੇ 1973 ਵਿਚ ਮੇਰਠ ਨੂੰ ਛੱਡ ਕੇ ਕਿਤੇ ਹੋਰ ਵਿਆਪਕ ਫਸਾਦ ਨਹੀਂ ਹੋਏ। ਪਰ 1982 ਮਗਰੋਂ ਅਜਿਹੇ ਫਸਾਦ ਆਮ ਹੀ ਗੱਲ ਹੋ ਗਏ ਹਨ। ਹੁਣ ਹਾਲ ਇਹ ਹੈ ਕਿ ਕੇਰਲਾ, ਕਰਨਾਟਕ ਤੇ ਤਾਮਿਲਨਾਡੂ ਵਰਗੇ ਰਾਜ ਵੀ ਹੁਣ ਅਜਿਹੀ ਫਿਰਕੂ ਹਿੰਸਾ ਦੀ ਗ੍ਰਿਫਤ ਵਿਚ ਆ ਗਏ ਹਨ ਹਾਲਾਂਕਿ 1980ਵਿਆਂ ਤੋਂ ਪਹਿਲਾਂ ਇਨ੍ਹਾਂ ਰਾਜਾਂ ਵਿਚ ਅਜਿਹੇ ਤਣਾਅ ਬਾਰੇ ਕਦੇ ਵੀ ਕੁਝ ਸੁਣਨ ਨੂੰ ਨਹੀਂ ਸੀ ਮਿਲਿਆ।

ਦਰਅਸਲ, ਦੰਗੇ ਉਦੋਂ ਹੋਏ ਜਦੋਂ ਹੋਰ ਅਹਿਮ ਮਸਲੇ ਹਾਕਮਾਂ ਦੇ ਹੱਥੋਂ ਨਿਕਲਣ ਲੱਗੇ। ਜੇਕਰ ਹਾਕਮ ਵਰਗ ਦੰਗੇ ਟਾਲਣ ਪ੍ਰਤੀ ਸੰਜੀਦਾ ਹੋਵੇ ਤਾਂ ਇਕ ਸਾਈਕਲ ਤੇ ਸਕੂਟਰ ਦੀ ਟੱਕਰ ਜਾਂ ਪਿਪਲ ਦੇ ਦਰਖਤ ਦਾ ਟਾਂਹਣ ਵੱਢੇ ਜਾਣਾ ਵਰਗੀਆਂ ਸਾਧਾਰਨ ਘਟਨਾਵਾਂ ਫਿਰਕੂ ਫਸਾਦਾਂ ਦਾ ਕਾਰਨ ਨਾ ਬਣਨ ਜਿਵੇਂ ਕਿ 17 ਮਈ, 1987 ਨੂੰ ਦਿੱਲੀ ਜਾਂ ਨਵੰਬਰ 1982 ਵਿਚ ਮੇਰਠ ਵਿਚ ਹੋਇਆ।

ਇਹ ਨਹੀਂ ਕਿ ਸਾਡੇ ਦੇਸ਼ ਵਿਚ ਫਿਰਕੂ ਅਨਸਰਾਂ ਤੇ ਸ਼ਰਾਰਤੀਆਂ ਦੀ ਕਮੀ ਨਹੀਂ ਬਲਕਿ ਅਜਿਹੇ ਅਨਸਰ ਬਹੁਤ ਵੱਡੀ ਗਿਣਤੀ ਵਿਚ ਮੌਜੂਦ ਹਨ ਜੋ ਮਜ਼ਹਬ ਦੇ ਨਾਂ 'ਤੇ ਇਨਸਾਨੀਅਤ ਦਾ ਖੂਨ ਵਹਾਉਣ ਤੋਂ ਨਹੀਂ ਝਿਜਕਦੇ। ਪਰ ਅਜਿਹੇ ਅਨਸਰ ਸਿਰ ਉਦੋਂ ਹੀ ਚੁੱਕੇ ਹਨ ਜਦੋਂ ਪ੍ਰਸ਼ਾਸਨ ਉਨ੍ਹਾਂ ਨੂੰ ਅਜਿਹਾ ਕਰਨ ਦਾ ਮੌਕਾ ਦੇਵੇ। ਜੇਕਰ ਸਾਡੇ ਹਾਕਮ ਹੀ ਫਿਰਕੂ ਅਨਸਰਾਂ ਦੇ ਪਨਾਹਗੀਰ ਹੋਣ ਤਾਂ ਲੋਕਾਈ ਤਾਂ ਅਜਿਹੇ ਅਨਸਰਾਂ ਦੇ ਮਗਰ ਲੱਗੇਗੀ ਹੀ।

ਵਿਰੋਧੀ ਫਿਰਕਿਆਂ ਨੂੰ ਆਰਥਿਕ ਤੌਰ 'ਤੇ ਢਾਹ ਲਾਉਣ ਦੀ ਨੀਤੀ ਕਾਰਨ ਫਿਰਕੂ ਪਾੜਾ ਸਥਾਈ ਰੂਪ ਧਾਰਨ ਕਰਦਾ ਜਾ ਰਿਹਾ ਹੈ। ਪਹਿਲਾਂ ਮੁਸਲਮਾਨ ਕਾਰੀਗਰਾਂ ਵਲੋਂ ਤਿਆਰ ਮਾਲ ਦਾ ਮੰਡੀਕਰਨ ਹਿੰਦੂ ਸੇਠ ਕਰਦਾ ਸੀ। ਹੁਣ ਹਿੰਦੂ ਸੇਠ ਮੁਸਲਮਾਨ ਕਾਰੀਗਰ ਦਾ ਮਾਲ ਖਰੀਦਣ ਲਈ ਤਿਆਰ ਨਹੀਂ। ਮੁਖ ਫਿਰਕਿਆਂ ਵਿਚਾਲੇ ਸ਼ੁਬਹੇ ਸਥਾਈ ਹੁੰਦੇ ਜਾ ਰਹੇ ਹਨ ਅਤੇ ਕਦੇ ਸੈਕੂਲਰ ਹੋਣ ਦਾ ਮਾਣ ਕਰਨ ਵਾਲੇ ਵਿਅਕਤੀ ਵੀ ਆਪਣਿਆਂ ਨਾਲ ਨਾਇਨਸਾਫੀ ਹੁੰਦੀ ਵੇਖ ਕੇ ਹੁਣ ਆਪੋ-ਆਪਣੇ ਫਿਰਕੇ ਦੀ ਬੋਲੀ ਬੋਲਣ ਲਈ ਮਜ਼ਬੂਰ ਹੁੰਦੇ ਜਾ ਰਹੇ ਹਨ।

ਆਮ ਧਾਰਨਾ ਹੈ ਕਿ ਸਿੱਖਿਆ ਦਾ ਪਸਾਰ ਫਿਰਕਾਪ੍ਰਸਤੀ ਦੇ ਪਸਾਰੇ ਨੂੰ ਠੱਲ੍ਹ ਪਾ ਸਕਦਾ ਹੈ। ਇਸ ਪ੍ਰਸੰਗ ਵਿਚ ਕੇਰਲਾ ਦੀ ਮਿਸਾਲ ਅਕਸਰ ਹੀ ਦਿੱਤੀ ਜਾਂਦੀ ਹੈ ਕਿ ਉਥੇ ਪੜ੍ਹੇ-ਲਿਖੇ ਹੋਣ ਕਾਰਨ ਲੋਕ ਇਕ-ਦੂਜੇ ਨੂੰ ਮਜ਼ਹਬੀ ਚਸ਼ਮੇ ਨਾਲ ਨਹੀਂ ਵੇਖਦੇ। ਪਰ 1983 ਮਗਰੋਂ ਉਸ ਰਾਜ ਦੇ ਕਾਲੀਕਟ, ਕੋਚੀਨ, ਤ੍ਰਿਵੈਂਦਰਮ, ਪਾਲਘਾਟ ਆਦਿ ਜ਼ਿਲਿਆਂ ਵਿਚ ਵੀ ਫਿਰਕੂ ਤਣਾਅ ਵੇਖਣ ਨੂੰ ਮਿਲਿਆ ਹੈ। ਅੱਜ ਰਾਜ ਵਿਚ ਮੁਸਲਿਮ ਲੀਗ, ਕਾਂਗਰਸ ਤੇ ਸੀ. ਪੀ. ਐਮ. ਵਰਗੀਆਂ ਕੌਮੀ ਪਾਰਟੀਆਂ ਜਿੰਨੀ ਹੀ ਤਾਕਤਵਰ ਹੈ ਅਤੇ ਕੇਰਲਾ ਕਾਂਗਰਸ ਮਹਿਜ਼ ਇਸਾਈਆਂ ਦੀ ਪਾਰਟੀ ਵਜੋਂ ਜਾਣੀ ਜਾਂਦੀ ਹੈ। 70ਵਿਆਂ ਦੇ ਅੰਤ ਤੱਕ ਰਾਜ ਵਿਚ ਆਰ. ਐਸ. ਐਸ. ਦੀ ਕੋਈ ਸ਼ਾਖਾ ਨਹੀਂ ਸੀ ਪਰ ਹੁਣ ਰਾਜ ਭਰ ਵਿਚ ਇਸ ਜਥੇਬੰਦੀ ਦੀਆਂ 700 ਤੋਂ ਵੱਧ ਸ਼ਾਖਾਵਾਂ ਸਰਗਰਮ ਹਨ।

ਪਿਛਲੇ ਚਾਰ ਸਾਲਾਂ ਦੌਰਾਨ ਫਿਰਕੂ ਦੰਗੇ, ਦਰਅਸਲ, ਗੜਬੜ ਵਾਲੀਆਂ ਰਵਾਇਤੀ ਥਾਵਾਂ ਤੋਂ ਬਾਹਰ ਨਿਕਲੇ ਹਨ। ਗੁਜਰਾਤ ਰਾਜ ਕਦੇ ਧਾਰਮਿਕ ਰਵਾਦਾਰੀ ਦੀ ਮਿਸਾਲ ਸੀ ਪਰ 1983 ਮਗਰੋਂ ਇਹ ਸਭ ਤੋਂ ਵੱਧ ਵਿਸਫੋਟਕ ਰਾਜ ਬਣ ਗਿਆ। ਸਾਲ 1986 ਦੌਰਾਨ ਦੇਸ਼ ਭਰ ਵਿਚ ਹੋਏ ਫਿਰਕੂ ਫਸਾਦਾਂ ਵਿਚ ਕੁੱਲ 184 ਮੌਤਾਂ ਹੋਈਆਂ। ਇਨ੍ਹਾਂ ਵਿਚੋਂ 92 ਇਕੱਲੇ ਗੁਜਰਾਤ ਵਿਚ ਹੋਈਆਂ। ਪਿਛਲੇ ਸਾਲ ਰਾਜ ਵਿਚ ਫਿਰਕੂ ਹਿੰਸਾ ਦੀਆਂ 398 ਘਟਨਾਵਾਂ ਹੋਈਆਂ ਜੋ ਕਿ ਇਕ ਰਿਕਾਰਡ ਹੈ। ਸਾਲ 1987 ਦੇ ਪਹਿਲੇ ਚਾਰ ਮਹੀਨੇ ਤਾਂ ਹੋਰ ਵੀ ਖਤਰਨਾਕ ਸਾਬਤ ਹੋਏ।

ਬਾਕੀ ਪੰਨਾ 5 'ਤੇ

# ਬਰਤਰਫੀ ਦੇ ਬਾਵਜੂਦ ਅਤਿਵਾਦ ਵਿਰੁੱਧ ਸੰਘਰਸ਼ ਜਾਰੀ ਰੱਖਾਂਗੇ — ਬਰਨਾਲਾ

ਗੁਰਦਾਸਪੁਰ — ਅਕਾਲੀ ਦਲ (ਲੌਂ:) ਦੇ ਪ੍ਰਧਾਨ ਸ੍ਰੀ ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਹੈ ਕਿ ਆਪਣੀ ਸਰਕਾਰ ਦੀ ਬਰਤਰਫੀ ਦੇ ਬਾਵਜੂਦ ਉਹਨਾਂ ਦੀ ਪਾਰਟੀ ਅਤਿਵਾਦ ਵਿਰੁੱਧ ਆਪਣੀ ਲੜਾਈ ਜਾਰੀ ਰਖੇਗੀ। ਇਥੇ ਪਾਰਟੀ ਕਾਰਕੁਨਾਂ ਦੀ ਇਕ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਬਰਨਾਲਾ ਨੇ ਕਿਹਾ ਕਿ ਬੇਦੋਸ਼ੇ ਲੋਕਾਂ ਦੇ ਕਤਲਾਂ ਨਾਲ ਪੰਜਾਬ ਜਾਂ ਸਿੱਖ ਪੰਥ ਨੂੰ ਕੋਈ ਪ੍ਰਾਪਤੀ ਨਹੀਂ ਹੋ ਸਕਦੀ ਸਗੋਂ ਇਸ ਨਾਲ ਦੇਸ਼ ਭਰ ਵਿਚ ਸਿੱਖ ਫਿਰਕੇ ਦਾ ਨਾਂ ਹੀ ਬਦਨਾਮ ਹੋਵੇਗਾ।

ਸ਼ਰੋਮਣੀ ਅਕਾਲੀ ਦਲ (ਲੌਂ:) ਦੇ ਪ੍ਰਧਾਨ ਨੇ ਦਾਅਵਾ ਕੀਤਾ ਕਿ ਪੰਜਾਬ ਸਮੱਸਿਆ ਬੁਨਿਆਦੀ ਤੌਰ ਤੇ ਰਾਜਸੀ ਤੇ ਆਰਥਕ ਹੈ ਅਤੇ ਗੋਲੀ ਬਦਲੇ ਗੋਲੀ ਇਹਦਾ ਕੋਈ ਹੱਲ ਨਹੀਂ। ਉਨ੍ਹਾਂ ਕਿਹਾ ਕਿ ਜੇਕਰ ਸਿੱਖ ਨੌਜਵਾਨ ਮੁਖ ਧਾਰਾ ਵਿਚ ਸ਼ਾਮਲ ਹੁੰਦੇ ਹਨ ਤਾਂ ਇਸ ਨਾਲ ਨਾ ਸਿਰਫ ਉਨ੍ਹਾਂ ਨੂੰ ਸਗੋਂ ਰਾਜ ਨੂੰ ਵੀ ਲਾਭ ਪੁਜੇਗਾ। ਉਹਨਾਂ ਦਾਅਵਾ ਕੀਤਾ ਕਿ ਕੇਂਦਰ ਸਰਕਾਰ ਨੇ ਆਪਣੇ ਚੋਣ ਹਿਤਾਂ ਲਈ ਸੁਪਰੀਮ ਕੋਰਟ ਦੇ ਜੱਜਾਂ ਨੂੰ ਵੀ ਭਰਿਸ਼ਟ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਕਮਿਸ਼ਨਾਂ ਤੇ ਟ੍ਰਿਬਿਊਨਲਾਂ ਦੀਆਂ ਸਾਰੀਆਂ ਰੀਪੋਰਟਾਂ ਸਮਝੌਤੇ ਦੀ ਉਲੰਘਣਾ ਹਨ। ਸ੍ਰੀ ਬਰਨਾਲਾ ਨੇ ਆਪਣੇ ਪਾਰਟੀ ਆਗੂਆਂ ਤੇ ਕਾਰਕੁਨਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੀ ਬਰਤਰਫੀ ਤੋਂ ਨਿਰਾਸ਼ ਨਾ ਹੋਣ ਸਗੋਂ ਦਹਿਸ਼ਤਗਰਦੀ ਵਿਰੁਧ ਆਪਣੀ ਲੜਾਈ ਜਾਰੀ ਰੱਖਣ। ਉਹਨਾਂ ਕਿਹਾ ਕਿ ਸਰਕਾਰ ਨੂੰ ਇਸ ਕਰਕੇ ਬਰਤਰਫ ਕੀਤਾ ਗਿਆ ਕਿਉਂਕਿ ਉਹ ਪੰਜਾਬ ਦੇ ਹਿੱਤਾਂ ਲਈ ਸੰਘਰਸ਼ ਕਰ ਰਹੀ ਸੀ ਅਤੇ ਇਹ ਸੰਘਰਸ਼ ਜਾਰੀ ਰਹੇਗਾ।

## ਹਰਿਆਣਵੀ ਕਿਸਾਨਾਂ ਦੇ 389 ਕਰੋੜ ਦੇ ਕਰਜ਼ੇ ਸਰਕਾਰ ਦੇਵੇਗੀ

ਚੰਡੀਗੜ੍ਹ — ਹਰਿਆਣਾ ਦੀ ਨਵੀਂ ਦੇਵੀ ਲਾਲ ਸਰਕਾਰ ਨੇ ਆਪਣੇ ਚੋਣ ਵਾਅਦਿਆਂ ਨੂੰ ਪੂਰਾ ਕਰਨ ਲਈ ਕਿਸਾਨਾਂ ਦੇ ਥੋੜ੍ਹੇ ਅਤੇ ਲੰਮੇ ਸਮੇਂ ਦੇ ਕੁਲ ਲਗਪਗ 389 ਕਰੋੜ ਰੁਪਏ ਦੇ ਕਰਜ਼ਿਆਂ ਦੀ ਰਕਮ ਬੈਂਕਾਂ ਨੂੰ ਸਰਕਾਰੀ ਖਜ਼ਾਨੇ ਵਿਚੋਂ ਅਦਾ ਕਰਨ ਦਾ ਪਹਿਲਾ ਵੱਡਾ ਨੀਤੀ ਫੈਸਲਾ ਕੀਤਾ ਹੈ।

ਪੰਨਾ 4 ਦੀ ਬਾਕੀ

ਇਕੱਲੇ ਅਪਰੈਲ ਮਹੀਨੇ ਦੇ ਪਹਿਲੇ ਤਿੰਨ ਹਫਤਿਆਂ ਦੌਰਾਨ ਰਾਜ ਵਿਚ 30 ਤੋਂ ਵੱਧ ਫਿਰਕੂ ਘਟਨਾਵਾਂ ਹੋਈਆਂ। ਫਿਰਕੂ ਹਿੰਸਾ ਹੁਣ ਸਿਰਫ ਅਹਿਮਦਾਬਾਦ, ਬੜੌਦਾ, ਭੜੋਚ, ਪਾਲਨਪੁਰ ਤੇ ਵੈਰਾਵਲ ਵਰਗੇ ਗੜਬੜੀ ਵਾਲੇ ਸ਼ਹਿਰਾਂ ਤੱਕ ਸੀਮਤ ਨਹੀਂ ਰਹੀ ਸਗੋਂ ਸਹਿਕਾਰੀ ਦੁੱਧ ਉਤਪਾਦਨ ਦੇ ਖੇਤਰ ਵਿਚ ਗੜ੍ਹ ਵਜੋਂ ਜਾਣੇ ਜਾਂਦੇ ਕੈਰਾ ਜ਼ਿਲੇ ਦੇ ਪਿੰਡਾਂ ਤਕ ਵੀ ਫੈਲ ਗਈ ਹੈ ਅਤੇ ਧੁਨਾਦਰਾ, ਵੀਰਪੁਰ, ਨੂਰਪੁਰ ਵਰਗੇ ਪਿੰਡ ਦੇਸ਼ ਦੇ ਫਿਰਕੂ ਨਕਸ਼ੇ ’ਤੇ ਆ ਗਏ ਹਨ।

ਸਰਕਾਰੀ ਏਜੰਸੀਆਂ ਵੀ ਮਜ਼ਹਬੀ ਭੇਦ-ਭਾਵ ਤੋਂ ਮੁਕਤ ਨਹੀਂ। ਪੰਜਾਬ ਵਿਚ ਸੀ. ਆਰ. ਪੀ. ਐਫ. ਦੇ ਰੋਲ ਤੋਂ ਅਸੀਂ ਜਾਣੂ ਹਾਂ। ਉਤਰ ਪ੍ਰਦੇਸ਼ ਦੀ ਪ੍ਰੋਵਿੰਸ਼ਲ ਆਰਮਡ ਕਾਂਸਟੇਬਲੀ (ਪੀ. ਏ. ਸੀ.) ਅਤੇ ਬਿਹਾਰ ਦੀ ਬਿਹਾਰ ਮਿਲਟਰੀ ਪੁਲੀਸ 70ਵਿਆਂ ਵਿਚ ਹੀ ਆਪਣੀ ਮਜ਼ਹਬੀ ਤੰਗ-ਦਿਲੀ ਤੇ ਜ਼ਾਲਮਾਨਾ ਕਿਰਦਾਰ ਲਈ ਬਦਨਾਮ ਹੋ ਗਈਆਂ ਸਨ। 1980 ਵਿਚ ਕ੍ਰਮਵਾਰ ਮੁਰਾਦਾਬਾਦ ਤੇ ਜਮਸ਼ੇਦਪੁਰ ਦੇ ਦੰਗਿਆਂ ਵਿਚ ਦੋਹਾਂ ਦਾ ਰੋਲ ਏਨਾ ਘਾਤਕ ਰਿਹਾ ਕਿ ਸਬੰਧਤ ਰਾਜ ਸਰਕਾਰਾਂ ਇਨ੍ਹਾਂ ਏਜੰਸੀਆਂ ਦੇ ਪੁਨਰਗਠਨ ਦਾ ਐਲਾਨ ਕਰਨ ਲਈ ਮਜ਼ਬੂਰ ਹੋ ਗਈਆਂ ਪਰ ਇਹ ਅੰਲਾਨ ਮਹਿਜ਼ ਕਾਗਜ਼ੀ ਸਾਬਤ ਹੋਏ। ਜੇਕਰ ਅਜਿਹਾ ਨਾ ਹੁੰਦਾ ਤਾਂ ਮੇਰਠ ਜ਼ਿਲੇ ਦੇ ਪਿੰਡ ਮੱਲਿਆਣਾ ਵਿਚ ਇਕ ਘੱਟ ਗਿਣਤੀ ਫਿਰਕੇ ਦੇ 150 ਵਿਅਕਤੀ ਨੂੰ ਪੀ. ਏ. ਸੀ. ਹੱਥੋਂ ਮੌਤ ਦਾ ਸ਼ਿਕਾਰ ਨਾ ਹੋਣਾ ਪੈਂਦਾ ਅਤੇ ਨਾ ਹੀ ਦਰਜਨਾਂ ਔਰਤਾਂ ਨੂੰ ਖੋਹ-ਖਰਾਬੇ ਵਰਗੀ ਜ਼ਿੱਲਤ ਸਹਿਣੀ ਪੈਂਦੀ।

# ਰਾਸ਼ਟਰਪਤੀ ਲਈ ਉਮੀਦਵਾਰ ਮੈਦਾਨ ’ਚ

ਜਸਟਿਸ ਕ੍ਰਿਸ਼ਨਾ ਆਇਰ ਅਗਲੇ ਮਹੀਨੇ ਹੋਣ ਵਾਲੀ ਰਾਸ਼ਟਰਪਤੀ ਚੋਣ ਲਈ ਵਿਰੋਧੀ ਪਾਰਟੀਆਂ ਦੇ ਉਮੀਦਵਾਰ ਹੋਣਗੇ। ਉਹ ਭਾਰਤੀ ਸੁਪਰੀਮ ਕੋਰਟ ਦੇ ਜਸਟਿਸ ਰਹਿ ਚੁਕੇ ਹਨ। ਇਸ ਨਾਮਜਦਗੀ ਦਾ ਐਲਾਨ 22 ਜੂਨ ਨੂੰ ਪ੍ਰੈਸ ਕਾਨਫਰੰਸ ’ਚ ਕੀਤਾ ਗਿਆ ਵਿਰੋਧੀ ਪਾਰਟੀਆਂ ਦੀ ਤਿੰਨ ਮੈਂਬਰੀ ਕਮੇਟੀ ਦੇ ਕਨਵੀਨਰ ਮਿ: ਰਾਮਾਰਾਓ ਨੇ ਆਪਣੇ ਐਲਾਨ ਵਿਚ ਦੱਸਿਆ ਕਿ ਇਹ ਫੈਸਲਾ ਨਵੀਂ ਦਿੱਲੀ ’ਚ ਹੋਈ ਕਾਂਗਰਸ ਤੋਂ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਮੀਟਿੰਗ ਕਰਕੇ ਕੀਤਾ ਹੈ।

ਇਸ ਮੀਟਿੰਗ ਵਿਚ ਤੇਲਗੂ ਦੇਸਮ, ਜਨਤਾ, ਸੀ. ਪੀ. ਆਈ., ਸੀ. ਪੀ. ਐਮ., ਲੋਕ ਦਲ, ਅਸਾਮ ਗਣ ਪ੍ਰੀਸ਼ਦ, ਡੀ. ਐਮ. ਕੇ., ਫਾਰਵਾਰਡ ਬਲਾਕ, ਅਕਾਲੀ ਪਾਰਟੀ ਦੇ ਦੋਵੇਂ ਗੁੱਟ, ਆਰ. ਐਸ. ਪੀ. ਅਤੇ ਸੋਸ਼ਲਿਸਟ ਯੂਨਿਟੀ ਕੇਂਦਰ ਸ਼ਾਮਲ ਸਨ। ਬੇ. ਜੇ. ਪੀ. ਉਨ੍ਹਾਂ ਵਿਰੋਧੀ ਪਾਰਟੀਆਂ ਵਿਚੋਂ ਹੈ, ਜੋ ਸ਼ਾਮਲ ਨਹੀਂ ਸੀ। ਸਿਕਮ ਸੰਗਰਾਮ ਪ੍ਰੀਸ਼ਦ, ਮੀਜ਼ੋ ਫਰੰਟ, ਐ. ਡੀ. ਐਮ. ਕੇ. ਅਤੇ ਫਾਰੂਕ ਦੀ ਨੈਸ਼ਨਲ ਫਰੰਟ ਨੇ ਕਾਂਗਰਸ ਉਮੀਦਵਾਰ ਸ੍ਰੀ ਆਰ. ਵੈਂਕਟਾਰਮਨ ਦੀ ਹਿਮਾਇਤ ਦਾ ਐਲਾਨ ਕੀਤਾ ਹੈ।

ਵਰਤਮਾਨ ਰਾਸ਼ਟਰਪਤੀ ਗਿ: ਜ਼ੈਲ ਸਿੰਘ ਨੇ ਪਹਿਲਾਂ ਹੀ ਚੋਣ ਨਾ ਲੜਨ ਦਾ ਫੈਸਲਾ ਕੀਤਾ ਹੋਇਆ ਹੈ।

# ਰਾਸ਼ਟਰਪਤੀ ਰਾਜ ਵਿਚ ਮਾਰਧਾੜ ਵਧੀ

## ਸਮਝੌਤਾ ਲਾਗੂ ਕਰਨ ਦੀ ਮੰਗ

ਅੰਮ੍ਰਿਤਸਰ — ਅਣਸੂਚਿਤ ਤੇ ਪਛੜੀਆਂ ਜਾਤੀਆਂ ਦੇ ਨੇਤਾ ਜਥੇਦਾਰ ਗੋਪਾਲ ਸਿੰਘ ਤੇ ਜਥੇਦਾਰ ਸੁਰਜੀਤ ਸਿੰਘ ਨੇ ਇਕ ਬਿਆਨ ਵਿਚ ਰਾਸ਼ਟਰਪਤੀ ਰਾਜ ਦੌਰਾਨ ਹੋ ਰਹੀ ਮਾਰਧਾੜ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਇਥੇ ਇਕ ਬਿਆਨ ਵਿਚ ਉਹਨਾਂ ਕਿਹਾ ਕਿ ਰਾਸ਼ਟਰਪਤੀ ਰਾਜ ਲਾਗੂ ਕਰਨ [illegible] ਜਦੋਂ ਕਿ ਸਿੱਖ ਨੌਜੁਆਨਾਂ ਤੇ ਪੁਲਸ ਦਾ ਤਸ਼ੱਦਦ ਵੀ ਜਾਰੀ ਹੈ। ਇਕ ਦਿਨ ਵਿਚ 26 ਬੰਦੇ ਮਾਰੇ ਜਾਣੇ ਵੀ ਬਹੁਤ ਹੀ ਮਾੜੀ ਗੱਲ ਹੈ। ਉਹਨਾਂ ਮੰਗ ਕੀਤੀ ਕਿ ਪੰਜਾਬ ਮਸਲਾ ਤੁਰੰਤ ਹੱਲ ਕੀਤਾ ਜਾਏ ਤੇ ਪੰਜਾਬ ਸਮਝੌਤਾ ਵੀ ਲਾਗੂ ਕੀਤਾ ਜਾਏ। ਇਕ ਹੋਰ ਇਤਲਾਹ ਅਨੁਸਾਰ ਬੀਤੇ ਦਿਨੀਂ ਜਥੇਦਾਰ ਗੋਪਾਲ ਸਿੰਘ ਖਾਲਸਾ ਦੇ ਗ੍ਰਿਹ ਵਿਖੇ ਪਛੜੀਆਂ ਤੇ ਅਨੁਸੂਚਿਤ ਜਾਤੀਆਂ ਦੀ ਇਕ ਜ਼ਰੂਰੀ ਮੀਟਿੰਗ ਹੋਈ ਜਿਸ ਵਿਚ ਸੰਯੁਕਤ ਦਲ ਦੇ ਨੇਤਾ ਕੈਪਟਨ ਅਮਰਿੰਦਰ ਸਿੰਘ ਦੇ ਰੋਲ ਦੀ ਅਲੋਚਨਾ ਕੀਤੀ ਗਈ। ਉਹਨਾਂ ਕਿਹਾ ਕਿ ਕੈਪਟਨ ਦੀ ਮੁਖ ਮੰਤਰੀ ਬਨਣ ਦੀ ਹਵਸ਼ ਨੇ ਸਿੱਖ ਸਿਆਸਤ ਨੂੰ ਗੰਧਲਾ ਕਰਕੇ ਰੱਖ ਦਿੱਤਾ ਹੈ। ਉਹਨਾਂ ਕਿਹਾ ਕਿ ਕੈਪਟਨ ਦੀਆਂ ਕਲਾਬਾਜ਼ੀਆਂ ਤੋਂ ਸਿੱਖ ਭਲੀ ਪ੍ਰਕਾਰ ਜਾਣੂ ਹਨ। ਉਹਨਾਂ ਤਾੜਨਾ ਕੀਤੀ ਕਿ ਨੌਜੁਆਨਾਂ ਦੀਆਂ ਲਾਸ਼ਾਂ ਤੇ ਸਿਆਸੀ ਮਹੱਲ ਉਸਾਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਪੰਨਾ 4 ਦੀ ਬਾਕੀ

ਸ੍ਰੀ ਦੇਵੀ ਲਾਲ ਨੂੰ ਫਾਜ਼ਲਕਾ, ਅਬੋਹਰ ਬਾਰੇ ਬੇਅਸੂਲਾ ਦਾਅਵਾ ਨਹੀਂ ਕਰਨਾ ਚਾਹੀਦਾ, ਨਹੀਂ ਤੇ ਉਹ ਇਸ ਤਰ੍ਹਾਂ ਕਰਦਾ ਹੋਇਆ ਲੋਕ ਦਲ ਦੇ ਰੂਪ ਵਿਚ ਇਕ ਕਾਂਗਰਸ ਆਗੂ ਵਾਲਾ ਅਮਲ ਕਰ ਰਿਹਾ ਹੋਵੇਗਾ। ਸ੍ਰੀ ਦੇਵੀ ਲਾਲ ਨੂੰ ਚਾਹੀਦਾ ਹੈ ਕਿ ਤੰਗ ਨਜ਼ਰ ਸਿਆਸਤ ਦਾ ਰਾਹ ਨਾ ਅਪਨਾਵੇ ਵਿਰੋਧੀ ਪਾਰਟੀਆਂ ਦੇ ਆਗੂਆਂ ਨਾਲ ਵਿਚਾਰ ਵਟਾਂਦਰਾ ਕਰਕੇ ਪੰਜਾਬ ਤੇ ਹਰਿਆਣੇ ਲਈ ਅਸੂਲਾਂ ਨੂੰ ਮੰਨਦਿਆਂ ਸਤਿਕਾਰ ਵਾਲਾ ਰਾਹ ਲੱਭਿਆ ਜਾਵੇ, ਇਸ ਤਰ੍ਹਾਂ ਦੇਸ਼ ਦਾ, ਸਮੁੱਚੀ ਆਪੋਜ਼ੀਸ਼ਨ ਦਾ ਅਤੇ ਸ੍ਰੀ ਦੇਵੀ ਲਾਲ ਦਾ ਸਿਰ ਉਚਾ ਹੋਵੇਗਾ।

ਅਸੀਂ ਹਰਿਆਣੇ ਦੇ ਲੋਕਾਂ ਨੂੰ ਇਸ ਜਿੱਤ ਦੀ ਵਧਾਈ ਦਿੰਦੇ ਹਾਂ।

# ਭੂਪਾਲ ਆਈਸ ਫੈਕਟਰੀ ’ਚ ਗੈਸ ਲੀਕ

ਭੂਪਾਲ — ਮਿਲੀਆਂ ਖਬਰਾਂ ਅਨੁਸਾਰ ਪੁਰਾਣੇ ਸ਼ਹਿਰ ਭੂਪਾਲ ਇਕ ਬਰਫ ਬਣਾਉਣ ਵਾਲੀ ਫੈਕਟਰੀ ’ਚ ਅਮੋਨੀਆ ਗੈਸ ਲੀਕ ਹੋਣ ਕਾਰਨ ਨਗਰ ਵਾਸੀਆਂ ਵਿਚ ਭਗਦੜ ਮੱਚ ਗਈ। ਲੋਕਾਂ ਨੂੰ ਅਜੇ ਢਾਈ ਸਾਲ ਪਹਿਲਾਂ ਵਾਲੀ ਦੁਖਾਂਤਕ ਘਟਨਾ ਨਹੀਂ ਭੁੱਲੀ, ਕਿ ਨਵੀਂ ਗੈਸ ਲੀਕ ਨੇ ਲੋਕਾਂ ਵਿਚ ਭਿਆਨਕ ਘਟਨਾ ਵਾਪਰਨ ਦਾ ਡਰ ਫਿਰ ਤਾਜ਼ਾ ਕਰ ਦਿੱਤਾ। ਇਹ ਕੰਪਨੀ ਵੀ ਸਬੱਬੀਂ ਯੂਨੀਅਨ ਕਾਰਬਾਈਡ ਵਾਲੇ ਇਲਾਕੇ ਵਿਚ ਹੀ ਹੈ।

ਪੁਲੀਸ ਸੂਤਰਾਂ ਅਨੁਸਾਰ ਕੋਈ ਮੌਤ ਨਹੀਂ ਹੋਈ। ਪਰ ਫੈਕਟਰੀ ਮੈਨੇਜਰ ਚਾਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਤੇ ਲਾਪਰਵਾਹੀ ਅਤੇ ਲੋਕਾਂ ਦੀ ਜ਼ਿੰਦਗੀ ਨੂੰ ਖਤਰੇ ’ਚ ਪਾਉਣ ਦਾ ਦੋਸ਼ ਹੈ। ਜਦੋਂ ਹੀ ਅਮੋਨੀਆ ਗੈਸ ਲੀਕ ਦੀ ਖਬਰ ਯੂਨੀਅਨ ਕਾਰਬਾਈਡ ਦੇ ਇਲਾਕੇ ਨਿਵਾਸੀਆਂ ਨੇ ਸੁਣੀ ਤਾਂ ਨੇੜਲੇ ਝੁੱਗੀਆਂ ਵਾਲੀਆਂ ਕਲੋਨੀਆਂ ਖਾਲੀ ਹੋਣੀਆਂ ਸ਼ੁਰੂ ਹੋ ਗਈਆਂ। ਬੇਸ਼ੱਕ ਪੁਲੀਸ ਨੇ ‘ਖਤਰਾ ਨਹੀਂ’ ਦੇ ਐਲਾਨ ਕਰਾਏ ਪਰ ਲੋਕ ਬਚਾਅ ਲਈ ਭੱਜੇ ਜਾ ਰਹੇ ਸਨ।

ਫੈਕਟਰੀ ਦੇ ਨੇੜੇ ਰਹਿਣ ਵਾਲੀ 45 ਸਾਲਾ ਅਮੀਨਾ ਬਾਈ ਨੇ ਕਿਹਾ ਕਿ ਉਸਨੇ ਸੋਚਿਆ ਯੂਨੀਅਨ ਕਾਰਬਾਈਡ ਪਲਾਂਟ ਫਿਰ ਲੀਕ ਹੋ ਗਿਆ ਹੋਵੇਗਾ। ਦਸੰਬਰ 1984 ਵਾਲੀ ਮਾਰੂ ਲੀਕ ਦੌਰਾਨ ਹਜ਼ਾਰਾਂ ਹੀ ਲੋਕਾਂ ਦੇ ਮਰਨ ਨਾਲ ਨਾਲ ਲੱਖਾਂ ਹੀ ਲੋਕ ਇਸ ਦੁਰਘਟਨਾ ’ਚ ਉਮਰ ਭਰ ਲਈ ਰੋਗੀ ਬਣ ਗਏ ਸਨ।

# ਭਾਰਤੀ ਕਿਸਾਨ ਯੂਨੀਅਨ ਵਲੋਂ ਇਰਾਦੀ ਕਮਿਸ਼ਨ ਰਿਪੋਰਟ ਰੱਦ

ਮੋਰਿੰਡਾ — ਭਾਰਤੀ ਕਿਸਾਨ ਯੂਨੀਅਨ ਪੰਜਾਬ ਨੇ ਕੇਂਦਰ ਸਰਕਾਰ ਵਲੋਂ ਨਿਯੁਕਤ ਇਰਾਦੀ ਕਮਿਸ਼ਨ ਦੀ ਰਿਪੋਰਟ ਨੂੰ ਪੰਜਾਬ ਵਿਰੋਧੀ ਕਰਾਰ ਦਿੰਦੇ ਹੋਏ ਪੂਰਨ ਤੌਰ ’ਤੇ ਰੱਦ ਕਰ ਦਿੱਤਾ ਹੈ। ਯੂਨੀਅਨ ਦੇ ਨੇਤਾਵਾਂ ਅਜਮੇਰ ਸਿੰਘ ਲੱਖੋਵਾਲ ਤੇ ਚਰਨਜੀਤ ਸਿੰਘ ਖੰਟ ਵਲੋਂ [illegible] ਹਰਿਆਣਾ ਵਿਚ ਸੱਤਾ ਹਥਿਆਉਣ ਲਈ ਕੀਤਾ ਹੈ। ਇਨ੍ਹਾਂ ਨੇਤਾਵਾਂ ਨੇ ਕਿਹਾ ਕਿ ਪਾਣੀਆਂ ਦੇ ਅੰਤਰਰਾਸ਼ਟਰੀ ਕਾਨੂੰਨ ਅਨੁਸਾਰ ਪੰਜਾਬ ਇਕ ਰੀਪੇਰੀਅਨ ਸੂਬਾ ਹੈ ਤੇ ਪੰਜਾਬ ਵਿਚੋਂ ਲੰਘਦੇ ਦਰਿਆਵਾਂ ਦਾ ਪਾਣੀ ਵਰਤਣ ਦਾ ਪੰਜਾਬ ਦਾ ਪੂਰਾ ਹੱਕ ਹੈ।

ਸ੍ਰੀ ਲੱਖੋਵਾਲ ਨੇ ਕਿਹਾ ਕਿ ਜੇ ਬਿਹਾਰ, ਬੰਗਾਲ ਵਿਚੋਂ ਕੋਇਲਾ ਨਿਕਲਦਾ ਹੈ ਤਾਂ ਉਹ ਪੰਜਾਬ ਨੂੰ ਮੁਫਤ ਤਾਂ ਨਹੀਂ ਦਿੰਦਾ। ਇਸੇ ਤਰ੍ਹਾਂ ਪੰਜਾਬ ਲੋੜੋਂ ਵੱਧ ਪਾਣੀ ਦੂਜੇ ਰਾਜਾਂ ਨੂੰ ਮੁੱਲ ਵੇਚਣ ’ਤੇ ਵਿਚਾਰ ਕਰ ਸਕਦਾ ਹੈ ਤੇ ਇਹ ਹੱਕ ਪੰਜਾਬ ਨੂੰ ਮਿਲਣਾ ਚਾਹੀਦਾ ਹੈ।

# ਰਾਜੀਵ ਨਵੇਂ ਸਿਰਿਓਂ ਫਤਵਾ ਲੈਣ — ਦੰਡਵਤੇ

ਜਲੰਧਰ — ਲੋਕ ਸਭਾ ਵਿਚ ਜਨਤਾ ਪਾਰਟੀ ਦੇ ਨੇਤਾ ਸ੍ਰੀ ਮਧੂ ਦੰਡਵਤੇ ਨੇ ਮੰਗ ਕੀਤੀ ਹੈ ਕਿ ਹਰਿਆਣਾ ਚੋਣਾਂ ਵਿਚ ਕਾਂਗਰਸ (ੲ) ਦੇ ਕਰਾਰੀ ਹਾਰ ਖਾਣ ਪਿਛੋਂ ਇੰਕਾ ਪ੍ਰਧਾਨ ਅਤੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਲੋਕਾਂ ਤੋਂ ਨਵੇਂ ਸਿਰਿਓਂ ਫਤਵਾ ਲੈਣ। ਇਥੇ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਸ੍ਰੀ ਦੰਡਵਤੇ ਨੇ ਕਿਹਾ ਕਿ ਸਰਕਾਰ ਪੰਜਾਬ ਵਿਚ ਆਮ ਵਰਗੀ ਹਾਲਤ ਬਣਾਉਣ ਲਈ ਜੋਧਪੁਰ ਦੇ ਸਾਰੇ ਨਜ਼ਰਬੰਦਾਂ ਨੂੰ ਰਿਹਾਅ ਕਰੇ, ਘਟੋ ਘੱਟ ਕਸੂਰਵਾਰ ਬੰਦਿਆਂ ਦੇ ਮਾਮਲਿਆਂ ਦੀ ਜਾਂਚ ਕਰਵਾਈ ਜਾਏ ਅਤੇ ਇਨ੍ਹਾਂ ਵਿਰੁਧ ਮੁਕੱਦਮੇ ਚਲਾਏ ਜਾਣ, ਪੰਜਾਬ ਸਮਝੌਤਾ ਲਾਗੂ ਕੀਤਾ ਜਾਵੇ। ਪੰਜਾਬ ਮਸਲੇ ਦੇ ਹੱਲ ਲਈ ਇਸ ਨਾਲ ਸਬੰਧਤ ਸਾਰੀਆਂ ਧਿਰਾਂ ਦੇ ਮੁਖੀਆਂ ਨਾਲ ਗੱਲਬਾਤ ਕੀਤੀ ਜਾਵੇ ਅਤੇ ਸਿੱਖਾਂ ਨਾਲ ਭੇਦ ਭਾਵ ਖਤਮ ਕੀਤਾ ਜਾਵੇ ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਪੰਜਾਬ ਦੇ ਹਿੰਦੂਆਂ ਦੇ ਮਨਾਂ ਵਿਚੋਂ ਅਸੁਰੱਖਿਆ ਦੀ ਭਾਵਨਾ ਖਤਮ ਕੀਤੀ ਜਾਵੇ। ਉਨ੍ਹਾਂ ਆਖਿਆ ਕਿ ਪੰਜਾਬ ਸਮੱਸਿਆ ਨੂੰ ਹੱਲ ਕਰਨ ਵਿਚ ਬਰਨਾਲਾ ਸਰਕਾਰ ਨਾਕਾਮ ਰਹੀ ਹੈ। ਇਸ ਦਾ ਵੱਡਾ ਕਾਰਨ ਉਹ ਬਹੁਗਿਣਤੀ ਵਿਚ ਹੁੰਦੀ ਹੋਈ ਕੇਂਦਰ ਦੇ ਇਸ਼ਾਰੇ ਤੇ ਚਲਦੀ ਰਹੀ ਜਿਸ ਕਰਕੇ ਪੰਜਾਬ ਦੀ ਹਾਲਤ ਦਿਨੋਂ ਦਿਨ ਖਰਾਬ ਹੁੰਦੀ ਗਈ ਅਤੇ ਅੱਜ ਪੰਜਾਬ ਨੂੰ ਰਾਸ਼ਟਰਪਤੀ ਰਾਜ ਦਾ ਮੂੰਹ ਦੇਖਣਾ ਪਿਆ। ਉਨ੍ਹਾਂ ਆਖਿਆ ਕਿ ਰਾਸ਼ਟਰਪਤੀ ਰਾਜ ਵਿਚ ਵੀ ਸਥਿਤੀ ਤੇ ਪੂਰੀ ਤਰ੍ਹਾਂ ਕਾਬੂ ਨਹੀਂ ਪਾਇਆ ਜਾ ਸਕਿਆ ਅਤੇ ਮਾਸੂਮ ਲੋਕਾਂ ਦੇ ਕਤਲ ਹੋ ਰਹੇ ਹਨ ਜਿਸ ਦੀ ਸਭ ਨੂੰ ਨਿੰਦਾ ਕਰਨੀ ਚਾਹੀਦੀ ਹੈ ਅਤੇ ਆਪਸੀ ਪਿਆਰ ਭਾਵਨਾ ਨਾਲ ਇਨ੍ਹਾਂ ਅਨਸਰਾਂ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਸਰਕਾਰ ਨੇ ਮਹੱਤਵਪੂਰਨ ਵਿਅਕਤੀਆਂ ਦੀ ਰਾਖੀ ਦਾ ਤਾਂ ਉਚਿਤ ਪ੍ਰਬੰਧ ਕੀਤਾ ਹੋਇਆ ਹੈ ਪਰ ਆਮ ਸ਼ਹਿਰੀ ਦੀ ਰਾਖੀ ਦਾ ਕੋਈ ਪ੍ਰਬੰਧ ਨਹੀਂ ਹੈ। ਮੇਰੀ ਰਾਏ ਵਿਚ ਆਮ ਸ਼ਹਿਰੀ ਦੀ ਰਾਖੀ ਦਾ ਪ੍ਰਬੰਧ ਕਰਨਾ ਬਹੁਤ ਜ਼ਰੂਰੀ ਹੈ। ਜੇ ਅਜਿਹਾ ਨਾ ਕੀਤਾ ਗਿਆ ਤਾਂ ਲੋਕਾਂ ਦੇ ਮਨਾਂ ਵਿਚ ਜਿਹੜੀ ਭਾਵਨਾ ਪੈਦਾ ਹੋਵੇਗੀ ਉਸ ਦੇ ਭਿਆਨਕ ਸਿੱਟੇ ਨਿਕਲਣਗੇ।

ਸ੍ਰੀ ਦੰਡਵਤੇ ਨੇ ਆਖਿਆ ਕਿ ਪੰਜਾਬ ਵਿਚ ਦਹਿਸ਼ਤਗਰਦਾਂ ਦੀਆਂ ਸਰਗਰਮੀਆਂ ਨੂੰ ਖਤਮ ਕਰਨ ਲਈ ਇਸ ਲਈ ਜ਼ਿਮੇਵਾਰ ਲੋਕਾਂ (ਜੜ) ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ। ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਲੋਕ ਦਲ (ਬ) ਤੇ ਭਾਜਪਾ ਦੀ ਸ਼ਾਨਦਾਰ ਜਿੱਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਆਖਿਆ ਕਿ ਕਾਂਗਰਸ ਦੀਆਂ ਗਲਤ ਨੀਤੀਆਂ ਦੇ ਕਾਰਨ ਹੀ ਅਜਿਹਾ ਹੋਇਆ ਹੈ। ਉਨ੍ਹਾਂ ਆਖਿਆ ਕਿ 1977 ਵਿਚ ਜਿਹੜੀ ਜਨਤਾ ਲਹਿਰ ਚਲੀ ਸੀ, ਉਸ ਨੇ ਆਪਣਾ ਰੂਪ ਬਦਲ ਕੇ ਜ਼ੋਰਦਾਰ ਜੱਖੜ ਦਾ ਰੂਪ ਧਾਰਨ ਕਰਕੇ ਹਰਿਆਣਾ ਵਿਚ ਇੰਕਾ ਦੀਆਂ ਸਫਾਂ ਨੂੰ ਉਲਟਾ ਕੇ ਰਖ ਦਿੱਤਾ ਹੈ। ਇਸ ਤੋਂ ਕੇਂਦਰ ਦੀ ਸਰਕਾਰ ਨੂੰ ਸਬਕ ਸਿਖਣਾ ਚਾਹੀਦਾ ਹੈ।

ਸ੍ਰੀ ਦੰਡਵਤੇ ਨੇ ਆਖਿਆ ਕਿ ਫੇਅਰਫੈਕਸ ਸਕੈਂਡਲ ਦੇ ਸਾਹਮਣੇ ਆਉਣ ਤੇ ਸਵਿਸ ਬੈਂਕਾਂ ਵਿਚ ਕਾਲੇ ਧਨ ਦੇ 1325 ਕਰੋੜ ਰੁਪਏ ਦੇ ਜਮ੍ਹਾਂ ਹੋਣ ਤੇ ਭ੍ਰਸ਼ਿਟਾਚਾਰ ਦੇ ਹੋਰ ਮਾਮਲਿਆਂ ਦਾ ਪਤਾ ਲਗਣ ਅਤੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਵਿਚ ਸੰਵਿਧਾਨਕ ਮਤਭੇਦ ਪੈਦਾ ਹੋ ਜਾਣ ਪਿਛੋਂ ਪ੍ਰਧਾਨ ਮੰਤਰੀ ਦੀ ਸਾਖ ਬਹੁਤ ਡਿਗ ਗਈ ਹੈ। ਉਨ੍ਹਾਂ ਇਸ ਮਾਮਲੇ ਦੀ ਜਾਂਚ ਲਈ ਸੰਵਿਧਾਨ ਦੀ ਧਾਰਾ 254 ੲ ਦਾ ਜ਼ਿਕਰ ਕੀਤਾ ਅਤੇ ਆਖਿਆ ਕਿ ਜੇ ਲੋਕ ਸਭਾ ਤੇ ਰਾਜ ਸਭਾ ਵਿਚ ਇਕ ਪ੍ਰਸਤਾਵ ਪੇਸ਼ ਕਰਨ ਪਿਛੋਂ ਪਾਰਲੀਮੈਂਟ ਦੇ ਮੈਂਬਰਾਂ ਤੇ ਅਧਾਰਤ ਇਕ ਜਾਂਚ ਕਮੇਟੀ ਬਣਾਈ ਜਾਵੇ ਤਾਂ ਤੱਥਾਂ ਬਾਰੇ ਸਹੀ ਜਾਣਕਾਰੀ ਮਿਲ ਸਕਦੀ ਹੈ ਅਤੇ ਜੋ ਲੋਕ ਸਭਾ ਦੇ ਸਪੀਕਰ ਅਤੇ ਰਾਜ ਸਭਾ ਦੇ ਚੇਅਰਮੈਨ ਇਸ ਕਮੇਟੀ ਲਈ ਮੈਂਬਰ ਨਾਮਜ਼ਦ ਕਰਦੇ ਹਨ ਤਾਂ ਫਿਰ ਸਹੀ ਤੱਥਾਂ ਬਾਰੇ ਜਾਣਕਾਰੀ ਨਹੀਂ ਮਿਲ ਸਕਦੀ।

ਉਨ੍ਹਾਂ ਨੂੰ ਪੁਛਿਆ ਗਿਆ ਕਿ ਹਾਲ ਹੀ ਵਿਚ ਪ੍ਰਧਾਨ ਮੰਤਰੀ ਦੇ ਉਸ ਭਾਸ਼ਨ ਵਿਚ ਇਹ ਜੁਮਲਾ ਪੜ੍ਹਕੇ ...'ਹਰ ਭੌਂਕਣ ਵਾਲੇ ਕੁੱਤੇ ਦਾ ਮੈਂ ਜੁਆਬ ਨਹੀਂ ਦੇ ਸਕਦਾ' ਉਹ ਕੀ ਮਹਿਸੂਸ ਕਰਦੇ ਹਨ ਤਾਂ ਉਨ੍ਹਾਂ ਆਖਿਆ ਕਿ ਉਹ ਲੋਕ ਸਭਾ ਦੇ ਅਗਲੇ ਸੈਸ਼ਨ ਵਿਚ ਸੁਆਲ ਉਠਾਉਣਗੇ।

ਉਨ੍ਹਾਂ ਨੇ ਲੋਕ ਸਭਾ ਦੇ ਸਪੀਕਰ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਉਹ ਵਰਤਮਾਨ ਸਥਿਤੀ ਨੂੰ ਧਿਆਨ ਵਿਚ ਰੱਖਕੇ ਤੁਰੰਤ ਲੋਕ ਸਭਾ ਦਾ ਇਜਲਾਸ ਬਲਾਉਣ ਤਾਂ ਜੋ ਵਰਤਮਾਨ ਸਥਿਤੀ ਬਾਰੇ ਵਿਚਾਰ ਕੀਤਾ ਜਾ ਸਕੇ। ਉਨ੍ਹਾਂ ਨੇ ਬਰਤਾਨੀਆ ਦੇ ਸਾਬਕ ਸੁਰੱਖਿਆ ਮੰਤਰੀ ਵਲੋਂ ਉਥੋਂ ਦੀ ਪਾਰਲੀਮੈਂਟ ਵਿਚ ਗਲਤ ਜਾਣਕਾਰੀ ਦੇਣ ਦੇ ਕਾਰਨ ਤਿਆਗ ਪੱਤਰ ਦਿਤੇ ਜਾਣ ਦੀ ਉਦਾਹਰਣ ਦਿੱਤੀ। ਇਸੇ ਤਰ੍ਹਾਂ ਭਾਰਤ ਦੇ ਸਾਬਕ ਮੰਤਰੀ ਸ੍ਰੀ ਵੀ ਪੀ ਸਿੰਘ ਦਾ ਜ਼ਿਕਰ ਵੀ ਕੀਤਾ ਅਤੇ ਆਖਿਆ ਕਿ ਪਾਰਲੀਮੈਂਟਰੀ ਤੇ ਸ੍ਰੀ ਰਾਜੀਵ ਗਾਂਧੀ ਨੂੰ ਵੀ ਅਮਲ ਕਰਨਾ ਚਾਹੀਦਾ ਹੈ।

# ਹਰਿਆਣਾ ਚੋਣਾਂ : ਕੇਂਦਰ 'ਚ ਇੰਕਾ ਰਾਜ ਦੇ ਖਾਤਮੇ ਦੀ ਸ਼ੁਰੂਆਤ — ਵਾਜਪਾਈ

ਨਿਊਯਾਰਕ — ਭਾਰਤੀ ਜਨਤਾ ਪਾਰਟੀ ਦੇ ਆਗੂ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਹਰਿਆਣਾ ਵਿਚ ਇੰਕਾ ਦੀ ਜ਼ਬਰਦਸਤ ਹਾਰ ਨੂੰ ਕੇਂਦਰ ਵਿਚ ਇੰਕਾ ਰਾਜ ਦੇ ਖਾਤਮੇ ਦੀ ਸ਼ੁਰੂਆਤ ਕਿਹਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਵਿਚ ਇੰਕਾ ਦੇ ਹਾਰਨ ਦੀ ਤਾਂ ਸੰਭਾਵਨਾ ਸੀ ਪਰ ਲੋਕ ਦਲ-ਭਾਜਪਾ ਗਠਜੋੜ ਨੂੰ ਏਨਾ ਵੱਡਾ ਸਮਰਥਨ ਦੇਖ ਕੇ ਲਗਦਾ ਹੈ ਕਿ ਲੋਕਾਂ ਨੇ 'ਸੱਤਾਧਾਰੀ ਪਾਰਟੀ' ਨੂੰ ਬੁਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਉਨ੍ਹਾਂ ਨੇ ਇਸ ਗੱਲ ਨੂੰ ਇੰਕਾ ਦੀ ਤਬਾਹੀ ਦੱਸਿਆ। ਹਰਿਆਣਾ ਵਿਚ ਇੰਕਾ ਦੀ ਏਨੀ ਭੈੜੀ ਹਾਰ ਦੀ ਹੋਰ ਵੀ ਮਹੱਤਤਾ ਹੈ ਕਿ ਪਹਿਲੇ ਹਿੰਦੀ ਬੋਲਣ ਵਾਲੇ ਰਾਜ ਵਿਚ ਚੋਣਾਂ 'ਚ ਲੋਕਾਂ ਨੇ ਸਟੇਟ ਨੂੰ ਪਾਰਟੀ ਵਿਚੋਂ ਬਾਹਰ ਕੱਢ ਦਿੱਤਾ ਹੈ।

ਨਵੀਂ ਦਿੱਲੀ — ਮੱਧ ਪ੍ਰਦੇਸ਼ ਦੇ ਸਾਬਕਾ ਰਾਜਪਾਲ ਸ੍ਰੀ ਭਗਵਤ ਦਿਆਲ ਸ਼ਰਮਾ ਨੇ ਲੋਕ ਦਲ (ਬ) ਦੇ ਆਗੂ ਸ੍ਰੀ ਦੇਵੀ ਲਾਲ ਨੂੰ ਹਰਿਆਣਾ ਅਸੰਬਲੀ ਵਿਚ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਤੇ ਵਧਾਈ ਦਿੱਤੀ। ਸ੍ਰੀ ਭਗਵਤ ਦਿਆਲ ਸ਼ਰਮਾ ਹਰਿਆਣਾ ਦੇ ਪਹਿਲੇ ਮੁਖ ਮੰਤਰੀ ਰਹਿ ਚੁਕੇ ਹਨ।

ਜਲੰਧਰ — ਸਾਥੀ ਗੁਰਚਰਨ ਸਿੰਘ ਰੰਧਾਵਾ ਐਕਟਿੰਗ ਸਕੱਤਰ ਪੰਜਾਬ ਰਾਜ ਕਮੇਟੀ ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਹਰਿਆਣਾ ਚੋਣਾਂ 'ਚ ਲੋਕ ਦਲ (ਬ) ਦੀ ਜਿੱਤ ਤੇ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਹੈ ਕਿ ਹਰਿਆਣਾ ਦੇ ਲੋਕਾਂ ਨੇ ਕਾਂਗਰਸ ਆਈ ਨੂੰ ਲੱਕਤੋੜ ਹਾਰ ਦੇ ਕੇ ਇੰਕਾ ਦੀਆਂ ਲੋਕ ਵਿਰੋਧੀ ਨੀਤੀਆਂ, ਇੰਕਾ ਹਾਕਮਾਂ ਦੇ ਉਚ ਹਲਕਿਆਂ 'ਚ ਪਾਈ ਜਾਂਦੀ ਘੋਰ ਕਰੱਪਸ਼ਨ ਜੋ ਕਿ ਹਾਲ ਹੀ ਵਿਚ ਫੇਅਰਫੈਕਸ ਸਬਮੇਰਾਈਨ ਅਤੇ ਬੋਫੋਰਜ਼ ਸਕੈਂਡਲਾਂ 'ਚ ਨੰਗੀ ਹੋਈ ਹੈ ਅਤੇ ਰਾਜੀਵ ਦੀਆਂ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਹਿਤਾਂ ਤੋਂ ਇੰਕਾ ਦੇ ਤੰਗ ਰਾਜਸੀ ਹਿਤਾਂ ਨੂੰ ਮੂਹਰੇ ਰੱਖਣ ਦੀਆਂ ਘਿਨਾਉਣੀਆਂ ਨੀਤੀਆਂ ਵਿਰੁੱਧ ਫਤਵਾ ਦਿੱਤਾ ਹੈ। ਸਾਥੀ ਰੰਧਾਵਾ ਨੇ ਕਿਹਾ ਹੈ ਕਿ ਇਹ ਆਸ ਕੀਤੀ ਜਾਂਦੀ ਹੈ ਕਿ ਚੌਧਰੀ ਦੇਵੀ ਲਾਲ ਹਰਿਆਣਾ ਤੇ ਪੰਜਾਬ ਦੇ ਲੋਕਾਂ ਵਿਚਾਲੇ ਦੋਸਤਾਨਾ ਸਬੰਧਾਂ ਦੀ ਉਸਾਰੀ ਲਈ ਉਸਾਰੂ ਪਹੁੰਚ ਅਪਨਾਉਣਗੇ।

ਅਗਰਤਲਾ — ਤ੍ਰਿਪੁਰਾ ਦੇ ਮੁਖ ਮੰਤਰੀ ਨ੍ਰਿਪੇਨ ਚਕਰਵਰਤੀ ਨੇ ਹਰਿਆਣਾ ਅਸੰਬਲੀ ਚੋਣਾਂ ਵਿਚ ਇੰਕਾ ਦੀ ਹਾਰ ਤੇ ਟਿਪਣੀ ਕਰਦਿਆਂ ਕਿਹਾ ਕਿ ਇਹ ਚੋਣ ਨਤੀਜੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਲਈ ਇਕ ਸਬਕ ਹਨ। ਮੁਖ ਮੰਤਰੀ ਨੇ ਕਿਹਾ ਕਿ ਚੋਣਾਂ ਵਿਚ ਹਾਰ ਲਈ ਇੰਕਾ ਸਰਕਾਰ ਦੀਆਂ ਲੋਕ ਵਿਰੋਧੀ ਫਿਰਕੂ ਨੀਤੀਆਂ ਜ਼ਿਮੇਵਾਰ ਹਨ।

ਜੈਪੁਰ — ਰਾਜਸਥਾਨ ਵਿਚ ਵੱਖ ਵੱਖ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਹਰਿਆਣਾ ਅਸੰਬਲੀ ਚੋਣਾਂ ਵਿਚ ਲੋਕ ਦਲ-ਭਾਜਪਾ ਗਠਜੋੜ ਦੀ ਸ਼ਾਨਦਾਰ ਜਿੱਤ ਤੇ ਵਧਾਈ ਦਿੱਤੀ। ਲੋਕ ਦਲ (ਬ) ਦੀ ਸਟੇਟ ਯੂਨਿਟ ਦੇ ਪ੍ਰਧਾਨ ਨਥੂ ਰਾਮ ਮਿਰਧਾ ਅਤੇ ਭਾਜਪਾ ਦੇ ਐਮ ਐਲ ਏ ਭੈਰੋਂ ਸਿੰਘ ਸ਼ੇਖਾਵਤ ਨੇ ਕਿਹਾ ਕਿ ਦੇਸ਼ ਵਿਚ ਇੰਕਾ ਲੋਕਾਂ ਦਾ ਸਮਰਥਨ ਖੋਹ ਚੁਕੀ ਹੈ ਜਿਸ ਲਈ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਅਸਤੀਫਾ ਦੇਣਾ ਦੇਣਾ ਚਾਹੀਦਾ ਹੈ।

ਮਦਰਾਸ — ਡੀ ਐਮ ਕੇ ਦੇ ਪ੍ਰਧਾਨ ਸ੍ਰੀ ਕਰੁਨਾਨਿਧੀ ਨੇ ਇਥੇ ਕਿਹਾ ਕਿ ਹਰਿਆਣਾ ਚੋਣਾਂ ਵਿਚ ਲੋਕ ਦਲ (ਬ) ਦੀ ਜਿੱਤ ਭਾਰਤੀ ਸਿਆਸਤ ਵਿਚ ਇਕ ਨਵਾਂ ਮੋੜ ਹੋਵੇਗੀ ਜਿਵੇਂ ਕਿ ਕੁਰੂਕਸ਼ੇਤਰ ਤੇ ਪਾਣੀਪਤ ਦੀ ਲੜਾਈ ਨੇ ਭਾਰਤੀ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ ਸੀ।

ਪਣਜੀ — ਲੋਕ ਸਭਾ ਵਿਚ ਵਿਰੋਧੀ ਲੀਡਰ ਪ੍ਰੋ: ਮਧੂ ਦੰਡਵਤੇ ਨੇ ਕਿਹਾ ਕਿ ਹਰਿਆਣੇ ਵਿਚ ਇੰਕਾ ਦੀ ਹਾਰ ਤੋਂ ਸਪੱਸ਼ਟ ਹੁੰਦਾ ਹੈ ਕਿ ਕੇਂਦਰ ਵਿਚ ਵੀ ਮੁੜ ਚੋਣਾਂ ਕਰਾਈਆਂ ਜਾਣ।

ਨਵੀਂ ਦਿੱਲੀ — ਜੰਮੂ ਕਸ਼ਮੀਰ ਪੈਂਥਰ ਪਾਰਟੀ ਦੇ ਪ੍ਰਧਾਨ ਸ੍ਰੀ ਭੀਮ ਸਿੰਘ ਨੇ ਹਰਿਆਣਾ ਅਸੰਬਲੀ ਚੋਣਾਂ ਵਿਚ ਇੰਕਾ ਦੀ ਹਾਰ ਹੋਣ ਤੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਤੋਂ ਅਸਤੀਫਾ ਮੰਗਿਆ ਹੈ। ਉਨ੍ਹਾਂ ਨੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਅਪੀਲ ਕੀਤੀ ਕਿ ਉਹ ਭ੍ਰਿਸ਼ਟ ਲੀਡਰਸ਼ਿਪ ਤੋਂ ਦੇਸ਼ ਨੂੰ ਬਚਾਉਣ।

—ਆਸਾਮ ਦੇ ਗ੍ਰਹਿ ਮੰਤਰੀ ਸ੍ਰੀ ਭ੍ਰਿਗੂ ਕੁਮਾਰ ਫੂਲਨ ਨੇ ਹਰਿਆਣਾ ਅਸੰਬਲੀ ਚੋਣਾਂ ਜਿੱਤਣ ਤੇ ਸ੍ਰੀ ਦੇਵੀ ਲਾਲ ਨੂੰ ਵਧਾਈ ਦਿੱਤੀ ਹੈ।

ਚੰਡੀਗੜ੍ਹ — ਅਕਾਲੀ ਦਲ (ਸੰਤ) ਦੇ ਸੀਨੀਅਰ ਲੀਡਰ ਤੇ ਸਾਬਕਾ ਵਿਤ ਮੰਤਰੀ ਸ: ਬਲਵੰਤ ਸਿੰਘ ਨੇ ਹਰਿਆਣਾ ਵਿਚ ਲੋਕ ਦਲ ਬ ਦੀ ਜਿੱਤ ਤੇ ਸ੍ਰੀ ਦੇਵੀ ਲਾਲ ਨੂੰ ਵਧਾਈ ਦਿੰਦਿਆਂ ਆਸ ਪ੍ਰਗਟ ਕੀਤੀ ਕਿ ਹੁਣ ਦੋਹਾਂ ਰਾਜਾਂ ਦੇ ਆਪਸੀ ਝਗੜੇ ਦੋਸਤਾਨਾ ਢੰਗ ਨਾਲ ਹੱਲ ਹੋ ਜਾਣਗੇ।

### ਸਿੰਘ ਸਾਹਿਬ ਦਾ ਪ੍ਰਤੀਕਰਮ

ਅੰਮ੍ਰਿਤਸਰ — ਅਕਾਲ ਤਖਤ ਦੇ ਜਥੇਦਾਰ ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਨੇ ਕਿਹਾ ਕਿ ਹਰਿਆਣਾ ਦੀਆਂ ਚੋਣਾਂ ਦੇ ਨਤੀਜਿਆਂ ਨੂੰ ਦੇਖਦਿਆਂ 'ਦੀਵਾਰ ਤੇ ਲਿਖਿਆ' ਪੜ੍ਹ ਲੈਣਾ ਚਾਹੀਦਾ ਹੈ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਜੋ ਹੁਕਮਰਾਨ ਚੰਗਾ ਕੰਮ ਨਹੀਂ ਕਰਦੇ ਉਨ੍ਹਾਂ ਦਾ ਇਹੋ ਹਸ਼ਰ ਹੁੰਦਾ ਹੈ।

### ਬਰਨਾਲਾ ਵਲੋਂ ਵਧਾਈ

ਚੰਡੀਗੜ੍ਹ — ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਹਰਿਆਣਾ ਵਿਚ ਵੱਡੀ ਜਿੱਤ ਲਈ ਚੌਧਰੀ ਦੇਵੀ ਲਾਲ ਨੂੰ ਵਧਾਈ ਦਿੱਤੀ ਹੈ ਅਤੇ ਕਿਹਾ ਕਿ ਇਸ ਜਿੱਤ ਨਾਲ ਪੰਜਾਬ ਤੇ ਹਰਿਆਣਾ ਦੇ ਸਬੰਧ ਮਜ਼ਬੂਤ ਕਰਨ ਵਿਚ ਮੱਦਦ ਮਿਲੇਗੀ। ਸੰਯੁਕਤ ਅਕਾਲੀ ਦਲ ਦੇ ਨਗ਼ਤਾ ਸ: ਸੁਖਦੇਵ ਸਿੰਘ ਢੀਂਡਸਾ ਨੇ ਵੀ ਲੋਕ ਦਲ ਦੀ ਜਿੱਤ ਦਾ ਸੁਆਗਤ ਕੀਤਾ ਹੈ।



# ਲੋਕ ਸਾਵਧਾਨ ਰਹਿਣ — ਰਾਜੇਸ਼ਵਰ ਰਾਓ

ਵਿਜੈਵਾੜਾ — ਭਾਰਤੀ ਕਮਿਊਨਿਸਟ ਪਾਰਟੀ (ਸੀ. ਪੀ. ਆਈ) ਦੇ ਜਨਰਲ ਸਕੱਤਰ ਸਾਥੀ ਸੀ. ਰਾਜੇਸ਼ਵਰ ਰਾਓ ਨੇ ਲੋਕਾਂ ਨੂੰ ਉਹਨਾਂ ਸਾਮਰਾਜੀ ਤਾਕਤਾਂ ਦੇ ਭੈੜੇ ਮਨਸੂਬਿਆਂ ਵਿਰੁੱਧ ਚੇਤਾਵਨੀ ਦਿੱਤੀ ਹੈ ਜੋ ਭਾਰਤ ਨੂੰ ਖੇਰੂੰ ਖੇਰੂੰ ਕਰਨਾ ਚਾਹੁੰਦੀਆਂ ਹਨ ਅਤੇ ਇਨਕਲਾਬ ਤੋਂ ਪਹਿਲਾਂ ਦੇ ਚੀਨ ਵਾਂਗ ਸੱਤਾ ਹਥਿਆਉਣਾ ਚਾਹੁੰਦੀਆਂ ਹਨ। **ਇਥੇ ਇਕ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਸਾਥੀ ਰਾਓ ਨੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਉਪਰ ਜ਼ੋਰ ਦਿਤਾ ਕਿ ਉਹ ਆਪਣੀਆਂ ਮੌਜੂਦਾ ਨੀਤੀਆਂ ਤੋਂ ਨਾ ਥਿੜਕਣ।** ਉਹਨਾਂ ਕਿਹਾ ਕਿ ਬਦੇਸ਼ ਨੀਤੀ ਨੇ ਅੰਗੋਲਾ, ਨਿਕਾਰੁਗਆ, ਕਿਊਬਾ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਨੂੰ ਅਸਥਿਰ ਕਰਨ ਦੀ ਸਾਮਰਾਜੀ ਸਾਜ਼ਿਸ਼ਾਂ ਦੀ ਸਖਤ ਨਿੰਦਾ ਕੀਤੀ ਹੈ ਅਤੇ ਯੋਗ ਮੁਕਤੀ ਸੰਘਰਸ਼ਾਂ ਦੀ ਹਮਾਇਤ ਕੀਤੀ ਹੈ। ਸਾਮਰਾਜੀ ਤਾਕਤਾਂ ਭਾਰਤ ਦੀ ਇਸ ਨੀਤੀ ਨੂੰ ਪਸੰਦ ਨਹੀਂ ਕਰਦੀਆਂ ਇਸ ਲਈ ਉਹ ਇਸ ਉਪ ਮਹਾਂਦੀਪ ਵਿਚ ਤਣਾਅ ਪੈਦਾ ਕਰਕੇ ਭਾਰਤ ਨੂੰ ਟੁਕੜੇ ਟੁਕੜੇ ਕਰਨ ਦੇ ਯਤਨ ਕਰ ਰਹੀਆਂ ਹਨ।

ਸਾਥੀ ਰਾਓ ਨੇ ਪਿਛੇ ਜਿਹੇ ਉਠੇ ਸਕੈਂਡਲਾਂ ਲਈ ਪ੍ਰਧਾਨ ਮੰਤਰੀ ਦੀ ਸਖਤ ਅਲੋਚਨਾ ਕੀਤੀ। ਉਹਨਾਂ ਮੰਗ ਕੀਤੀ ਕਿ ਕੇਂਦਰ ਰਾਹੀਂ ਕਾਇਮ ਪਾਰਲੀਮਾਨੀ ਕਮੇਟੀ ਸਾਰੇ ਸਕੈਂਡਲਾਂ ਦੀ, ਹਥਿਆਰਾਂ ਦੇ ਸੌਦੇ ਵਿਚ ਦੋਸ਼ੀ ਭਾਰਤੀਆਂ ਦੇ ਸਵਿਸ ਬੈਂਕਾਂ ਵਿਚ ਖਾਤਿਆਂ ਅਤੇ ਫੇਅਰਫੈਕਸ ਮਾਮਲੇ ਦੀ ਜਾਂਚ ਕਰਕੇ ਦੋਸ਼ੀਆਂ ਨੂੰ ਨੰਗੇ ਕਰੇ।

ਸੀ. ਪੀ. ਆਈ. ਆਗੂ ਨੇ ਅਗੋਂ ਕਿਹਾ ਕਿ ਦੇਸ ਇਸ ਸਮੇਂ ਗੰਭੀਰ ਸੰਕਟ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਹਿੰਦੂ ਅਤੇ ਮੁਸਲਿਮ ਰੂੜੀਵਾਦ ਥਾਂ ਥਾਂ ਸਿਰ ਚੁਕ ਕੇ ਲੋਕਾਂ ਨੂੰ ਧਰਮ ਦੇ ਨਾਂ ਤੇ ਵੰਡਣ ਦੀ ਕੋਸ਼ਿਸ਼ ਕਰ ਰਿਹਾ ਹੈ ਉਹਨਾਂ ਮੰਗ ਕੀਤੀ ਕਿ ਸਾਰੀਆਂ ਫਿਰਕੂ ਜਥੇਬੰਦੀਆਂ ਅਤੇ ਉਨ੍ਹਾਂ ਦੇ ਅਖਬਾਰਾਂ ਤੇ ਫੌਰੀ ਪਾਬੰਦੀ ਲਾਗੂ ਕੀਤੀ ਜਾਵੇ'

# ਤਰਨਤਾਰਨ ਵਿਚ ਇਕੋ ਪਰਿਵਾਰ ਦੇ ਤਿੰਨ ਜੀਅ ਹਲਾਕ



ਵੀਰਵਾਰ ਦੀ ਰਾਤ ਨੂੰ ਤਰਨਤਾਰਨ ਵਿਖੇ ਸ਼ੱਕੀ ਬੰਦਿਆਂ ਹੱਥੋਂ ਮਾਰਿਆ ਗਿਆ (1) ਅਧਿਆਪਕ ਸਰਨਾਗਤ ਸਿੰਘ (2) ਉਸਦਾ ਲੜਕਾ ਹਰਚਰਨ ਸਿੰਘ ਤੇ (3) ਲੜਕੀ ਬਲਵਿੰਦਰ ਕੌਰ।

ਤਰਨਤਾਰਨ — ਤਰਨਤਾਰਨ ਦੇ ਮੁਹੱਲਾ ਜਸਵੰਤ ਸਿੰਘ ਵਿਖੇ 8-10 ਸ਼ੱਕੀ ਦਹਿਸ਼ਤਗਰਦਾਂ ਨੇ ਇਕੋ ਪਰਿਵਾਰ ਦੇ ਤਿੰਨ ਮੈਂਬਰਾਂ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਦੱਸਿਆ ਜਾਂਦਾ ਹੈ ਕਿ ਦਹਿਸ਼ਤਗਰਦਾਂ ਜਿਨ੍ਹਾਂ ਨੇ ਪੁਲਸ ਦੀਆਂ ਵਰਦੀਆਂ ਪਾਈਆਂ ਹੋਈਆਂ ਸਨ, ਇਕ ਆਧਿਆਪਕ ਸਰਨਾਗਤ ਸਿੰਘ ਦੇ ਘਰ ਅੰਦਰ ਦਾਖਲ ਹੋ ਗਏ ਅਤੇ ਅਨ੍ਹੇਵਾਹ ਫਾਇਰਿੰਗ ਸ਼ੁਰੂ ਕਰ ਦਿੱਤੀ ਜਿਸਦੇ ਸਿੱਟੇ ਵਜੋਂ ਸਰਨਾਗਤ ਸਿੰਘ (60), ਉਸਦਾ ਲੜਕਾ ਹਰਚਰਨ ਸਿੰਘ (28) ਰਿਟਾਇਰ ਪੁਲਸ ਕਾਂਸਟੇਬਲ, ਅਤੇ ਉਸਦੀ ਲੜਕੀ ਬਲਵਿੰਦਰ ਕੌਰ (20) ਹਲਾਕ ਹੋ ਗਈ। ਇਹ ਵੀ ਆਧਿਆਪਕ ਸੀ। ਪੁਲਸ ਅਨੁਸਾਰ ਦਹਿਸ਼ਤਗਰਦਾਂ ਨੇ ਬਹੁਤ ਨੇੜਿਓਂ ਗੋਲੀ ਚਲਾਈ। ਪੁਲਸ ਸੂਤਰਾਂ ਅਨੁਸਾਰ ਹਰਚਰਨ ਸਿੰਘ ਦੇ ਇਕ ਦਹਿਸ਼ਤਗਰਦ ਪੱਪੂ ਬਾਜਵਾ ਜੋ ਤਰਨਤਾਰ ਖੇਤਰ ਵਿਖੇ ਇਕ ਮੁਕਾਬਲੇ 'ਚ ਹਲਾਕ ਹੋ ਗਿਆ ਸੀ, ਦੇ ਨਾਲ ਬੜੇ ਨੇੜਲੇ ਸਬੰਧ ਸਨ। ਅਪਰਾਧ ਕਰਨ ਤੋਂ ਬਾਅਦ ਸ਼ੱਕੀ ਦਹਿਸ਼ਤਗਰਦ ਬੜੀ ਆਸਾਨੀ ਨਾਲ ਫਰਾਰ ਹੋਣ ਵਿਚ ਸਫਲ ਹੋ ਗਏ। ਇਸ ਘਟਨਾਂ ਦੀ ਸੂਚਨਾ ਮਿਲਣ ਤੇ ਉਚ ਪੁਲਸ ਅਧਿਕਾਰੀ ਮੌਕੇ ਤੇ ਪਹੁੰਚ ਗਏ।

ਪੱਤਰ ਪ੍ਰੇਰਕ ਅਨੁਸਾਰ ਦਹਿਸ਼ਤਗਰਦਾਂ ਨੇ ਪਰਿਵਾਰ ਦੇ ਮੈਂਬਰਾਂ ਨੂੰ ਬਾਹਰ ਆਉਣ ਲਈ ਕਿਹਾ। ਘਰ ਵਾਲਿਆਂ ਜਦੋਂ ਕਿਹਾ ਕੀ ਗੱਲ ਹੈ ਤਾਂ ਉਨ੍ਹਾਂ ਕਿਹਾ ਕਿ ਅਸੀਂ ਤਲਾਸ਼ੀ ਲੈਣੀ ਹੈ ਤੇ ਤੁਸੀਂ ਟਾਊਟੀ ਕਰਦੇ ਹੋ। ਦਹਿਸ਼ਤਗਰਦਾਂ ਨੇ ਸਟੇਨਗੰਨਾਂ ਅਤੇ ਪਿਸਤੌਲ ਤਾਣ ਲਏ ਅਤੇ ਫਾਇਰਿੰਗ ਕੀਤੀ ਜਿਸ ਦੇ ਸਿੱਟੇ ਵਜੋਂ ਮਾਸਟਰ ਸਰਨਾਗਤ ਸਿੰਘ ਅਤੇ ਉਸਦੇ ਲੜਕੇ ਹਰਚਰਨ ਸਿੰਘ ਉਰਫ ਜੱਜ ਨੂੰ ਮੌਕੇ ਤੇ ਮਾਰ ਦਿੱਤਾ। ਮਾਸਟਰ ਦਾ ਇਕ ਲੜਕਾ ਮਨਜਿੰਦਰ ਸਿੰਘ ਭੱਜ ਕੇ ਗਲੀ ਰਸਤੇ ਬਾਹਰ ਨਿਕਲ ਗਿਆ। ਇਕੱਠੇ ਹੋਏ ਲੋਕਾਂ ਦੱਸਿਆ ਕਿ ਮਾਸਟਰ ਦੀ ਲੜਕੀ ਬਲਵਿੰਦਰ ਕੌਰ ਨੇ ਇਕ ਵਿਅਕਤੀ ਨੂੰ ਫੜਨ ਲਈ ਜਿਉਂ ਹੀ ਜੱਫਾ ਮਾਰਿਆ ਤਾਂ ਉਨ੍ਹਾਂ ਅੱਗੋ ਪਿਸਤੌਲ ਨਾਲ ਗੋਲੀ ਮਾਰ ਕੇ ਇਸ ਨੂੰ ਵੀ ਇਥੇ ਢੇਰੀ ਕਰ ਦਿੱਤਾ।

# ਪੁਲਸ ਮੁਕਾਬਲਿਆਂ ਵਿਚ ਕੁਲ 71 ਸ਼ੱਕੀ ਬੰਦੇ ਮਾਰੇ ਗਏ — ਰਿਬੈਰੋ

ਪਟਿਆਲਾ — ਪੰਜਾਬ ਪੁਲਸ ਦੇ ਮੁਖੀ ਸ੍ਰੀ ਰਿਬੈਰੋ ਨੇ ਇਥੇ ਸਰਕਟ ਹਾਊਸ ਵਿਚ ਦੱਸਿਆ ਕਿ ਉਹਨਾਂ ਨੇ ਕਈ ਜ਼ਿਲਿਆਂ ਦਾ ਦੌਰਾ ਕੀਤਾ ਹੈ ਜਿਸ ਤੋਂ ਇਹ ਪਤਾ ਲੱਗਾ ਕਿ ਲੋਕਾਂ ਦੇ ਅਤਿਵਾਦੀਆਂ ਨਾਲ ਲੜਾਈ ਲਈ ਹੌਂਸਲ ਵਧ ਰਹੇ ਹਨ ਅਤੇ ਇਹ ਇਕ ਚੰਗਾ ਕਦਮ ਹੈ। ਇਸ ਨਾਲ ਪੁਲਸ ਦਾ ਉਤਸ਼ਾਹ ਵਧਿਆ ਹੈ। ਉਹਨਾਂ ਕਿਹਾ ਕਿ ਫਰੀਦਕੋਟ, ਮੋਗਾ, ਤਰਨਤਾਰਨ ਦੇ ਇਲਾਕਿਆਂ ਵਿਚ 300 ਅਤਿਵਾਦੀ ਅਸਲਾ ਲੈ ਕੇ ਘੁੰਮ ਰਹੇ ਹਨ। ਪੁਲਸ ਵਲੋਂ ਉਹਨਾਂ ਦੀ ਤਲਾਸ਼ ਜਾਰੀ ਹੈ। ਪੁਲਸ ਨੇ ਜੋ 450 ਵਿਅਕਤੀ ਫੜੇ ਹਨ ਉਹਨਾਂ ਵਿਚੋਂ ਬਹੁਤੇ ਚੋਰੀ ਤੇ ਖੋਹਾਂ ਕਾਰਨ ਵਾਲੇ ਹਨ।

ਪਹਿਲੀ ਜਨਵਰੀ 1986 ਤੋਂ ਅਤਿਵਾਦੀਆਂ ਦਾ ਸੰਗਠਨ ਮਜ਼ਬੂਤ ਹੋਇਆ ਹੈ। ਸੰਗਠਨਾਂ ਵਿਚ ਵੀਹ ਤੋਂ ਤੀਹ ਸਾਲ ਤੱਕ ਦੀ ਉਮਰ ਦੇ ਨੌਜੁਆਨ ਕੰਮ ਕਰਦੇ ਹਨ। ਜ਼ਿਲਾ ਫਰੀਦਕੋਟ ਵਿਚ 38 ਅਤਿਵਾਦੀ ਤੇ ਪਟਿਆਲਾ ਜ਼ਿਲੇ ਵਿਚ 28 ਅਤਿਵਾਦੀ ਗ੍ਰਿਫਤਾਰ ਕੀਤੇ ਗਏ ਹਨ। ਘਲੂਘਾਰਾ ਨਾਮ ਹੇਠ ਕੀਤੇ ਜਾ ਰਹੇ ਸੰਘਰਸ਼ ਵਿਚ ਗੁੰਮਰਾਹ ਨੌਜੁਆਨ ਹੀ ਸ਼ਾਮਲ ਸਨ। ਜੋ ਹੋਰ ਨੌਜੁਆਨ ਪੰਜਾਬ ਵਿਚੋਂ ਫੜੇ ਗਏ ਸਨ, ਉਹਨਾਂ ਵਿਚੋਂ 500 ਨੂੰ ਪੰਚਾਇਤਾਂ ਜਾਂ ਉਹਨਾਂ ਦੇ ਮਾਂ ਬਾਪ ਦੀ ਗਾਰੰਟੀ ਦੇਣ ਪਿਛੋਂ ਛੱਡ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਹਾਲਾਂ ਕਈ ਖਤਰਨਾਕ ਅਤਿਵਾਦੀ ਅੰਡਰਗਰਾਊਂਡ ਹਨ। ਮਈ ਮਹੀਨੇ ਵਿਚ ਸੀਮਾ ਪਾਰ ਕਰਦੇ ਤੇ ਪੁਲਸ ਮੁਕਾਬਲਿਆਂ ਵਿਚ 71 ਅਤਿਵਾਦੀ ਮਾਰੇ ਗਏ ਹਨ।


# ਪਿੰਡ ਖੋਸਾ ਕੋਟਲਾ 'ਚ ਨਜਾਇਜ਼ ਹਥਿਆਰਾਂ ਦੀ ਫੈਕਟਰੀ ਕਾਬੂ

ਮੋਗਾ — ਜ਼ਿਲਾ ਫਰੀਦਕੋਟ ਦੀ ਪੁਲਸ ਨੇ ਪਿੰਡ ਖੋਸਾ ਕੋਟਲਾ ਵਿਚ ਨਜਾਇਜ਼ ਹਥਿਆਰ ਬਨਾਉਣ ਵਾਲੀ ਇਕ ਫੈਕਟਰੀ ਨੂੰ ਫੜਣ ਦਾ ਦਾਅਵਾ ਕੀਤਾ ਹੈ ਪੁਲਸ ਨੇ ਫੈਕਟਰੀ ਦੇ ਮਾਲਕ ਮੇਜਰ ਸਿੰਘ ਮਿਸਤਰੀ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ। ਇਹ ਜਾਣਕਾਰੀ ਫਿਰੋਜ਼ਪੁਰ ਰੇਂਜ ਦੇ ਡੀ ਆਈ ਜੀ ਸ: ਧਰਮ ਸਿੰਘ ਮੋਹੀ ਨੇ ਹਿੰਦੋਸਤਾਨ ਸਮਾਚਾਰ ਨੂੰ ਦਿੰਦਿਆਂ ਦੱਸਿਆ ਕਿ ਫੈਕਟਰੀ ਵਿਚ ਕੁਝ ਤਿਆਰ ਤੇ ਕੁਝ ਅਧੂਰਾ ਅਸਲਾ ਬਰਾਮਦ ਕੀਤਾ ਹੈ ਇਨ੍ਹਾਂ ਵਿਚ 12 ਬੋਰ ਤੇ 303 ਦੇ 5 ਪਿਸਤੌਲ ਵੀ ਸ਼ਾਮਲ ਹਨ। ਸ੍ਰੀ ਮੋਹੀ ਨੇ ਦੱਸਿਆ ਕਿ ਫੜੇ ਗਏ ਮੇਜਰ ਸਿੰਘ ਮਿਸਤਰੀ ਨੇ ਸਵੀਕਾਰ ਕੀਤਾ ਹੈ ਕਿ ਉਹ ਆਪਣੀ ਫੈਕਟਰੀ ਵਿਚ ਤਿਆਰ ਕੀਤੇ ਗਏ ਹਥਿਆਰ ਖਾੜਕੂ ਜਥੇਬੰਦੀ ਬ਼ੈਲੇ ਰੈਜਮੈਂਟ ਦੇ ਮੈਂਬਰਾਂ ਨੂੰ ਸਪਲਾਈ ਕਰਦੇ ਰਹੇ ਹਨ। ਇਸ ਜਥੇਬੰਦੀ ਦੇ ਮੈਂਬਰ ਜ਼ਿਲਾ ਫਰੀਦਕੋਟ ਦੇ ਮੁਕਤਸਰ ਤੇ ਮੋਗਾ ਸਬ ਡਵੀਜਨ ਅਤੇ ਫੀਰੋਜ਼ਪੁਰ ਦੇ ਜ਼ੀਰਾ ਸਬ ਡਵੀਜਨ ਵਿਚ ਹਿੰਸਕ ਘਟਨਾਵਾਂ ਵਿਚ ਲਗ ਰਹੇ ਹਨ। ਸ: ਮੋਹੀ ਨੇ ਆਸ ਪ੍ਰਗਟ ਕੀਤੀ ਕਿ ਜਲ ਦੀ ਉਪਰੋਕਤ ਰਜਮੈਂਟ ਦੇ ਮੈਂਬਰ ਦੇ ਟਿਕਾਣਿਆਂ ਦਾ ਪਤਾ ਲਾ ਕੇ ਗ੍ਰਿਫਤਾਰ ਕਰ ਲਿਆ ਜਾਵੇਗਾ।

# ਸੁਧਾਰਵਾਦੀ ਲਹਿਰ ਦਮ ਤੋੜ ਰਹੀ ਹੈ — ਸੀ. ਪੀ. ਆਈ.

ਚੰਡੀਗੜ੍ਹ — ਸੀ. ਪੀ. ਆਈ. ਦੀ ਪੰਜਾਬ ਇਕਾਈ ਨੇ ਕੇਂਦਰ ਨੂੰ ਅਪੀਲ ਕੀਤੀ ਹੈ ਕਿ ਸੁਰੱਖਿਆ ਦਲਾਂ ਵਲੋਂ ਪ੍ਰਭਾਵਸ਼ਾਲੀ ਕਾਰਵਾਈ ਦੇ ਨਾਲ ਨਾਲ ਬਿਨਾਂ ਕਿਸੇ ਸੌੜੇ ਹਿੱਤਾਂ ਤੋਂ ਕੇਂਦਰ ਨੂੰ ਮਸਲੇ ਦਾ ਰਾਜਸੀ ਹੱਲ ਲੱਭਣ ਲਈ ਮੁੜ ਕੇ ਯਤਨ ਸ਼ੁਰੂ ਕਰਨੇ ਚਾਹੀਦੇ ਹਨ। ਇਥੇ ਪਾਰਟੀ ਦੀ ਕਾਰਜਕਾਰਨੀ ਦੀ ਮੀਟਿੰਗ ਪਿਛੋਂ ਪ੍ਰੈਸ ਦੇ ਨਾਂ ਜਾਰੀ ਬਿਆਨ ਵਿਚ ਪਾਰਟੀ ਦੇ ਬੁਲਾਰੇ ਨੇ ਕਿਹਾ ਕਿ ਪਾਰਟੀ ਨੇ ਸਿੱਖ ਫੈਡਰੇਸ਼ਨ ਦੇ 25 ਅਤੇ 26 ਮਈ ਦੇ ਬੰਦ ਫੇਲ ਹੋਣ ਉਤੇ ਦਸਲਾ ਦਾ ਪ੍ਰਗਟਾਵਾ ਕੀਤਾ ਹੈ। ਬੇਸ਼ੱਕ ਅਤਿਵਾਦੀ ਘਟਨਾਵਾਂ ਜਾਰੀ ਹਨ ਪ੍ਰੰਤੂ ਸੁਧਾਰਵਾਦੀ ਲਹਿਰ ਵੀ ਦਮ ਤੋੜ ਰਹੀ ਹੈ। ਪਾਰਟੀ ਨੇ ਚਿਤਾਵਨੀ ਦਿਤੀ ਹੈ ਕਿ ਅਤਿਵਾਦ ਵਿਰੁੱਧ ਢਿੱਲ-ਮੱਠ ਖਤਰਨਾਕ ਸਾਬਤ ਹੋ ਸਕਦੀ ਹੈ। ਇਸ ਕੰਮ ਵਿਚ ਅਕਾਲੀ ਅਤੇ ਕਾਂਗਰਸੀ ਨੇਤਾਵਾਂ ਦਾ ਦਖਲ ਨਹੀਂ ਹੋਣਾ ਚਾਹੀਦਾ ਹੈ।

ਪਾਰਟੀ ਨੇ ਫਿਰਕੂ ਸਦਭਾਵਨਾ ਅਤੇ ਕੌਮੀ ਇਕਮੁੱਠਤਾ ਲਈ ਵਿਆਪਕ ਮੁਹਿੰਮ ਛੇੜਨ ਦਾ ਸੱਦਾ ਦਿੱਤਾ ਹੈ। ਸੀ. ਪੀ. ਆਈ. ਨੇ ਰਾਜਸੀ ਪਾਰਟੀਆਂ ਨੂੰ ਵੱਖਵਾਦੀ ਅਤੇ ਅਤਿਵਾਦੀ ਤਾਕਤਾਂ ਵਿਰੁੱਧ ਸਾਂਝੇ ਜਨਤਕ ਐਕਸ਼ਨ ਕਰਨ ਦੀ ਅਪੀਲ ਕੀਤੀ ਹੈ।



# ਰਾਜੀਵ ਸਮੇਤ ਕਈ ਮੰਤਰੀ ਅਤੇ ਵਿਰੋਧੀ ਆਗੂ ਰਾਸ਼ਟਰਪਤੀ ਨੂੰ ਮਿਲੇ

ਨਵੀਂ ਦਿੱਲੀ — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਰਾਸ਼ਟਰਪਤੀ ਨੂੰ ਮਿਲੇ। ਇਹ ਪ੍ਰਧਾਨ ਮੰਤਰੀ ਦੀ ਰਾਸ਼ਟਰਪਤੀ ਨਾਲ ਤਿੰਨ ਦਿਨਾਂ ਵਿਚ ਦੂਜੀ ਮੀਟਿੰਗ ਸੀ। ਦੋਹਾਂ ਆਗੂਆਂ ਨੇ ਇਸ ਤੋਂ ਪਹਿਲਾਂ ਵੀਰਵਾਰ ਨੂੰ ਮੀਟਿੰਗ ਕੀਤੀ ਸੀ ਜਦੋਂ ਪ੍ਰਧਾਨ ਮੰਤਰੀ ਸ੍ਰੀ ਗਾਂਧੀ ਨੇ ਬੋਫੋਰਜ਼ ਸੌਦੇ ਸਬੰਧੀ ਸਚਾਈ ਤਕ ਪੁਜਣ ਲਈ ਉਨ੍ਹਾਂ ਦੀ ਸਰਕਾਰ ਵਲੋਂ ਚੁਕੇ ਗਏ ਕਦਮਾਂ ਬਾਰੇ ਰਾਸ਼ਟਰਪਤੀ ਨੂੰ ਜਾਣਕਾਰੀ ਦਿੱਤੀ ਸੀ।

ਇਸ ਤੋਂ ਪਹਿਲਾਂ, ਗ੍ਰਹਿ ਮੰਤਰੀ ਸ: ਬੂਟਾ ਸਿੰਘ, ਵਾਤਾਵਰਣ ਬਾਰੇ ਮੰਤਰੀ ਸ੍ਰੀ ਭਜਨ ਲਾਲ, ਟਰਾਂਸਪੋਰਟ ਮੰਤਰੀ ਰਾਜੇਸ਼ ਪਾਇਲਟ, ਲੋਕ ਸਭਾ ਦੇ ਨਵੇਂ ਚੁਣੇ ਗਏ ਐਮ. ਪੀ. ਹਰਦਵਾਰੀ ਲਾਲ, ਸਾਬਕ ਕਾਨੂੰਨ ਮੰਤਰੀ ਏ. ਕੇ. ਸੇਨ, ਕਾਂਗਰਸ (ਸ) ਦੇ ਆਗੂ ਸ੍ਰੀ ਕੇ ਪੀ ਊਨੀਕ੍ਰਿਸ਼ਨਨ, ਤੇਲਗੂ ਦੇਸਮ ਦੇ ਆਗੂ ਪੀ ਓਪੇਂਦਰਾ ਅਤੇ ਲੋਕ ਦਲ (ਬ) ਦੇ ਪ੍ਰਧਾਨ ਸ੍ਰੀ ਐਚ ਐਨ ਬਹੂਗੁਣਾ ਨੇ ਵੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨਾਲ ਮੀਟਿੰਗਾਂ ਕੀਤੀਆਂ। ਰਾਸ਼ਟਰਪਤੀ ਭਵਨ ਦੇ ਵਸੀਲਿਆਂ ਅਨੁਸਾਰ ਹੁਕਮਰਾਨ ਕਾਂਗਰਸ (ਆਈ) ਅਤੇ ਅਪੋਜ਼ੀਸ਼ਨ ਨਾਲ ਸਬੰਧਤ ਅਨੇਕਾਂ ਪਾਰਲੀਮੈਂਟ ਮੈਂਬਰਾਂ ਨੇ ਵੀ ਇਕੱਲੇ ਇਕੱਲੇ ਤੌਰ ਤੇ ਜਾਂ ਟੋਲੀਆਂ ਵਿਚ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ। ਗ੍ਰਹਿ ਮੰਤਰੀ ਸ: ਬੂਟਾ ਸਿੰਘ ਨੇ ਰਾਸ਼ਟਰਪਤੀ ਨਾਲ ਇਕ ਘੰਟਾ ਲੰਬੀ ਮੀਟਿੰਗ ਕੀਤੀ। ਪਿਛੋਂ ਪ੍ਰਧਾਨ ਮੰਤਰੀ ਸ੍ਰੀ ਗਾਂਧੀ ਰਾਸ਼ਟਰਪਤੀ ਨੂੰ ਮਿਲਣ ਗਏ।

# ਆਰ. ਵੈਂਕਟਾਰਮਨ ਰਾਸ਼ਟਰਪਤੀ ਪਦ ਲਈ ਇੱਕਾ ਉਮੀਦਵਾਰ

ਨਵੀਂ ਦਿੱਲੀ — ਹਾਕਮ ਕਾਂਗਰਸ ਆਈ ਵਲੋਂ ਉਪ ਰਾਸ਼ਟਰਪਤੀ ਵੈਂਕਟਾਰਮਨ ਨੂੰ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਚੁਣਿਆ ਗਿਆ ਹੈ। ਇਸ ਨਾਮ ਬਾਰੇ ਫੈਸਲਾ ਕਾਂਗਰਸ ਆਈ ਪਾਰਲੀਮਾਨੀ ਬੋਰਡ ਵਲੋਂ ਕੀਤਾ ਗਿਆ ਅਤੇ ਇਸ ਬਾਰੇ ਐਲਾਨ ਕਾਂਗਰਸ ਆਈ ਜਨਰਲ ਸੈਕਟਰੀ ਜੀ. ਕੇ. ਮੂਪਾਨਾਰ ਵਲੋਂ ਕੀਤਾ ਗਿਆ। ਉਹਨਾਂ ਕਿਹਾ ਕਿ ਇਸ ਬਾਰੇ ਕਾਂਗਰਸ ਪ੍ਰਧਾਨ ਰਾਜੀਵ ਗਾਂਧੀ ਨੇ ਸ੍ਰੀ ਵੈਂਕਟਾਰਮਨ ਨੂੰ ਦੱਸ ਦਿੱਤਾ ਹੈ ਤੇ ਉਹਨਾਂ ਨੂੰ ਵਧਾਈ ਵੀ ਭੇਜੀ ਹੈ

ਇਸ ਤੋਂ ਪਹਿਲਾਂ ਸ੍ਰੀ ਰਾਜੀਵ ਗਾਂਧੀ ਨੇ ਰਾਸ਼ਟਰਪਤੀ ਲਈ ਉਮੀਦਵਾਰ ਦੀ ਚੋਣ ਬਾਰੇ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਲੀਡਰਾਂ ਨਾਲ ਕੀਤੀ ਗਈ ਗਲਬਾਤ ਬਾਰੇ ਵੀ ਪਾਰਲੀਮੈਂਟਰੀ ਬੋਰਡ ਨੂੰ ਸੰਖੇਪ ਵਿਚ ਦੱਸਿਆ। ਸ੍ਰੀ ਮੂਪਾਨਾਰ ਨੇ ਕਿਹਾ ਕਿ ਬੋਰਡ ਨੇ ਵੈਂਕਟਾਰਮਨ ਦਾ ਨਾਂ ਸਰਬ ਸੰਮਤੀ ਨਾਲ ਪ੍ਰਵਾਨ ਕਰ ਲਿਆ ਹੈ।

ਪਾਰਲੀਮੈਂਟਰੀ ਬੋਰਡ ਦੀ ਮੀਟਿੰਗ ਤੋਂ ਪਿਛੋਂ ਕਾਂਗਰਸ ਪ੍ਰਧਾਨ ਰਾਜੀਵ ਗਾਂਧੀ ਅਤੇ ਬੋਰਡ ਦੇ ਹੋਰ ਮੈਂਬਰ ਉਪ ਰਾਸ਼ਟਰਪਤੀ ਨੂੰ ਮਿਲੇ ਤੇ ਉਹਨਾਂ ਨੂੰ ਚੋਣ ਬਾਰੇ ਸੂਚਿਤ ਕੀਤਾ। ਰਾਜੀਵ ਗਾਂਧੀ ਦੇ ਨਾਲ ਕਮਲਾਪਤੀ ਤ੍ਰਿਪਾਠੀ ਵੀ ਸਨ। ਰਾਜੀਵ ਗਾਂਧੀ ਨੇ ਆਪਣੀ ਪਾਰਟੀ ਦੇ ਲੀਡਰਾਂ ਨਾਲ ਗਲਬਾਤ ਸਮੇਂ ਇਹ ਸਿੱਟਾ ਕੱਢਿਆ ਕਿ ਸ੍ਰੀ ਵੈਂਕਟਾਰਮਨ ਹੀ ਢੁਕਵੇਂ ਉਮੀਦਵਾਰ ਹਨ।

ਉਘੇ ਵਕੀਲ, ਪਾਰਲੀਮੈਂਟੇਰੀਅਨ ਅਤੇ ਪ੍ਰਬੰਧਕ ਵਜੋਂ ਜਾਣੇ ਜਾਂਦੇ ਸ੍ਰੀ ਵੈਂਕਟਾਰਮਨ ਅਗਸਤ 1982 ਵਿਚ ਉਪ ਰਾਸ਼ਟਰਪਤੀ ਚੁਣੇ ਗਏ ਸਨ। ਆਪ 1967 ਵਿਚ ਪਲਾਨਿੰਗ ਕਮਿਸ਼ਨ ਦੇ ਮੈਂਬਰ ਨਿਯੁਕਤ ਹੋਏ। 1977 ਅਤੇ 1980 ਵਿਚ ਲੋਕ ਸਭਾ ਦੇ ਮੈਂਬਰ ਚੁਣੇ ਗਏ। ਇਸ ਤੋਂ ਬਿਨਾਂ ਆਪ ਖਜ਼ਾਨਾ ਮੰਤਰੀ ਤੇ ਰੱਖਿਆ ਮੰਤਰੀ ਵੀ ਰਹਿ ਚੁਕੇ ਹਨ। ਆਪ 1952 ਤੋਂ ਲਗਾਤਾਰ ਪਾਰਲੀਮੈਂਟ ਦੇ ਮੈਂਬਰ ਚਲੇ ਆ ਰਹੇ ਹਨ।

ਸ੍ਰੀ ਵੈਂਕਟਾਰਮਨ ਨੇ ਵਕਾਲਤ ਕਰਨ ਤੋਂ ਪਿਛੋਂ ਟਰੇਡ ਯੂਨੀਅਨ ਸਰਗਰਮੀਆਂ ਵਿਚ ਹਿਸਾ ਲੈਣਾ ਸ਼ੁਰੂ ਕਰ ਦਿੱਤਾ। ਆਪ ਦਾ ਸਮੁਚਾ ਸਿਆਸੀ ਜੀਵਨ ਕੋਈ ਪੰਜ ਦਹਾਕੇ ਦੇ ਕਰੀਬ ਹੈ।

# ਵਿਸ਼ਵ ਭਰ ਦੇ ਉਰਦੂ ਸ਼ਾਇਰਾਂ ਵਲੋਂ ਪੁਰਅਮਨ ਤਰੱਕੀ ਲਈ ਯਤਨ ਤੇਜ਼ ਕਰਨ ਦਾ ਅਹਿਦ

ਨਵੀਂ ਦਿੱਲੀ — ਵਿਸ਼ਵ ਭਰ ਦੇ 100 ਦੇ ਲਗਭਗ ਉਰਦੂ ਸ਼ਾਇਰਾਂ ਨੇ ਹਰ ਕਿਸਮ ਦੀ ਹਿੰਸਾ, ਦਹਿਸ਼ਤਗਰਦੀ ਅਤੇ ਤੋੜ ਭੰਨ ਦਾ ਵਿਰੋਧ ਕਰਨ ਦਾ ਅਹਿਦ ਲਿਆ ਹੈ। ਰਾਜਧਾਨੀ ਵਿਚ ਪਹਿਲੇ ਇਤਿਹਾਸਕ ਵਿਸ਼ਵ ਉਰਦੂ ਮੁਸ਼ਾਇਰੇ, ਜੋ ਹੁਣੇ ਜਿਹੇ ਖਤਮ ਹੋਇਆ ਹੈ, ਵਿਚ ਜਾਰੀ ਇਕ ਐਲਾਨਨਾਮੇ ਵਿਚ ਉਹਨਾਂ ਨੇ ਨਿਰਦੋਸ਼ੇ ਮਰਦਾਂ, ਔਰਤਾਂ ਅਤੇ ਬੱਚਿਆਂ ਦੇ ਕਤਲਾਂ ਦੀ ਸਖਤ ਨਿਖੇਧੀ ਕੀਤੀ ਹੈ।

ਸ਼ਾਇਰਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜੀਵਨ ਦੇ ਰਾਖਿਆਂ ਨਾਲ ਆਪਣੇ ਆਪ ਨੂੰ ਇਲਹਾਕਬਧ ਕਰਨ ਅਤੇ ਏਕਤਾ, ਮਨੁੱਖੀ ਭਾਈਚਾਰੇ ਅਤੇ ਪੁਰਅਮਨ ਪ੍ਰਗਤੀ ਦੇ ਇਕ ਨਵੇਂ ਪ੍ਰਬੰਧ ਲਈ ਕੰਮ ਕਰਨ। 'ਕੇਵਲ ਤਾਂ ਹੀ ਮਨੁੱਖੀ ਨਸਲ ਵਿਰੁਧ ਸਾਜ਼ਿਸ਼ਾਂ ਨੂੰ ਪਛਾੜਿਆ ਜਾ ਸਕਦਾ ਹੈ' ਐਲਾਨਨਾਮੇ ਵਿਚ ਅਗੇ ਕਿਹਾ ਗਿਆ ਹੈ।


ਉਹਨਾਂ ਕਿਹਾ ਕਿ ਉਹ ਸੰਸਾਰ ਅਮਨ ਅਤੇ ਭਾਰਤ ਪਾਕਿਸਤਾਨ ਦੀ ਖੁਸ਼ਹਾਲੀ ਵਿਚ ਵਿਸ਼ੇਸ਼ ਦਿਲਚਸਪੀ ਰਖਦੇ ਹਨ ਕਿਉਂਕਿ ਇਹ ਉਪਮਹਾਂਦੀਪ ਉਰਦੂ ਦਾ ਇਕ ਪੰਘੂੜਾ ਹੈ। ਉਹਨਾਂ ਅਗੋਂ ਕਿਹਾ ਕਿ ਉਹਨਾਂ ਦੀ ਡੂੰਘੀ ਇਛਾ ਹੈ ਕਿ ਇਹ ਖੇਤਰ ਅਮਨ, ਆਪਸੀ ਮੇਲ ਮਿਲਾਪ ਅਤੇ ਸਦਭਾਵਨਾ ਦਾ ਇਕ ਸੁੰਦਰ ਬਾਗ ਬਣੇ।

# ਸੋਵੀਅਤ ਯੂਨੀਅਨ ਭਾਰਤੀ ਕਾਮਿਆਂ ਨੂੰ ਸਿਖਲਾਈ ਦੇਵੇਗਾ

ਨਵੀਂ ਦਿੱਲੀ — ਸੋਵੀਅਤ ਯੂਨੀਅਨ ਵਿਸ਼ਾਖਾਪਟਨਮ ਸਟੀਲ ਪਲਾਂਟ (ਵੀ. ਐਸ. ਪੀ.) ਦੇ ਪਹਿਲੇ ਹਿੱਸੇ ਦੇ ਚਾਲੂ ਹੋਣ ਤੋਂ ਪਹਿਲਾਂ ਵੀ. ਐਸ. ਪੀ. ਮੁਲਾਜ਼ਮਾਂ ਨੂੰ ਵੱਖ ਵੱਖ ਇਕਾਈਆਂ ਨੂੰ ਗਰਮ ਕਰਨ ਅਤੇ ਚਾਲੂ ਕਰਨ ਬਾਰੇ ਸਿਖਲਾਈ ਦੇਣ ਬਾਰੇ ਸਹਿਮਤ ਹੋ ਗਿਆ ਹੈ। ਪਿਛਲੇ ਦਿਨੀਂ ਆਰਥਿਕ, ਵਿਗਿਆਨਕ ਅਤੇ ਤਕਨੀਕੀ ਸਹਿਯੋਗ ਬਾਰੇ ਹਿੰਦ-ਸੋਵੀਅਤ ਕਮਿਸ਼ਨ ਦੇ ਵਰਕਿੰਗ ਗਰੁਪ ਦੀ ਮਾਸਕੋ ਵਿਚ ਹੋਈ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ ਹੈ ਕਿ ਇਹ ਸਿਖਲਾਈ ਜੁਲਾਈ ਦੇ ਅੰਤ ਤਕ ਪੂਰੀ ਹੋ ਜਾਵੇਗੀ।

ਸਟੀਲ ਵਿਭਾਗ ਦੇ ਸਕੱਤਰ ਸ੍ਰੀ ਆਰ. ਪੀ. ਖੋਸਲਾ ਨੇ ਇਸ ਮੀਟਿੰਗ ਵਿਚ ਭਾਰਤੀ ਵਫਦ ਦੀ ਅਗਵਾਈ ਕੀਤੀ ਸੀ ਦੋਨੋਂ ਧਿਰਾਂ ਨੇ ਵੀ. ਐਸ. ਪੀ. ਦੀ ਉਸਾਰੀ ਤੇ ਤਸੱਲੀ ਪ੍ਰਗਟ ਕੀਤੀ। ਇਸ ਪਲਾਂਟ ਦਾ ਪਹਿਲਾ ਹਿਸਾ 1988 ਅਤੇ ਦੂਜਾ ਹਿਸਾ 1990 ਵਿਚ ਚਾਲੂ ਹੋ ਜਾਵੇਗਾ

# ਵਿਸ਼ਵ ਹਿੰਦੂ ਪ੍ਰੀਸ਼ਦ ਦੀ ਕਾਰਜਕਾਰਨੀ ਦੀ ਚੋਣ



NARESH SHUKLA


ਵਿਸ਼ਵ ਹਿੰਦੂ ਪ੍ਰੀਸ਼ਦ, ਬੀ. ਸੀ. ਦੇ ਦਫਤਰ ਤੋਂ ਜਾਰੀ ਕੀਤੀ ਗਈ ਸੂਚਨਾ ਹੇਠ ਲਿਖੇ ਅਨੁਸਾਰ ਹੈ :

ਸਭ ਸੰਬੰਧਿਤ ਲੋਕਾਂ ਤੇ ਆਮ ਪਬਲਿਕ ਨੂੰ ਇਹ ਸੂਚਨਾ ਦਿੱਤੀ ਜਾਂਦੀ ਹੈ ਕਿ ਵਿਸ਼ਵ ਹਿੰਦੂ ਪ੍ਰੀਸ਼ਦ, ਬੀ. ਸੀ. ਨੇ ਚੋਣ ਕਰਕੇ ਨਵੇਂ ਅਹੁਦੇਦਾਰਾਂ ਨੂੰ ਅਗਲੇ ਸਾਲ ਲਈ ਸਥਾਪਤ ਕੀਤਾ ਹੈ। ਇਸ ਚੋਣ ਮੁਤਾਬਕ ਅਹੁਦੇਦਾਰ 21 ਜੂਨ 1987 ਤੋਂ ਆਪਣੇ ਅਹੁਦੇ ਸੰਭਾਲਣਗੇ ਅਤੇ ਇਕ ਸਾਲ ਲਈ ਜ਼ਿਮੇਵਾਰੀ ਨਿਭਾਉਣਗੇ।

ਪ੍ਰਧਾਨ — ਮਿ: ਨਰੇਸ਼ ਸ਼ੁਕਲਾ — ਪਹਿਲਾ ਪ੍ਰਧਾਨ — ਮਿ: ਰਾਮ ਕੋਛੜ — ਦੂਜਾ ਪ੍ਰਧਾਨ ਮਿ: ਦੇਵ ਭਟਾਰਾ — ਸੈਕਟਰੀ - ਮਿ: ਸੀ. ਐਮ. ਪੁਰੀ — ਜਾਇੰਟ ਸੈਕਟਰੀ ਮਿ: ਵਿਸ਼ਵਮਿਤਰ ਸ਼ਰਮਾ — ਖਜ਼ਾਨਚੀ - ਮਿ: ਓਮਕਾਰ ਸ਼ਰਮਾ — ਸਹਾਇਕ ਖਜ਼ਾਨਚੀ - ਮਿ: ਮੋਹਨ ਧੀਰ — ਪਬਲਿਕ ਰੀਲੇਸ਼ਨਜ ਆਫੀਸਰ -
ਮਿ: ਓਮ ਪਾਲ

ਐਡੀਟਰ - ਮਿਸ ਅਲਕਾ ਗੋਇਲ — ਡਾਇਰੈਕਟਰ — ਮਿ: ਬਾਬੂ ਬਾਂਸਲ, ਮਿ: ਰਾਮੇਸ਼ ਬਖਸ਼ੀ, ਮਿਸਜ਼ ਈ. ਅਗਰਵਾਲ, ਮਿ: ਅੰਮ੍ਰਿਤ ਲਾਲ ਅਰੋੜਾ, ਮਿ: ਐਨ ਕੁਮਾਰ, ਮਿ: ਰਾਜ ਖੰਨਾ, ਮਿ: ਜਸਵੰਤ ਕੈਂਥ, ਮਿ: ਓਮ ਗੈਂਡ, ਡਾ: ਏ. ਸੀ. ਆਨੰਦ।

ਇਹ ਚੋਣ ਸਰਬ ਸੰਮਤੀ ਨਾਲ ਹੋਈ। ਮਿ: ਨਰੇਸ਼ ਸ਼ੁਕਲਾ ਜੋ ਕਿ ਪੰਜਾਬੀ ਮਾਰਕਿਟ ਦੇ ਜਾਣੇ ਪਛਾਣੇ ਬਿਜਨਿਸਮੈਨ ਹਨ, ਨੇ ਪ੍ਰਧਾਨ ਚੁਣੇ ਜਾਣ ਉਪਰੰਤ ਸਭ ਦਾ ਧੰਨਵਾਦ ਕੀਤਾ ਅਤੇ ਹਾਜ਼ਰ ਸੱਜਣਾਂ ਨੂੰ ਪੂਰੀ ਤਨਦੇਹੀ ਨਾਲ ਜ਼ਿਮੇਵਾਰੀ ਨਿਭਾਣ ਦਾ ਪ੍ਰਣ ਕੀਤਾ।



ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਸ਼ਨਿਚਰਵਾਰ ਵਾਲੇ ਦਿਨ ਜੀ.ਬੀ. ਪੰਤ ਹਸਪਤਾਲ ਵਿਚ ਹਰਿਆਣਾ ਚੋਣਾਂ ਦੇ ਜੇਤੂ ਨੇਤਾ ਚੌਧਰੀ ਦੇਵੀ ਲਾਲ ਨੂੰ ਮਿਲਣ ਗਏ। ਉਹ ਕਰੀਬ ਪੰਦਰਾਂ ਮਿੰਟ ਇਕੱਠੇ ਰਹੇ।






ਕੋਈ ਹੋਰ ਜਾਂਚ ਕਮਿਸ਼ਨ ਨਹੀਂ। ਕੀ ਤੁਸੀਂ ਚਾਹੁੰਦੇ ਹੋ ਕਿ ਮੈਂ ਮੰਤਰੀਆਂ ਤੋਂ ਬਗੈਰ ਸਰਕਾਰ ਚਲਾਵਾਂ।

# ਫ਼ਿਰਕੂ ਪਾਰਟੀਆਂ ’ਤੇ ਪਾਬੰਦੀ ਦੀ ਮੰਗ




ਕੌਮੀ ਏਕਤਾ ਕਮੇਟੀ ਵਲੋਂ ਬਠਿੰਡਾ ’ਚ ਫਿਰਕੂ ਏਕਤਾ ਤੇ ਅਮਨ ਮਾਰਚ

ਬਠਿੰਡਾ — ਆਲ ਇੰਡੀਆ ਕੌਮੀ ਏਕਤਾ ਕਮੇਟੀ ਦੀ ਬਠਿੰਡਾ ਜ਼ਿਲਾ ਇਕਾਈ ਵਲੋਂ ਇਥੇ ਫਿਰਕੂ ਸਦਭਾਵਨਾ ਤੇ ਅਮਨ ਮਾਰਚ ਕੀਤਾ ਗਿਆ ਜਿਸ ਵਿਚ ਔਰਤਾਂ ਸਮੇਤ ਹਰ ਤਬਕੇ ਦੇ ਲੋਕਾਂ ਨੇ ਭਾਗ ਲਿਆ। ਇਨ੍ਹਾਂ ਕੌਮੀ ਏਕਤਾ ਤੇ ਅਖੰਡਤਾ ਦੇ ਹੱਕ ਵਿਚ ਅਤੇ ਅਮਰੀਕਨ ਸੀ. ਆਈ. ਏ. ਵਿਰੁੱਧ ਬਜ਼ਾਰਾਂ ਵਿਚ ਨਾਅਰੇ ਲਾਏ। ਬਾਅਦ ਵਿਚ ਪਬਲਿਕ ਲਾਇਬਰੇਰੀ ਵਿਖੇ ਇਕ ਸੈਮੀਨਾਰ ਕੀਤਾ ਗਿਆ ਜਿਸ ਨੂੰ ਡਾਕਟਰ ਗੁਰਬਖਸ਼ ਸਿੰਘ, ਇੰਦਰ ਸਿੰਘ ਸਾਹਨੀ, ਹਰਮੰਦਰ ਸਿੰਘ ਜੱਸੀ ਨੇ ਸੰਬੋਧਨ ਕਰਦਿਆਂ ਦੋਸ਼ ਲਾਇਆ ਕਿ ਕੁਝ ਬਾਹਰਲੀਆਂ ਤਾਕਤਾਂ ਵਲੋਂ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇ ਕੇ ਫਿਰਕੂ ਫਸਾਦ ਭੜਕਾਉਣ ਲਈ ਹੱਲਾਸ਼ੇਰੀ ਦੇ ਕੇ ਭਾਰਤ ਦੀ ਏਕਤਾ ਤੇ ਅਖੰਡਤਾ ਨੂੰ ਖਤਰਾ ਪੈਦਾ ਕੀਤਾ ਜਾ ਰਿਹਾ ਹੈ। ਮਤਿਆਂ ਰਾਹੀਂ ਦੇਸ਼ ਦੀਆਂ ਸਾਰੀਆਂ ਫਿਰਕੂ ਪਾਰਟੀਆਂ ਉਤੇ ਤੁਰਤ ਪਾਬੰਦੀ ਲਾਉਣ, ਧਾਰਮਿਕ ਸਥਾਨਾਂ ਦੀ ਸ਼ਰਾਰਤੀ ਅਨਸਰਾਂ ਵਲੋਂ ਵਰਤੋਂ ਰੋਕਣ, ਸਿਆਸਤ ਨੂੰ ਧਰਮ ਨਾਲੋਂ ਵੱਖ ਕਰਨ ਦੀ ਮੰਗ ਕਰਦਿਆਂ ਪੰਜਾਬ ’ਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਰਾਹਨਾ ਕੀਤੀ।

# ਬਹੁਗੁਣਾ ਲੋਕ ਦਲ ਦੇ ਪ੍ਰਧਾਨ ਬਣੇ — ਲੋਕ ਸਭਾ ਭੰਗ ਕਰੋ

ਨਵੀਂ ਦਿੱਲੀ — ਸ੍ਰੀ ਐਚ ਐਨ ਬਹੁਗੁਣਾ ਇਥੇ ਸਰਬਸੰਮਤੀ ਨਾਲ ਲੋਕ ਦਲ (ਬ) ਦੇ ਪ੍ਰਧਾਨ ਚੁਣੇ ਗਏ। ਪਾਰਟੀ ਨੇਤਾ ਕਰਪੂਰੀ ਠਾਕਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕੇਂਦਰੀ ਪਾਰਲੀਮੈਂਟਰੀ ਬੋਰਡ, ਕੌਮੀ ਐਗਜ਼ੇਕਟਿਵ, ਰਾਜਾਂ ਦੇ ਪਾਰਟੀ ਪ੍ਰਧਾਨਾਂ, ਕੇਂਦਰੀ ਤੇ ਰਾਜਾਂ ਦੇ ਅਹੁਦੇਦਾਰਾਂ ਦੀ ਇਕ ਸਾਂਝੀ ਮੀਟਿੰਗ ਹੋਈ ਜਿਸ ਵਿਚ ਸ੍ਰੀ ਬਹੁਗੁਣਾ ਨੂੰ ਚੌ: ਚਰਨ ਸਿੰਘ ਦੀ ਮਿਰਤੂ ਪਿਛੋਂ ਲੋਕ ਦਲ ਦਾ ਸਰਬ ਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ। ਸ੍ਰੀ ਬਹੁਗੁਣਾ ਦੇ ਨਾਂ ਬਾਰੇ ਮਤਾ ਸ੍ਰੀ ਠਾਕਰ ਨੇ ਪੇਸ਼ ਕੀਤਾ ਤੇ ਉਸ ਦੀ ਪ੍ਰੋੜ੍ਹਤਾ ਸ੍ਰੀ ਮੁਲਾਇਮ ਸਿੰਘ ਯਾਦਵ ਤੇ ਸ੍ਰੀ ਨਥੂ ਰਾਮ ਮਿਰਧਾ ਨੇ ਕੀਤੀ। ਸ੍ਰੀ ਦੇਵੀ ਲਾਲ ਨੇ ਹਸਪਤਾਲ ਵਿਚੋਂ ਇਸ ਬਾਰੇ ਆਪਣੀ ਪਰਵਾਨਗੀ ਭੇਜੀ। ਪਾਰਟੀ ਦੇ ਵਰਕਿੰਗ ਪ੍ਰਧਾਨ ਵਜੋਂ ਸ੍ਰੀ ਬਹੁਗੁਣਾ ਨੇ ਜੋ ਕੰਮ ਕੀਤਾ ਮੀਟਿੰਗ ਵਿਚ ਉਸ ਦੀ ਸ਼ਲਾਘਾ ਕੀਤੀ ਗਈ ਪਾਰਟੀ ਪ੍ਰਧਾਨ ਚੁਣੇ ਜਾਣ ਪਿਛੋਂ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਬਹੁਗੁਣਾ ਨੇ ਮੰਗ ਕੀਤੀ ਕਿ ਹਰਿਆਣਾ ਚੋਣਾਂ ਵਿਚ ਕਾਂਗਰਸ (ਆਈ) ਦੀ ਜੋ ਲਕ ਤੋੜ ਹਾਰ ਹੋਈ ਹੈ ਉਸ ਨੂੰ ਮੁਖ ਰਖਦਿਆਂ ਉਹਨਾਂ ਲੋਕ ਸਭਾ ਭੰਗ ਕਰਨ ਦੀ ਮੰਗ ਕੀਤੀ। ਉਹਨਾਂ ਆਸ ਪ੍ਰਗਟ ਕੀਤੀ ਕਿ ਲੋਕ ਸਭਾ ਭੰਗ ਕਰਕੇ ਲੋਕਾਂ ਕੋਲੋਂ ਨਵੇਂ ਸਿਰਿਓਂ ਫਤਵਾ ਲਿਆ ਜਾਏ।

# ਸੀ. ਆਰ. ਪੀ. ਤੇ ਹਮਲੇ ਸਮੇਂ ਵਰਤਿਆ ਟਰੱਕ ਬਰਾਮਦ

ਚੰਡੀਗੜ੍ਹ — ਪਿਛਲੇ ਦਿਨੀਂ ਮੋਗੇ ਵਿਚ ਅਤਿਵਾਦੀਆਂ ਨੇ ਸੀ. ਆਰ. ਪੀ. ਤੇ ਹਮਲੇ ਸਮੇਂ ਜਿਸ ਟਰੱਕ ਦੀ ਵਰਤੋਂ ਕੀਤੀ ਸੀ ਉਸ ਟਰੱਕ ਨੂੰ ਬਰਾਮਦ ਕਰ ਲਿਆ ਗਿਆ ਹੈ ਇਸ ਵਿਚ ਪਏ ਕੁਝ ਕਾਗਜ਼ਾਂ ਤੇ ਦੋਸ਼ੀਆਂ ਦੀ ਪਛਾਣ ਕਰਨੀ ਬਹੁਤ ਸੌਖੀ ਹੋ ਗਈ ਹੈ। ਪੁਲਸ ਨੇ ਇਨਾਂ ਦੋਸ਼ੀਆਂ ਦੀ ਭਾਲ ਲਈ ਕਈ ਪਿੰਡਾਂ ਤੇ ਸ਼ਹਿਰਾਂ ਦੀ ਬਾਹਰਲੀ ਆਬਾਦੀ ਵਾਲੀਆਂ ਕਾਲੋਨੀਆਂ ਆਦਿ ਦੀ ਪੂਰੀ ਤਰਾਂ ਤਲਾਸ਼ੀ ਲਈ ਪਰ ਅਜੇ ਤੱਕ ਠੋਸ ਜਾਣਕਾਰੀ ਨਹੀਂ ਮਿਲੀ।

ਇਸੇ ਦੌਰਾਨ ਫੀਰੋਜ਼ਪੁਰ ਰੇਂਜ ਦੇ ਡੀ. ਆਈ. ਜੀ. ਸ੍ਰੀ ਧਰਮ ਸਿੰਘ ਮੋਹੀ ਨੇ ਇਥੇ ਐਸ. ਐਸ. ਪੀਜ਼ ਦੀ ਵਿਸ਼ੇਸ਼ ਮੀਟਿੰਗ ਸੱਦੀ ਤੇ ਸਥਿਤੀ ਦਾ ਜਾਇਜ਼ਾ ਲਿਆ। ਪਤਾ ਲੱਗਾ ਹੈ ਕਿ ਸ੍ਰੀ ਮੋਹੀ ਨੇ ਸੁਰੱਖਿਆ ਦੇ ਪ੍ਰਬੰਧਾਂ ਨੂੰ ਹੋਰ ਸਖਤ ਕਰਨ ਤੇ ਅਤਿਵਾਦੀਆਂ ਨਾਲ ਸਖਤੀ ਨਾਲ ਨਿਪਟਣ ਲਈ ਹਦਾਇਤਾਂ ਕੀਤੀਆਂ ਹਨ।

ਇਕ ਹੋਰ ਸੂਚਨਾ ਅਨੁਸਾਰ ਦਿੱਲੀ ਤੇ ਪੰਜਾਬ ਵਿਚ ਹੋਈਆਂ ਹਿੰਸਕ ਘਟਨਾਵਾਂ ਪਿਛੋਂ ਦਿੱਲੀ ਤੇ ਪੰਜਾਬ ਵਿਚ ਸੁਰੱਖਿਆ ਦੇ ਪ੍ਰਬੰਧਾਂ ਨੂੰ ਹੋਰ ਸਖਤ ਕਰ ਦਿੱਤਾ ਗਿਆ ਹੈ ਤੇ ਜਾਂਚ ਦਾ ਕੰਮ ਤੇਜ਼ ਕਰ ਦਿੱਤਾ ਗਿਆ ਹੈ।

# ਲ.ਫਜ਼ ‘ਆਜ਼ਾਦ ਕਸ਼ਮੀਰ’ ਦੀ ਵਰਤੋਂ ਤੇ ਭਾਰਤ-ਪਾਕਿ ਉਲਝੇ

ਯੂ ਐਨ — ਸੰਯੁਕਤ ਰਾਸ਼ਟਰ ਵਿਚ ਕਸ਼ਮੀਰ ਦੇ ਮਾਮਲੇ ਤੇ ਭਾਰਤ ਅਤੇ ਪਾਕਿਸਤਾਨ ਉਲਝ ਪਏ — ਭਾਰਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਹੁਣ ਝਗੜਾ ਕੇਵਲ ਕਸ਼ਮੀਰ ਦੇ ਉਹ ਖੇਤਰ ਖਾਲੀ ਕਰਾਣ ਦਾ ਰਹਿ ਗਿਆ ਹੈ ਜਿਨ੍ਹਾਂ ਤੇ ਪਾਕਿਸਤਾਨ ਨੇ ਗੈਰਕਾਨੂੰਨੀ ਕਬਜ਼ਾ ਕਰ ਰੱਖਿਆ ਹੈ। ਇਹ ਝਗੜਾ ਉਦੋਂ ਸ਼ੁਰੂ ਹੋਇਆ ਜਦੋਂ ਪਾਕਿਸਤਾਨ ਨੇ ਇਕ ਦਸਤਾਵੇਜ਼ ਵਿਚ ਗੈਰ ਕਾਨੂੰਨੀ ਤੌਰ ਤੇ ਮੱਲੇ ਹੋਏ ਇਲਾਕਿਆਂ ਲਈ ‘ਆਜ਼ਾਦ ਕਸ਼ਮੀਰ’ ਲਫ਼ਜ਼ ਦੀ ਵਰਤੋਂ ਕੀਤੀ। ਜਿਸ ਵਿਰੁਧ ਭਾਰਤ ਨੇ ਰੋਸ ਪ੍ਰਗਟ ਕੀਤਾ ਜਿਸ ਤੇ ਯੂ ਐਨ ਦੇ ਵਿਕਾਸ ਪਰੋਗਰਾਮ ਨੇ ‘ਆਜ਼ਾਦ ਕਸ਼ਮੀਰ’ ਲਫਜ਼ ਕਟਕੇ ਇਕ ਸੋਧ ਪੱਤਰ ਜਾਰੀ ਕੀਤਾ ਸੀ। ਜਿਸਦਾ ਪਾਕਿਸਤਾਨ ਨੇ ਬੜਾ ਬੁਰਾ ਮਨਾਇਆ। ਯੂ ਐਨ ਵਲੋਂ ਸਲ੍ਹਾਹ ਸਫਾਈ ਲਈ ਕੀਤੇ ਯਤਨ ਸਫਲ ਨਾ ਹੋਏ ਜਦੋਂ ਵਿਕਾਸ ਪਰੋਗਰਾਮ ਵਲੋਂ ਪਾਕਿਸਤਾਨੀ ਪਰੋਗਰਾਮ ਗਵਰਨਿੰਗ ਕੌਂਸਲ ਨੇ ਆਪਣੇ ਹੱਥ ਲਿਆ ਤਾਂ ਸਹਾਇਕ ਪ੍ਰਸ਼ਾਸਿਕ ਨੇ ਦੱਸਿਆ ਕਿ ਭਾਰਤ ਨੇ ‘ਆਜ਼ਾਦ ਕਸ਼ਮੀਰ’ ਦੇ ਲਫਜ਼ ਤੇ ਇਤਰਾਜ਼ ਕੀਤਾ ਹੈ ਜਦੋਂ ਕਿ ਪਾਕਿਸਤਾਨ ਨੇ ਸੋਧਾਂ ਨੂੰ ਜਾਰੀ ਕਰਨ ਵਿਰੁਧ ਰੋਸ ਪ੍ਰਗਟਾਇਆ। ਇਸੇ ਦੌਰਾਨ ਪਾਕਿਸਤਾਨੀ ਸਫੀਰ ਸ਼ਾਹ ਨਵਾਜ਼ ਨੇ ਕੌਂਸਲ ਨੂੰ ਦੱਸਿਆ ਕਿ ‘ਆਜ਼ਾਦ ਕਸ਼ਮੀਰ’ ਲਫਜ਼ ਦੀ ਵਰਤੋਂ ਵਿਕਾਸ ਪਰੋਗਰਾਮ ਦੀ ਪਿਛਲੀ ਪਰੰਪਰਾ ਅਨੁਸਾਰ ਹੈ ਜੋ ਯੂ ਐਨ ਦੀ ਪੁਜ਼ੀਸ਼ਨ ਦੇ ਨਾਲ ਮੇਲ ਖਾਂਦੀ ਹੈ ਜਦੋਂ ਕਿ ਸਾਰੇ ਜੰਮੂ ਤੇ ਕਸ਼ਮੀਰ ਦਾ ਕਾਨੂੰਨੀ ਦਰਜਾ ਝਗੜੇ ਵਾਲੇ ਖੇਤਰ ਵਿਚ ਲੋਕ ਰਾਏ ਲੈ ਕੇ ਨਿਸਚਿਤ ਕੀਤਾ ਜਾਣਾ ਹੈ ਅਤੇ ਉਦੋਂ ਤੀਕ ਆਜ਼ਾਦ ਕਸ਼ਮੀਰ ਦੇ ਇਲਾਕੇ ਦਾ ਪ੍ਰਸ਼ਾਸਨ ਪਾਕਿਸਤਾਨ ਨੇ ਸੰਚਾਲਨ ਕਰਨਾ ਹੈ। ਇਸ ਲਈ ਲਫਜ਼ ‘ਆਜ਼ਾਦ ਕਸ਼ਮੀਰ’ ਦੀ ਵਰਤੋਂ ਕਿਸੇ ਵੀ ਤਰ੍ਹਾਂ ਪਖਪਾਤੀ ਨਹੀਂ। ਪਾਕਿਸਤਾਨੀ ਸਫੀਰ ਨੇ ਅਸਿਧੇ ਤੌਰ ਤੇ ਭਾਰਤੀ ਨੂੰ ਬੇਲੋੜੀ ਰਾਜਸੀ ਰੰਗਤ ਅਤੇ ਵਖਰੇਵਾਂਪਨ ਪੈਦਾ ਕਰਨ ਲਈ ਦੋਸ਼ੀ ਠਹਿਰਾਇਆ। ਸਫੀਰ ਨੇ ਕਿਹਾ ਕਿ ਵਿਕਾਸ ਪਰੋਗਰਾਮ ਵਲੋਂ ਜਾਰੀ ਕੀਤਾ ਸੋਧ ਪੱਤਰ ਪਾਕਿਸਤਾਨ ਨੂੰ ਕਦਾਚਿਤ ਪ੍ਰਵਾਨ ਨਹੀਂ। ਭਾਰਤੀ ਸਫੀਰ ਸ੍ਰੀ ਸੀ ਆਰ ਗਾਹਰੇ ਨੇ ਇਸ ਬਿਆਨ ਦਾ ਤਿੱਖਾ ਨੋਟਿਸ ਲੈਂਦਿਆ ਕਿਹਾ ਕਿ ਭਾਰਤ ਨੂੰ ਲਫਜ਼ ਆਜ਼ਾਦ ਕਸ਼ਮੀਰ ਹਰਗਿਜ਼ ਪ੍ਰਵਾਨ ਨਹੀਂ। ਯੂ ਐਨ ਨੇ ਇਸ ਨੂੰ ਕਦੇ ਮਾਨਤਾ ਨਹੀਂ ਕੀਤੀ ਦਿਤੀ ਅਤੇ ਇਸ ਦੀ ਕਦੀ ਵਰਤੋਂ ਨਹੀਂ ਕੀਤੀ ਗਈ। ਸ੍ਰੀ ਗਾਹਰੇ ਨੇ ਇਸ ਗੱਲ ਤੇ ਜ਼ੋਰ ਦੇ ਕੇ ਕਿਹਾ ਕਿ ਜੰਮੂ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ। ਇਸ ਬਾਰੇ ਜੋ ਝਗੜਾ ਹੈ, ਉਹ ਇਲਾਕੇ ਖਾਲੀ ਕਰਾਣਾ ਹੈ ਜੋ ਪਾਕਿਸਤਾਨ ਨੇ ਨਜਾਇਜ਼ ਤੌਰ ਤੇ ਕਬਜ਼ੇ ਵਿਚ ਲਏ ਹੋਏ ਹਨ।

# ਨੰਬੂਦਰੀਪਾਦ ਖਬੇ ਫਰੰਟ ਦੇ ਹੱਕ ਵਿਚ

ਹੈਦਰਾਬਾਦ — ਭਾਰਤੀ ਕਮਿਊਨਿਸਟ ਪਾਰਟੀ (ਮਾਰਕਸੀ) ਦੇ ਜਨਰਲ ਸਕੱਤਰ ਸ੍ਰੀ ਨੰਬੂਦਰੀਪਾਦ ਨੇ ਇਥੇ ਕਿਹਾ ਕਿ ਸ੍ਰੀ ਪੀ ਐਮ ਕੌਮੀ ਪੱਧਰ ਤੇ ਇੱਕਾ ਦਾ ਬਦਲ ਦੇਣ ਲਈ ਖਬੀਆਂ, ਲੋਕਤੰਤਰੀ ਪਾਰਟੀਆਂ ਦੇ ਸਾਂਝੇ ਫਰੰਟ ਦੇ ਹੱਕ ਵਿਚ ਸੀ। ਫਰੰਟ ਨੀਤੀਆਂ ਦੇ ਆਧਾਰ ਤੇ ਹੋਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਬਣਨ ਲਈ ਸ਼ਖਸੀਅਤਾਂ ਦਾ ਫਰੰਟ ਨਹੀਂ ਬਣਨਾ ਚਾਹੀਦਾ। ਉਹਨਾਂ ਕਿਹਾ ਕਿ ਮਾਰਕਸੀ ਪਾਰਟੀ ਉਨ੍ਹਾਂ ਸਾਰੀਆਂ ਖੱਬੀਆਂ ਪਾਰਟੀਆਂ ਨਾਲ ਚਲਣ ਲਈ ਤਿਆਰ ਹੈ ਜੋ ਸੈਕੂਲਰ ਸੋਚਣੀ ਵਾਲੀਆਂ ਹਨ।

# MALKIT PARMAR



ROYAL LePAGE REAL ESTATE SERVICES

ਘਰ ਦੀ ਕੀਮਤ ਪਵਾਉਣ ਲਈ ਸਾਡੀ ਕੰਪਨੀ ਰਾਹੀਂ ਘਰ ਖਰੀਦਣਾ ਜਾਂ ਵੇਚਣਾ ਆਸਾਨ ਹੈ ਕਿਉਂਕਿ ਮਾਰਗੇਜ਼ ਦਾ ਪ੍ਰਬੰਧ ਵੀ ਕੰਪਨੀ ਦੁਆਰਾ ਕੀਤਾ ਜਾਂਦਾ ਹੈ।

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਮਲਕੀਤ ਪਰਮਾਰ ਨੂੰ ਮਿਲੋ ਜਾਂ ਫੋਨ ਕਰੋ :

**Bus: (604) 590-1321 Res: 589-2650**

**8699 - 120th St., North Delta, B.C.**

---

## ਜਗਦੀਸ਼ ਸਿੰਘ ਨੋਟਰੀ ਪਬਲਿਕ (ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੇਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

**Off. 324-6727**

**Res. 324-4160**

## ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

#201 - 2001 East 36th Ave. [at victoria]
Vancouver. B.C. V5P 1C9



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

---

## NORTH AMERICAN LIFE, DOES IT FOR YOU!

• ਬਿਜਨਸ ਤੇ ਮਾਰਗੇਜ਼ • ਬੱਚਿਆਂ ਦੀ ਪੜ੍ਹਾਈ ਇੰਨਸ਼ੋਰੈਂਸ • ਰਿਟਾਇਰ ਮੈਂਟ ਤੇ ਪੈਨਸ਼ਨ ਪਲਾਨ • ਲਾਈਫ ਇੰਨਸ਼ੋਰੈਂਸ • ਗਰੁਪ ਇੰਨਸ਼ੋਰੈਂਸ

### COMPAY PROVIDES

- HIGHEST INTEREST RATES of its 5- year Investment account on your savings Dollars
- Provides you free advice on keeping the interest earnings tax-sheltered
- Computerized tailor-made plan for your family

### & YOU DECIDE:

- The amount to Life Insurance
- The period after which you could STOP premium payment
- FLEXIBILITY in premium payments (Within Limits)

TOGETHER WE ARE STRONGER



**KARNAIL SINGH NAGRA**
**TEL. 270-2100**
NAGRA INSURANCE AGENCIES 11420 GRANVILLE AVE
RICHMOND, B.C. V6Y 1RG

---

## An Advance DRIVING SCHOOL

4677 Main St. & 30th, Vancouver, B.C. V5V 3R6

We'll help you in getting Learner's Licence

BABU BANSAL **Ph. 872-7375**



ਬਾਬੂ ਬਾਂਸਲ

## ਐਨ ਐਡਵਾਂਸ ਡਰਾਈਵਿੰਗ ਸਕੂਲ

4677 ਮੇਨ ਸਟਰੀਟ, ਵੈਨਕੂਵਰ, ਬੀ. ਸੀ.

ਜੇ ਤੁਸੀਂ ਕਾਰ ਜਾਂ ਟੈਕਸੀ ਦਾ ਲਾਈਸੈਂਸ ਲੈਣਾ ਚਾਹੁੰਦੇ ਹੋ ਜਾਂ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਫੋਨ ਕਰੋ :

**ਫੋਨ : 872-7375**

---

# DOSANJH & PIRANI

#202 - 5887 Victoria Drive, Vancouver, B.C. V5P 3W5

**Phone 327-6381**

• ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ • ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
• ਵਿਉਪਾਰਕ ਮਸਲੇ • ਪ੍ਰਵਾਰ ਤੇ ਤਲਾਕ • ਫੌਜਦਾਰੀ ਤੇ ਸਿਵਲ • ਕੋਰਟ ਟਰਾਇਲ

## ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

# ਕੈਨੇਡਾ ਦੇ ਡਾਕਖਾਨੇ ਦੀ ਹੜਤਾਲ ਬਾਰੇ

**ਸਾਧੂ (ਬਿਨਿੰਗ), ਸੁਖਵੰਤ ਹੁੰਦਲ**

ਜੂਨ ਦੀ ਸੋਲਾਂ ਤਾਰੀਖ ਨੂੰ ਡਾਕਖਾਨੇ ਦੇ ਚਿੱਠੀਆਂ ਵੰਡਣ ਵਾਲੇ ਮਜ਼ਦੂਰਾਂ ਦੀ ਯੂਨੀਅਨ ਐਲ ਸੀ ਯੂ ਸੀ (LCUC) ਵਲੋਂ ਡਾਕਖਾਨੇ ਵਿਰੁੱਧ ਚਕਰਵਾਰ (rotating) ਹੜਤਾਲ ਜਾਰੀ ਹੈ। ਇਹ ਯੂਨੀਅਨ ਡਾਕਖਾਨੇ ਵਿਚ ਕੰਮ ਕਰਦੇ ਮਜ਼ਦੂਰਾਂ ਦੀਆਂ ਦੋ ਵੱਡੀਆਂ ਯੂਨੀਅਨਾਂ ਵਿਚੋਂ ਇਕ ਹੈ। ਦੂਜੀ ਯੂਨੀਅਨ ਸੀ ਯੂ ਪੀ ਡਬਲਿਯੂ (CUPW) ਅੰਦਰ ਕੰਮ ਕਰਨ ਵਾਲੇ ਕਾਮਿਆਂ ਦੀ ਹੈ। ਇਸ ਬਾਰ ਦੇ ਝਗੜੇ ਵਿਚ ਦਿਲਚਸਪ ਗੱਲ ਇਹ ਹੈ ਕਿ ਹੜਤਾਲ ਯੂਨੀਅਨ ਵਲੋਂ ਨਵੀਆਂ ਮੰਗਾਂ ਮੰਨਾਉਣ ਲਈ ਨਹੀਂ ਸਗੋਂ ਡਾਕਖਾਨੇ ਵਲੋਂ ਕੁਝ ਮੰਗਾਂ ਦੇ ਵਿਰੋਧ ਵਿਚ ਹੈ। ਡਾਕਖਾਨਾ, ਜਿਹੜਾ ਕਿ ਪਹਿਲਾਂ ਕੈਨੇਡੀਅਨ ਸਰਕਾਰ ਦਾ ਇਕ ਮਹਿਕਮਾ ਹੁੰਦਾ ਸੀ, ਹੁਣ ਇਕ ਵੱਖਰੀ 'ਕਰਾਉਨ ਕਾਰਪੋਰੇਸ਼ਨ' ਬਣਾ ਦਿੱਤਾ ਗਿਆ ਹੈ, ਇਹ ਮੰਗ ਕਰ ਰਿਹਾ ਹੈ ਕਿ ਯੂਨੀਅਨ ਪਿਛਲੇ ਕਈ ਦਹਾਕਿਆਂ ਦੌਰਾਨ ਜਿੱਤੇ ਹੱਕ ਉਹਦੇ ਹਵਾਲੇ ਕਰ ਦੇਵੇ।

ਅਜਿਹਾ ਕਰਨ ਦਾ ਮੁਢਲਾ ਕਾਰਨ ਡਾਕਖਾਨੇ ਦੇ ਸੰਬੰਧ ਵਿਚ ਆਈ 'ਫਿਲੌਸੌਫੀਕਲ' ਤਬਦੀਲੀ ਕਹੀ ਜਾ ਸਕਦੀ ਹੈ। ਪਹਿਲਾਂ ਜਿੱਥੇ ਡਾਕਖਾਨਾ ਵੀ ਸਿਹਤ ਤੇ ਸੁਰੱਖਿਆ ਵਿਭਾਗਾਂ ਵਾਂਗ ਸਰਕਾਰ ਦਾ ਇਕ ਵਖਰਾ ਵਿਭਾਗ ਹੁੰਦਾ ਸੀ ਤੇ ਜਿਹਦਾ ਮਕਸਦ ਲੋਕਾਂ ਦੀ ਡਾਕ ਨੂੰ ਉਹਨਾਂ ਤੱਕ ਪਹੁੰਚਾਣਾ ਹੁੰਦਾ ਸੀ ਅਤੇ ਜਿਹਦੇ ਵਿਚ ਆਉਂਦੀ ਲਾਗਤ ਨੂੰ ਦੂਜਿਆਂ ਵਿਭਾਗਾਂ ਦੀ ਲਾਗਤ ਵਾਂਗ ਹੀ ਦੇਖਿਆ ਜਾਂਦਾ ਸੀ, ਹੁਣ ਇਹਨੂੰ ਇਕ ਵਪਾਰ ਦੇ ਤੌਰ ਤੇ ਦੇਖਿਆ ਜਾਣ ਲੱਗਾ ਹੈ। ਡਾਕਖਾਨੇ ਦੇ 'ਲੇਬਰ ਰੀਲੇਸ਼ਨਜ਼ ਦੇ ਜਨਰਲ ਮੈਨੇਜਰ' ਹੈਰੌਲਡ ਡਨਸਟੈਨ ਨੇ ਇਕ ਇੰਟਰਵਿਊ ਵਿਚ ਇਸ ਬਾਰੇ ਇਸ ਤਰ੍ਹਾਂ ਕਿਹਾ: "Canada Post is a business competing with other businesses for the delivery of the public's information, goods and money. If it is to survive it has to have the same type of working rules and conditions as its competitors".

ਹੁਣ ਇਹ ਨਜ਼ਰੀਆ ਪਹਿਲੇ ਨਾਲੋਂ ਬਿਲਕੁਲ ਵੱਖਰਾ ਹੈ। ਜੇ ਤਾਂ ਇਹਨੂੰ ਲੋਕਾਂ ਦੀ ਸੇਵਾ ਦੇ ਪੱਖ ਤੋਂ ਦੇਖਿਆ ਜਾਵੇ ਜਿਵੇਂ ਹਸਪਤਾਲ ਹਨ ਜਾਂ ਫੌਜ ਹੈ (ਜਿਹਦੇ ਲਈ ਸਰਕਾਰ ਹੁਣ ਅੱਠ ਬਿਲੀਅਨ ਡਾਲਰ ਖਰਚਣ ਦੀ ਸਕੀਮ ਬਣਾ ਰਹੀ ਹੈ) ਤਾਂ ਇਹਦੀ ਲਾਗਤ ਦਾ ਮਸਲਾ ਇੰਨਾ ਗੰਭੀਰ ਨਹੀਂ ਰਹਿੰਦਾ। ਉਂਝ ਵੀ ਅਸਲੀਅਤ ਇਹ ਹੈ ਕਿ ਡਾਕਖਾਨੇ ਦਾ ਕੰਮ ਘਾਟੇ ਵਾਲਾ ਕੰਮ ਹੈ ਹੀ ਨਹੀਂ। ਅਸਲ ਵਿਚ ਇਹ ਕਾਫੀ ਫਾਇਦੇ ਵਾਲਾ ਕੰਮ ਹੈ ਅਤੇ ਇਸੇ ਕਰਕੇ ਇਹਨੂੰ ਪ੍ਰਾਈਵੇਟ ਹੱਥਾਂ ਵਿਚ ਦੇਣ ਦੇ ਮਨਸੂਬੇ ਬਣ ਰਹੇ ਹਨ। ਜੇ ਇਹ ਇਸ ਵਕਤ ਘਾਟੇ ਵਿਚ ਜਾ ਰਿਹਾ ਹੈ ਤਾਂ ਇਹਦਾ ਇਕੋ ਇਕ ਜਾਂ ਸਿਰਫ ਕਾਰਨ ਕਾਮਿਆਂ ਦੀਆਂ ਤਨਖਾਹਾਂ ਹੀ ਨਹੀਂ ਇਹਦੇ ਹੋਰ ਵੀ ਕਾਰਨ ਹਨ ਜਿਵੇਂ ਵੱਡੇ ਵਪਾਰਾਂ ਨੂੰ ਹਰ ਕਿਸਮ ਦੀ ਛੋਟ, ਮੈਨੇਜਮੈਂਟ ਵਿਚ ਫਾਲਤੂ ਭਰਤੀ ਆਦਿ ਵੀ ਇਹਦੇ ਕਾਰਨ ਹਨ। ਪਰ ਸਾਰੇ ਦਾ ਸਾਰਾ ਕਸੂਰ ਕਾਮਿਆਂ ਵਿਚ ਕੱਢਣ ਪਿੱਛੇ ਸਰਕਾਰ ਦੀ ਸਾਫ ਚਾਲ ਹੈ ਕਿ ਕਾਮਿਆਂ ਦੀ ਯੂਨੀਅਨ ਤੋੜ ਕੇ ਉਹਨਾਂ ਦੀ ਮਨਮਰਜ਼ੀ ਨਾਲ ਲੁੱਟ-ਖਸੁੱਟ ਕੀਤੀ ਜਾ ਸਕੇ। ਇਸੇ ਆਸ਼ੇ ਨਾਲ ਡਾਕਖਾਨੇ ਦੀ ਮੈਨੇਜਮੈਂਟ ਨੇ ਯੂਨੀਅਨ ਕੋਲੋਂ ਉਹਨਾਂ ਦੇ ਲੰਮੇ ਸਮੇਂ ਦੀ ਜਦੋਜਹਿਦ ਨਾਲ ਜਿੱਤੇ ਹੋਏ ਹੱਕ ਖੋਹਣ ਦੀ ਸਕੀਮ ਬਣਾਈ। ਪਰ ਜਿਵੇਂ ਕਿ ਆਸ ਹੀ ਸੀ ਯੂਨੀਅਨ ਆਪਣੇ ਜਿੱਤੇ ਹੋਏ ਹੱਕ ਵਾਪਿਸ ਦੇਣ ਨੂੰ ਤਿਆਰ ਨਹੀਂ।

ਡਾਕਖਾਨੇ ਵਿਚਲੇ ਮਾਲਕਾਂ ਨੂੰ ਇਕ ਗੱਲ ਦਾ ਬਹੁਤ ਵੱਡਾ ਭੁਲੇਖਾ ਸੀ ਕਿ ਐਲ ਸੀ ਯੂ ਸੀ ਇਕ ਕਮਜ਼ੋਰ ਯੂਨੀਅਨ ਹੈ ਅਤੇ ਉਹ ਅਸਾਨੀ ਨਾਲ ਹੀ ਇਸ ਨੂੰ ਹਰਾਉਣ ਵਿਚ ਕਾਮਯਾਬ ਹੋ ਜਾਣਗੇ। ਉਹਨਾਂ ਦੇ ਅਜਿਹਾ ਸੋਚਣ ਪਿਛੇ ਕਾਰਨ ਇਹ ਸੀ ਕਿ ਪਿਛਲੇ ਕਾਫੀ ਸਮੇਂ ਤੋਂ ਸਰਕਾਰ ਨੇ ਡਾਕਖਾਨੇ ਦੀਆਂ ਦੋਹਾਂ ਯੂਨੀਅਨਾਂ ਨਾਲ ਬੜਾ ਵੱਖਰੀ ਕਿਸਮ ਦਾ ਸਲੂਕ ਕੀਤਾ ਹੈ। ਇਕ ਪਾਸੇ ਉਹਨਾਂ ਨੇ ਅੰਦਰਲੇ ਕਾਮਿਆਂ ਦੀ ਯੂਨੀਅਨ (ਸੀ ਯੂ ਪੀ ਡਬਲਿਯੂ) ਨਾਲ ਹਮੇਸ਼ਾਂ ਸਖਤੀ ਨਾਲ ਵਰਤਿਆ ਅਤੇ ਉਹਨਾਂ ਨੂੰ 'ਲੋੜ ਤੋਂ ਜ਼ਿਆਦਾ ਮਿਲੀਟੈਂਟ, ਗੈਰਜ਼ੁੰਮੇਂਵਾਰ' ਪੇਸ਼ ਕਰਕੇ ਲੋਕਾਂ ਵਿਚ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ। ਅਤੇ ਕਾਫੀ ਹੱਦ ਤੱਕ ਕਾਮਯਾਬ ਵੀ ਹੋਏ। ਦੂਜੇ ਪਾਸੇ ਉਹਨੀ ਐਲ ਸੀ ਯੂ ਸੀ ਨਾਲ ਨਰਮੀ ਨਾਲ ਪੇਸ਼ ਆ ਕੇ ਉਹਨਾਂ ਨੂੰ 'ਨਰਮ, ਨਾਈਸ, ਜ਼ੁੰਮੇਂਵਾਰ' ਬਣਾ ਕੇ ਲੋਕਾਂ ਵਿਚ ਪੇਸ਼ ਕੀਤਾ। ਅਤੇ ਲੋਕਾਂ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਸਰਕਾਰ ਤਾਂ ਬਹੁਤ 'ਨਾਈਸ' ਹੈ, ਦੇਖੋ ਇਹ ਨਾਈਸ ਲੋਕਾਂ (ਐਲ ਸੀ ਯੂ ਸੀ) ਨਾਲ ਕਿੰਨਾ ਠੀਕ ਵਰਤਦੀ ਹੈ। ਜੇ ਕੋਈ ਕਸੂਰ ਹੈ ਤਾਂ ਉਹ ਸੀ ਯੂ ਪੀ ਡਬਲਿਯੂ ਦਾ ਹੀ ਹੈ। ਨਾਲ ਹੀ ਉਹ ਇਕ ਤਰ੍ਹਾਂ ਆਪਣੇ ਪ੍ਰਾਪੇਗੰਡੇ ਦਾ ਖੁਦ ਹੀ ਸ਼ਿਕਾਰ ਹੋ ਗਏ ਕਿਉਂਕਿ ਐਲ ਸੀ ਯੂ ਸੀ ਦੀ ਉਹਨਾਂ ਨਾਲ ਕਾਫੀ ਦੇਰ ਦੀ ਕੋਈ ਖਾੜਕੂ ਟੱਕਰ ਨਹੀਂ ਸੀ ਹੋਈ ਇਸ ਕਰਕੇ ਉਹ ਇਹ ਸੋਚਣ ਲੱਗ ਪਏ ਕਿ ਇਹ ਯੂਨੀਅਨ ਸੱਚੀ 'ਨਰਮ' ਤੇ 'ਡਰਾਕਲ' ਹੈ। ਆਪਣੇ ਇਸ ਭੁਲੇਖੇ ਦੇ ਆਧਾਰ ਤੇ ਅਤੇ ਆਪਣੇ ਕੰਮ ਨੂੰ ਯਕੀਨੀ ਬਣਾਉਣ ਲਈ ਉਹਨਾਂ ਨੇ ਇਸ ਯੂਨੀਅਨ ਵਿਰੁੱਧ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। ਨਿੱਕੀ ਨਿੱਕੀ ਗੱਲ ਤੇ ਕਾਮਿਆਂ ਨੂੰ ਡਰਾਉਣਾ ਧਮਕਾਉਣਾ ਸ਼ੁਰੂ ਕਰ ਦਿੱਤਾ। ਉਦਾਹਰਣ ਵਜੋਂ ਵੈਨਕੂਵਰ ਵਿਚ ਪਿਛਲੀ ਕਰਿਸਮਿਸ ਵੇਲੇ ਡਾਕਖਾਨੇ ਵਿਚ ਹੋਈ ਜੈਨੀਟਰਾਂ ਦੀ ਹੜਤਾਲ ਖੇਲੇ ਪਿਕਟ ਲਾਈਨ (ਜੈਨੀਟਰਾਂ ਨੇ ਸਿਰਫ ਇਕ ਦਿਨ ਸਾਰੇ ਗੇਟਾਂ ਤੇ ਪਿਕਟ ਲਾਈ ਸੀ ਉਂਝ ਉਹਨਾਂ ਦੀ ਹੜਤਾਲ ਕਈ ਮਹੀਨੇ ਚਲਦੀ ਰਹੀ ਸੀ) ਨਾ ਲੰਘਣ ਤੇ ਉਹਨਾਂ ਨੇ ਹਰ ਕਾਮੇ ਨੂੰ ਘੱਟੋ ਘੱਟ ਦੋ ਦੋ ਦਿਨ ਲਈ ਮੁਲਤਵੀ ਕੀਤਾ। ਅਜਿਹਾ ਸਖਤ ਰਵੱਈਆ ਪਹਿਲਾਂ ਕਦੀ ਵੀ ਦੇਖਣ ਵਿਚ ਨਹੀਂ ਸੀ ਆਇਆ। ਨਾਲ ਹੀ ਉਹਨਾਂ ਨੇ ਕਾਮਿਆਂ ਦੇ ਘਰੀਂ ਖਾਸ ਇਸ ਕੰਮ ਲਈ ਕੱਢੀਆਂ ਗਈਆਂ ਅਖਬਾਰਾਂ, ਚਿੱਠੀਆਂ ਆਦਿ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਹਨਾਂ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਹੁੰਦਾ ਸੀ ਕਿ ਡਾਕਖਾਨੇ ਵਿਚ ਇਹਨਾਂ ਤਬਦੀਲੀਆਂ ਦੀ ਲੋੜ ਹੈ। ਪਰ ਇਸ ਸਭ ਕੁਝ ਦੇ ਪਿੱਛੇ ਮਕਸਦ ਇੰਨਾ ਹੀ ਸੀ ਕਿ ਕਾਮਿਆਂ ਨੂੰ 'ਕਨਫਿਊਜ਼' ਕਰਕੇ ਉਹਨਾਂ ਕੋਲੋਂ ਆਪਣੀਆਂ ਮੰਗਾਂ ਮਨਵਾਈਆਂ ਜਾ ਸਕਣ।

ਇਥੇ ਹੀ ਬੱਸ ਨਹੀਂ, ਜਿਵੇਂ ਜਿਵੇਂ ਚਲਦੀ ਗੱਲਬਾਤ ਹੜਤਾਲ ਵੱਲ ਨੂੰ ਵਧਦੀ ਗਈ ਡਾਕਖਾਨੇ ਨੇ ਐਲਾਨੀਆਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਹ ਹਰ ਹਾਲਤ ਵਿਚ ਲੋਕਾਂ ਨੂੰ ਡਾਕ ਪਹੁੰਚਾਉਂਦੇ ਰਹਿਣਗੇ ਇਸ ਮਕਸਦ ਲਈ ਉਹਨਾਂ ਨੇ ਐਲਾਨੀਆਂ ਤੌਰ 'ਤੇ 'ਸਕੈਬਜ਼' (ਅੰਗਰੇਜ਼ੀ ਤੋਂ ਪੰਜਾਬੀ ਦੀ ਇਕ ਡਿਕਸ਼ਨਰੀ ਵਿਚ scab ਦੇ ਅਰਥ ਹਨ: 1. ਖਰੀਂਢ; ਪੇਪੜੀ; 2. ਖਾਰਸ; ਖਰਸ; 3. ਪੌਦਿਆਂ ਦੀ ਇਕ ਉੱਲੀ ਦੀ ਬੀਮਾਰੀ; 4. ਜ਼ਲੀਲ, ਕਮੀਨਾ, ਨੀਚ। ਸਕੈਬਜ਼ ਨੂੰ ਕਈ ਲੋਕ ਪੰਜਾਬੀ ਵਿਚ 'ਗੂੰਹ-ਖਾਣੇ' ਦੇ ਨਾਂ ਨਾਲ ਵੀ ਪੁਕਾਰਦੇ ਹਨ।) ਖ੍ਰੀਦੇ। ਇਹਨਾਂ ਬੇਗੈਰਤਾਂ ਕੋਲੋਂ ਦਸਤਖਤ ਕਰਾਏ ਗਏ ਕਿ ਉਹ ਪਿਕਟ-ਲਾਈਨ ਨੂੰ ਤੋੜਣ ਲਈ ਕੋਈ ਕਸਰ ਨਹੀਂ ਛੱਡਣਗੇ। (ਬਦਕਿਸਮਤੀ ਨਾਲ ਇਹਨਾਂ ਖਰੀਂਢਾਂ ਦੀ ਸਾਡੀ ਕਮਿਊਨਿਟੀ ਵਿਚ ਵੀ ਕੋਈ ਘਾਟ ਨਹੀਂ)। ਇਸ ਸਭ ਕਾਸੇ ਦਾ ਸਿੱਧਾ ਮਤਲਬ ਸੀ ਕਿ ਡਾਕਖਾਨੇ ਵਾਲੇ ਕਾਮਿਆਂ ਨੂੰ ਜ਼ੋਰ ਨਾਲ ਦਬਾਉਣ ਲਈ ਪੂਰੀਆਂ ਤਿਆਰੀਆਂ ਵਿਚ ਸਨ ਇਥੇ ਤੱਕ ਵੀ ਸੁਣਿਆ ਗਿਆ ਕਿ ਡਾਕਖਾਨੇ ਦੇ ਅਧਿਕਾਰੀ ਇਹ ਦਾਹਵਾ ਕਰ ਰਹੇ ਸਨ ਕਿ ਇਸ ਹੜਤਾਲ ਦੇ ਅਖੀਰ ਤੇ ਉਹ ਡਾਕਖਾਨੇ ਵਿਚਲੀ ਇਕ ਯੂਨੀਅਨ ਖਤਮ ਕਰ ਚੁਕੇ ਹੋਣਗੇ।

ਪਰ ਕਾਮਿਆਂ 'ਤੇ ਉਹਨਾਂ ਦੀਆਂ ਇਹਨਾਂ ਧਮਕੀਆਂ ਤੇ ਡਰਾਉਣ ਦੀਆਂ ਸਕੀਮਾਂ ਦਾ ਬਿਲਕੁਲ ਉਲਟ ਅਸਰ ਹੋਇਆ। ਨਤੀਜੇ ਵਜੋਂ ਕਾਮਿਆਂ ਨੇ ਉਹਨਾਂ ਦੇ ਵਿਰੋਧ ਵਿਚ ਲਿਆਂਦੇ ਖਰੀਂਢਾਂ ਦੇ ਕਿਤੇ ਵੀ ਪੈਰ ਨਹੀਂ ਲੱਗਣ ਦਿੱਤੇ। ਜਿਥੇ ਕਿਤੇ ਵੀ ਖਰੀਂਢ ਅੰਦਰ ਲੰਘੇ ਹਨ ਉਹ ਪੁਲੀਸ ਦੀ ਮੱਦਦ ਨਾਲ ਹੀ ਲੰਘੇ। ਕੁਝ ਹੀ ਦਿਨਾਂ ਵਿਚ ਮਾਲਕਾਂ ਦਾ ਨਸ਼ਾ ਉਤਰ ਗਿਆ ਲੱਗਦਾ ਹੈ ਅਤੇ ਉਹਨਾਂ ਨੇ 'ਮੀਡੀਏਟਰ' ਨਿਯੁਕਤ ਕਰਾਉਣ ਦੀ ਮੰਗ ਕੀਤੀ ਹੈ ਅਤੇ ਨਾਲ ਹੀ ਇਹ ਵਾਅਦਾ ਕੀਤਾ ਹੈ ਕਿ ਜਿੰਨਾ ਚਿਰ 'ਮੀਡੀਏਟਰ' ਗੱਲਬਾਤ ਕਰੇਗਾ ਉਹ ਖਰੀਂਢਾਂ ਦੀ ਵਰਤੋਂ ਨਹੀਂ ਕਰਨਗੇ। ਪਰ ਨਾਲ ਹੀ ਆਪਣੀ ਰਾਠਾਂ ਵਾਲੀ ਹੈਂਕੜ ਕਾਇਮ ਰੱਖਣ ਲਈ ਇਹ ਕਹਿਣਾ ਜਾਰੀ ਰੱਖਿਆ ਹੈ ਕਿ ਡਾਕ ਨੂੰ ਚਲਦੀ ਰੱਖਣ ਦੀ ਉਹ ਹਰ ਕੋਸ਼ਿਸ਼ ਕਰਨਗੇ।

ਹੜਤਾਲ ਸ਼ੁਰੂ ਹੋਣ ਤੋਂ ਲੈ ਕੇ ਜੋ ਲੋਕਾਂ ਨੇ ਟੀ. ਵੀ. ਉਪਰ ਗੱਲਬਾਤ ਤਸ਼ੱਦਦ ਦੀਆਂ ਘਟਨਾਵਾਂ ਦੇਖੀਆਂ ਹਨ ਉਹਨਾਂ ਦੀ ਸਿੱਧੀ ਜ਼ਿੰਮੇਵਾਰੀ ਫੈਡਰਲ ਪਰੋਗਰੈਸਿਵ ਕੰਨਜ਼ਰਵੇਟਿਵ ਸਰਕਾਰ ਦੀ ਹੈ ਕਿਉਂਕਿ ਇਹ ਸਭ ਕੁਝ ਉਹਨਾਂ ਦੀ ਸ਼ਹਿ ਤੇ ਹੋਇਆ ਹੈ ਅਤੇ ਹੋ ਰਿਹਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਟੋਰੀ ਸਰਕਾਰ ਅਜਿਹਾ ਕਿਉਂ ਕਰ ਰਹੀ ਹੈ? ਇਸ ਦੇ ਕਈ ਜਵਾਬ ਹੋ ਸਕਦੇ ਹਨ। ਪਰ ਸਭ ਤੋਂ ਜ਼ਿਆਦਾ ਸਚਾਈ ਦੇ ਨੇੜੇ ਵਾਲਾ ਜਵਾਬ ਤਾਂ ਇਹੀ ਹੈ ਕਿ ਸਰਕਾਰ ਡਾਕਖਾਨੇ ਨੂੰ ਛੇਤੀ ਤੋਂ ਛੇਤੀ ਆਪਣੇ ਮਾਲਕਾਂ, ਪ੍ਰਾਈਵੇਟ ਵਪਾਰੀਆਂ, ਦੇ ਹੱਥਾਂ ਵਿਚ ਦੇਣਾ ਚਾਹੁੰਦੀ ਹੈ। ਵਪਾਰੀ ਇਹ ਜਾਣਦੇ ਹਨ ਕਿ ਚਿੱਠੀਆਂ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਣੀਆਂ ਅਜੇ ਵੀ ਕਾਫੀ ਮੁਨਾਫੇ ਵਾਲਾ ਕੰਮ ਹੈ। ਅਤੇ ਉਹ ਇਸ ਆਸ ਵਿਚ ਹਨ ਕਿ ਕੈਨੇਡਾ ਵਿਚ ਹਜ਼ਾਰਾਂ ਬੇਰੁਜ਼ਗਾਰ ਲੋਕਾਂ ਨੂੰ ਥੋੜੀ ਤਨਖਾਹ ਦੇ ਕੇ ਉਹ ਬਹੁਤ ਵੱਡਾ ਮੁਨਾਫਾ ਕਮਾ ਸਕਦੇ ਹਨ ਜਿਵੇਂ ਕਿ ਪਿਛਲੇ ਕੁਝ ਵਰ੍ਹਿਆਂ ਵਿਚ ਇਸ ਵਪਾਰ ਵਿਚ ਪਏ ਲੋਕਾਂ ਨੇ ਕੀਤਾ ਹੈ। ਡਾਕ ਦੇ ਕੰਮ ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣ ਦੇ ਇਰਾਦੇ ਨਾਲ ਸਰਕਾਰ ਨੇ ਡਾਕਖਾਨੇ ਨੂੰ ਇਹ ਅਲਟੀਮੇਟਮ ਦੇ ਦਿੱਤਾ ਹੈ ਕਿ ਅਗਲੇ ਸਾਲ ਤੱਕ ਡਾਕਖਾਨੇ ਨੂੰ ਆਪਣੇ ਉਪਰ ਆਉਂਦੇ ਖਰਚ ਜਿੰਨੇ ਪੈਸੇ ਖੁਦ ਕਮਾਉਣੇ ਪੈਣਗੇ।

ਆਪਣੇ ਇਹਨਾਂ ਇਰਾਦਿਆਂ ਨੂੰ ਪੂਰਾ ਕਰਨ ਲਈ ਡਾਕਖਾਨੇ ਵਾਲਿਆਂ ਨੇ ਅਗਲੇ ਦੋਂਹ ਸਾਲਾਂ ਵਿਚ ਚਿੱਠੀਆਂ ਵੰਡਣ ਵਾਲੇ ਕਾਮਿਆਂ ਵਿਚੋਂ 8700 (20,000 ਵਿਚੋਂ). ਨੌਕਰੀਆਂ ਘਟਾਉਣ ਦੀ ਸਕੀਮ ਬਣਾਈ ਹੈ। ਉਹਨਾਂ ਦੀਆਂ ਮੰਗਾਂ ਹਨ ਕਿ ਡਾਕੀਏ (ਲੈਟਰ ਕੈਰੀਅਰਜ਼) ਕੰਮਾਂ ਤੇ ਆਪਣੀਆਂ ਕਾਰਾਂ ਵਰਤਣ ਤਾਂ ਕਿ ਡਾਕਖਾਨੇ ਵਿਚੋਂ ਟਰੱਕ ਡਰਾਈਵਰਾਂ ਦੀਆਂ ਨੌਕਰੀਆਂ ਖਤਮ ਕੀਤੀਆਂ ਜਾ ਸਕਣ। ਡਾਕੀਏ ਆਪਣੀ 'ਲੰਚ ਬ੍ਰੇਕ' ਲਈ ਮੁੜ ਕੇ ਵਾਪਿਸ ਡਾਕਖਾਨੇ ਨੂੰ ਨਾ ਆਉਣ ਬਲਕਿ ਕਿਤੇ ਬਾਹਰ ਹੀ ਜਾਂ ਆਪਣੀ ਕਾਰ ਵਿਚ ਬਹਿਕੇ ਆਪਣਾ ਖਾਣਾ ਖਾ ਲੈਣਾ। ਕੈਨੇਡਾ ਵਰਗੇ ਮੁਲਕ ਵਿਚ ਜਿੱਥੇ ਸਾਲ ਵਿਚੋਂ ਨੌਂ ਮਹੀਨੇ ਮੀਂਹ ਜਾਂ ਬਰਫ ਪੈਂਦੀ ਰਹਿੰਦੀ ਹੈ ਇਹ ਕਿੰਨਾ ਕੇ ਸੰਭਵ ਹੈ ਹਰ ਕੋਈ ਜਾਣਦਾ ਹੈ।

ਉਹ ਚਾਹੁੰਦੇ ਹਨ ਕਿ ਨਵੇਂ ਬੰਦਿਆਂ ਨੂੰ ਘੱਟ ਤਨਖਾਹ ਤੇ ਕੰਮ ਤੇ ਰੱਖਿਆ ਜਾਵੇ। ਨਾਲ ਹੀ ਉਹ ਇਹ ਹੱਕ ਚਾਹੁੰਦੇ ਹਨ ਕਿ ਜਦ ਵੀ ਉਹਨਾਂ ਦਾ ਦਿਲ ਕਰੇ ਉਹ ਜਿੰਨਾ ਵੀ ਕੰਮ ਚਾਹੁਣ ਪ੍ਰਾਈਵੇਟ ਠੇਕੇਦਾਰਾਂ ਤੋਂ ਕਰਾ ਸਕਣ। ਇਸ ਦਾ ਨਤੀਜਾ ਇਹ ਹੋਵੇਗਾ ਕਿ ਕਾਮਿਆਂ ਕੋਲ ਕੋਈ ਵੀ 'ਜੌਬ ਸਕਿਉਰਿਟੀ' ਨਹੀਂ ਰਹੇਗੀ। ਸੋ ਇਸ ਤਰ੍ਹਾਂ ਇਸ ਝਗੜੇ ਦਾ ਸਭ ਤੋਂ ਵੱਡਾ ਮਸਲਾ ਕਾਮਿਆਂ ਲਈ 'ਜੌਬ ਸਕਿਉਰਿਟੀ' ਦਾ ਹੈ।

ਮਲਰੂਨੀ ਦੀ ਟੋਰੀ ਸਰਕਾਰ ਇੰਗਲੈਂਡ ਦੀ ਥੈਚਰ ਤੇ ਅਮਰੀਕੀ ਰੀਗਨ ਦੀਆਂ ਲੀਹਾਂ ਤੇ ਚਲਦੀ ਹੋਈ ਕਾਮਿਆਂ ਕੋਲੋਂ ਉਹਨਾਂ ਦੇ ਜਿੱਤੇ ਹੋਏ ਹੱਕ ਖੋਹਣ ਲਈ ਹਰ ਹਥਿਆਰ ਵਰਤਣ ਲਈ ਤਿਆਰ ਹੈ। ਆਪਣੇ ਮੀਡੀਏ ਰਾਹੀਂ ਮਜ਼ਦੂਰ ਜਮਾਤ ਵਿਰੁੱਧ ਹਰ ਰੋਜ਼ ਧੂਆਂਧਾਰ ਪ੍ਰਾਪੇਗੰਡਾ ਕੀਤਾ ਜਾ ਰਿਹਾ ਹੈ ਤਾਂ ਕਿ ਆਮ ਜਨਤਾ ਦੀਆਂ ਅੱਖਾਂ ਵਿਚ ਧੂੜ ਪਾਈ

ਬਾਕੀ ਪੰਨਾ 13 'ਤੇ

# The Manitoba Mirror

# ਮੈਨੀਟੋਬਾ ਦਰਪਣ

# ਪੰਜਾਬ ਦੀਆਂ ਰਾਜਸੀ ਪਾਰਟੀਆਂ ਭੰਬਲਭੂਸੇ ਵਿਚ

**ਜਗਤਾਰ ਸਿੰਘ ਸਿੱਧੂ**

ਪੰਜਾਬ ਦੀਆਂ ਰਾਜਸੀ ਪਾਰਟੀਆਂ ਉਪਰ ਰਾਜ ਦੀਆਂ ਵਰਤਮਾਨ ਪ੍ਰਸਥਿਤੀਆਂ ਦਾ ਪ੍ਰਛਾਵਾਂ ਗ੍ਰਹਿਣ ਵਾਂਗ ਛਾ ਗਿਆ ਹੈ। ਪਿਛਲੇ ਅਰਸੇ ਵਿਚ ਉਨ੍ਹਾਂ ਸਾਰੀਆਂ ਪਾਰਟੀਆਂ ਦਾ ਰਾਜਸੀ ਅਧਾਰ ਖੁਰਿਆ ਹੈ ਅਤੇ ਉਹ ਇਸ ਭੰਬਲਭੂਸੇ ਵਿਚੋਂ ਨਿਕਲਣ ਲਈ ਹੱਥ ਪੱਲਾ ਮਾਰ ਰਹੀਆਂ ਹਨ। ਇਹ ਹੀ ਕਾਰਨ ਹੈ ਕਿ ਪੰਜਾਬ ਦੀ 16 ਲੱਖ ਏਕੜ ਹਰੀ ਭਰੀ ਭੂਮੀ ਦਾ ਪਾਣੀ ਚੂਸ ਲੈਣ ਵਾਲੇ 'ਇਰਾਦੀ ਟ੍ਰਿਬਿਊਨਲ' ਦੀ ਰਿਪੋਰਟ ਵਿਰੁਧ ਪੂਰੇ ਰਾਜ ਵਿਚ ਇਕ ਵੀ 'ਜਨਤਕ ਐਕਸ਼ਨ' ਨਹੀਂ ਹੋਇਆ। ਉਨ੍ਹਾਂ ਨੇ ਰਾਜਧਾਨੀ ਵਿਚ ਮਤੇ ਪਾ ਕੇ ਹੀ ਆਪਣੀਆਂ 'ਹਾਜ਼ਰੀਆਂ' ਲੁਆਈਆਂ।

ਪੰਜਾਬ ਦੇ ਹਿੱਤਾਂ ਲਈ ਲੜਨ ਵਾਲੇ ਅਤੇ ਕਿਸੇ ਸਮੇਂ ਕਪੂਰੀ ਵਿਚ ਸਤਲੁਜ-ਯਮਨਾ ਲਿੰਕ ਨਹਿਰ ਵਿਰੁੱਧ ਮੋਰਚਾ ਲਾਉਣ ਵਾਲੇ ਸ਼ਰੋਮਣੀ ਅਕਾਲੀ ਦਲ ਦੇ ਦੋਵੇਂ ਧੜੇ ਲੀਡਰਸ਼ਿਪ ਦੇ ਹੁੰਦੇ ਹੋਏ ਵੀ 'ਯਤੀਮਾਂ' ਵਾਲੀ ਹਾਲਤ ਵਿਚੋਂ ਗੁਜ਼ਰ ਰਹੇ ਹਨ। ਜਾਪਦਾ ਇੰਜ ਹੈ ਕਿ ਕੇਂਦਰ ਨੇ ਦੋਵਾਂ ਹੀ ਧੜਿਆਂ ਨੂੰ ਸਬਜ਼ ਬਾਗ ਦਿਖਾਏ ਹੋਏ ਹਨ। ਇਸ ਸਬਜ਼ ਬਾਗ ਦਾ ਨਤਾਰਾ ਕਰਨ ਲਈ 17 ਜੂਨ ਦੀਆਂ ਹਰਿਆਣਾ ਅਸੈਂਬਲੀ ਚੋਣਾਂ ਦੀ ਬੇਸਬਰੀ ਨਾਲ ਉਡੀਕ ਹੋ ਰਹੀ ਹੈ। ਸਬਜ਼ ਬਾਗ ਦਾ ਪਰਛਾਵਾਂ ਖਾੜਕੂ ਗਰੁਪਾਂ ਉਤੇ ਵੀ ਪਿਆ ਹੈ।

ਅਕਾਲੀ ਦਲ (ਲੌਂ:) ਹਰਿਆਣਾ ਦੀਆਂ ਚੋਣਾਂ ਤੱਕ ਕਿਸੇ ਨਾ ਕਿਸੇ ਤਰ੍ਹਾਂ ਰਾਜਸੀ ਖਿਲਾ ਪੂਰਾ ਕਰੇਗਾ। ਪਾਰਟੀ ਨੇ ਜ਼ਿਲਾ ਪੱਧਰ ਦੀਆਂ ਵਰਕਰ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਲਿਆ ਹੈ। ਪਾਰਟੀ ਖੁਲ੍ਹੇ ਤੌਰ 'ਤੇ ਕਿਸੇ ਵੀ ਅਜਿਹੇ ਐਕਸ਼ਨ ਵਿਚ ਪੈਣ ਲਈ ਤਿਆਰ ਨਹੀਂ ਜਿਸ ਨਾਲ ਕੇਂਦਰ ਨਾਲ ਬਖੇੜਾ ਖੜ੍ਹਾ ਹੋਵੇ। ਇਥੋਂ ਤੱਕ ਕਿ ਜਦੋਂ ਪੰਜਾਬ ਖਾਦੀ ਬੋਰਡ ਦੇ ਚੇਅਰਮੈਨ ਦੇ ਅਹੁਦੇ ਤੋਂ ਸ੍ਰੀ ਮੋਹਰ ਚੰਦ ਭਾਰਦਵਾਜ ਦੀ ਵਿਦਾਇਗੀ ਸਮੇਂ ਝਗੜਾ ਖੜ੍ਹਾ ਹੋ ਗਿਆ ਸੀ ਤਾਂ ਲੀਡਰਸ਼ਿਪ ਨੇ ਖਦਸ਼ਾ ਪ੍ਰਗਟ ਕੀਤਾ ਸੀ ਕਿ ਅਜਿਹੇ ਐਕਸ਼ਨ ਨਾਲ ਰਾਜਪਾਲ ਹੋਰ ਨਾਰਾਜ਼ ਹੋ ਸਕਦੇ ਹਨ। ਕਈ ਸਾਬਕਾ ਮੰਤਰੀ ਤਾਂ ਹੱਥਕੜੀਆਂ ਦੇ ਖੜਾਕ ਦੀ ਇੰਤਜ਼ਾਰ ਵਿਚ ਕੰਨ ਖੜ੍ਹੇ ਰੱਖਦੇ ਸਨ।

ਪਾਰਟੀ ਅੰਦਰ ਮੁੜ ਇਕ ਧੜੇ ਨੇ ਅਕਾਲੀ ਦਲਾਂ ਵਿਚ ਏਕੇ ਦੀ ਸੁਰ ਉਚੀ ਕੀਤੀ ਹੈ। ਕਿਹਾ ਜਾਂਦਾ ਹੈ ਕਿ ਪਾਰਟੀ ਦੀਆਂ ਪਿਛਲੀਆਂ ਹੋਈਆਂ ਵੱਖ ਵੱਖ ਮੀਟਿੰਗਾਂ ਵਿਚ ਕੁਝ ਮੈਂਬਰਾਂ ਨੇ ਕਿਹਾ ਕਿ ਹੁਣ ਤਾਂ ਸਰਕਾਰ ਵੀ ਨਹੀਂ ਰਹੀ ਜਿਸ ਕਰਕੇ ਏਕੇ ਦੇ ਰਾਹ ਵਿਚ ਰੋੜਾ ਖਤਮ ਹੋ ਗਿਆ ਹੈ। ਕੁਝ ਮੈਂਬਰਾਂ ਨੇ ਕਿਹਾ ਕਿ ਸ: ਸੁਰਜੀਤ ਸਿੰਘ ਬਰਨਾਲਾ ਅਤੇ ਬਲਵੰਤ ਸਿੰਘ ਦੀ ਸਕਿਊਰਿਟੀ ਤਾਂ ਪਹਿਲਾਂ ਵਾਂਗ ਹੀ ਕਾਇਮ ਹੈ ਪ੍ਰੰਤੂ ਦੂਜੇ ਆਪਣੀਆਂ ਜਾਨਾਂ ਦਾ ਖਤਰਾ ਕਿਉਂ ਸਹੇੜਨ। ਸਾਬਕਾ ਮੁਖ ਮੰਤਰੀ ਨੂੰ ਅਜੇ ਵੀ ਬੁਲਟ ਪਰੂਫ ਗੱਡੀ ਮਿਲੀ ਹੋਈ ਹੈ। ਕਈਆਂ ਨੇ ਇਹ ਵੀ ਕਿਹਾ ਕਿ ਬਾਗੀ 22 ਅਕਾਲੀ ਵਿਧਾਇਕਾਂ ਦੀ ਛਾਂਟੀ ਕਰਵਾ ਕੇ ਅਸੀਂ ਆਪ ਹੀ ਆਪਣੇ ਪੈਰਾਂ ਉਤੇ ਕੁਹਾੜਾ ਮਾਰ ਲਿਆ। ਇਸ ਸੁਰ ਵਾਲੇ ਵਿਧਾਇਕਾਂ ਵਿਚ ਸਰਵ ਸ੍ਰੀ ਗੁਰਦੀਪ ਸਿੰਘ ਭੱਟੀ, ਮੇਜਰ ਸਿੰਘ ਉਬੋਕੇ, ਨਿਰੰਜਣ ਸਿੰਘ ਪੱਟੀ, ਉਪਕਾਰ ਸਿੰਘ ਰੰਧਾਵਾ, ਪ੍ਰਕਾਸ਼ ਸਿੰਘ ਗੜ੍ਹਦੀਵਾਲਾ, ਸਰਵਣ ਸਿੰਘ ਫਿਲੌਰ ਅਤੇ ਕਈ ਹੋਰ ਸ਼ਾਮਲ ਸਨ। ਸ. ਬਲਵੰਤ ਸਿੰਘ ਨੇ ਸੁਖਦੇਵ ਸਿੰਘ ਰਾਗੀ ਦੇ ਭੋਗ ਉਤੇ ਕਾਫੀ ਉਚੀ ਸੁਰ ਵਿਚ ਏਕਤਾ ਦੀ ਹਮਾਇਤ ਕੀਤੀ ਪ੍ਰੰਤੂ ਉਸ ਦੇ ਪੈਂਤੜੇ ਤੋਂ ਅਜੇ ਵੀ ਲੋਕ ਡਰਦੇ ਹਨ।

ਬਰਨਾਲਾ ਵਲੋਂ ਬਠਿੰਡਾ ਵਿਚ ਸੰਯੁਕਤ ਅਕਾਲੀ ਦਲ ਦੀ ਹਰਿਆਣਾ ਚੋਣ ਨੀਤੀ ਬਾਰੇ ਬਿਆਨ ਦਾ ਅਕਾਲੀ ਹਲਕਿਆਂ ਨੇ ਨੋਟਿਸ ਲਿਆ ਹੈ। ਸ. ਬਰਨਾਲਾ ਨੇ ਕਿਹਾ ਸੀ ਕਿ ਸੰਯੁਕਤ ਦਲ ਚੋਣਾਂ ਵਿਚ ਜਨਤਾ ਪਾਰਟੀ ਦੀ ਹਮਾਇਤ ਕਰ ਕੇ ਅਸਲ ਵਿਚ ਚਤਰਾਈ ਨਾਲ ਕਾਂਗਰਸ (ਆਈ) ਦੀ ਮੱਦਦ ਕਰ ਰਿਹਾ ਹੈ।

ਸੰਯੁਕਤ ਅਕਾਲੀ ਦਲ ਦੀ ਚੜ੍ਹਤ ਅਤੇ ਜੋਸ਼ ਮੱਠਾ ਪੈਂਦਾ ਨਜ਼ਰ ਆਉਂਦਾ ਹੈ। ਸੀਨੀਅਰ ਲੀਡਰਸ਼ਿਪ ਜੇਲ੍ਹਾਂ ਵਿਚ ਬੈਠੀ ਹੋਣ ਕਾਰਨ ਪਾਰਟੀ ਅੰਦਰ ਛੋਟੇ ਛੋਟੇ ਧੜਿਆਂ ਨੇ ਆਪਣੇ ਹਿਤਾਂ ਨੂੰ ਮਜ਼ਬੂਤ ਕਰਨਾ ਸ਼ੁਰੂ ਕਰ ਦਿੱਤਾ ਹੈ। ਹਰਿਆਣਾ ਦੀਆਂ ਅਸੈਂਬਲੀ ਚੋਣਾਂ ਬਾਰੇ ਪਾਰਟੀ ਲੋੜ ਤੋਂ ਵਧੇਰੇ ਹੀ ਭੰਬਲਭੂਸੇ ਵਿਚ ਪੈ ਗਈ ਹੈ।

ਪਾਰਟੀ ਦੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਲੀਡਰਸ਼ਿਪ (ਪ੍ਰੀਜ਼ੀਡੀਅਮ ਗਰੁੱਪ) ਨਾਲ ਵੀ ਮੱਤਭੇਦ ਉਭਰ ਕੇ ਸਾਹਮਣੇ ਆ ਰਹੇ ਹਨ। ਪ੍ਰੀਜ਼ੀਡੀਅਮ ਦੇ ਨੇਤਾ ਚਮਕੌਰ ਸਿੰਘ ਰੋਡੇ ਅਤੇ ਹੋਰਨਾਂ ਨੇ ਸੰਯੁਕਤ ਦਲ ਦੇ ਕੁਝ ਆਗੂਆਂ ਦੀ ਖੁਲ੍ਹੀ ਆਲੋਚਨਾ ਸ਼ੁਰੂ ਕਰ ਦਿੱਤੀ ਹੈ ਫੈਡਰੇਸ਼ਨ ਬਾਬਾ ਜੋਗਿੰਦਰ ਸਿੰਘ ਦੇ ਨੇੜੇ ਸਮਝੀ ਜਾਂਦੀ ਹੈ। ਪਾਰਟੀ ਕੌਂਸਲ ਦੀਆਂ ਪਿਛਲੀਆਂ ਜੋ ਮੀਟਿੰਗਾਂ ਵਿਚ ਬਾਬਾ ਜੋਗਿੰਦਰ ਸਿੰਘ ਹਾਜ਼ਰ ਨਹੀਂ ਹੋਇਆ। ਦੱਸਿਆ ਜਾਂਦਾ ਹੈ ਕਿ ਉਸ ਨੇ ਦੋਹਾਂ ਮੀਟਿੰਗਾਂ ਵਿਚ ਆਪਣੀ ਚਿੱਠੀ ਭੇਜ ਕੇ ਮਤਭੇਦਾਂ ਦਾ ਖੁਲ੍ਹੇ ਤੌਰ 'ਤੇ ਪ੍ਰਗਟਾਵਾ ਕੀਤਾ। ਸਥਿਤੀ ਇਥੋਂ ਤਕ ਨਿਘਰ ਗਈ ਹੈ ਕਿ ਜਦੋਂ ਪਾਰਟੀ ਦੇ ਸੀਨੀਅਰ ਅਤੇ ਬਜ਼ੁਰਗ ਨੇਤਾ ਸ: ਗੁਰਦੇਵ ਸਿੰਘ ਬਾਦਲ ਨੂੰ ਗ੍ਰਿਫਤਾਰ ਕਰਕੇ ਫਰੀਦਕੋਟ ਦੀ ਜੇਲ੍ਹ ਵਿਚ ਭੇਜਿਆ ਗਿਆ ਤਾਂ ਬਾਬਾ ਜੋਗਿੰਦਰ ਸਿੰਘ ਦੇ ਹਮਾਇਤੀਆਂ, ਫੈਡਰੇਸ਼ਨ ਦੇ ਵਰਕਰਾਂ ਨੇ ਉਸ ਦਾ 'ਗਦਾਰ' ਕਹਿਕੇ ਸਵਾਗਤ ਕੀਤਾ। ਉਸ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਕਿਹਾ ਜਾਂਦਾ ਹੈ ਕਿ ਸ. ਬਾਦਲ ਉਪਰ ਗੰਦੇ ਅੰਡੇ ਸੁੱਟੇ ਗਏ। ਪਾਰਟੀ ਦੇ ਬਾਦਲ ਗਰੁਪ ਦੇ ਆਗੂਆਂ ਨੇ ਕੌਂਸਲ ਦੀ ਮੀਟਿੰਗ ਵਿਚ ਇਸ ਘਟਨਾ ਵਿਰੁਧ ਸਖਤ ਰੋਸ ਪ੍ਰਗਟ ਕੀਤਾ। ਉਨ੍ਹਾਂ ਨੂੰ ਇਹ ਆਖ ਕੇ ਸ਼ਾਂਤ ਕੀਤਾ ਗਿਆ ਕਿ 'ਗੁੰਡੇ' 'ਬਾਬਾ' ਤੋਂ ਬਾਹਰੀ ਹੋ ਗਏ ਹਨ। ਸੰਯੁਕਤ ਦਲ ਦੇ ਆਗੂਆਂ ਨੂੰ ਰੋਸ ਹੈ ਕਿ ਉਨ੍ਹਾਂ ਨੇ ਅਕਾਲ ਤਖਤ ਦੇ ਆਦੇਸ਼ ਉਤੇ ਅਸੈਂਬਲੀ ਦੀਆਂ ਮੈਂਬਰੀਆਂ ਛੱਡ ਦਿੱਤੀਆਂ ਪ੍ਰੰਤੂ ਅਜੇ ਵੀ ਉਨ੍ਹਾਂ ਨੂੰ "ਗਦਾਰ" ਕਿਹਾ ਜਾਂਦਾ ਹੈ। ਅਕਾਲੀ ਦਲ ਦੇ ਦੋਹਾਂ ਧੜਿਆਂ ਅੰਦਰ ਇਹ ਸ਼ੰਕਾ ਉਭਰ ਰਿਹਾ ਹੈ ਕਿ 'ਰਵੀਇੰਦਰ ਸਿੰਘ, ਕੈਪਟਨ ਅਮਰਿੰਦਰ ਸਿੰਘ ਅਤੇ ਬਲਵੰਤ ਸਿੰਘ ਦੀ ਤਿਕੜੀ ਹਰਿਆਣਾ ਪਿਛੋਂ ਨਵੀਂ ਸਰਕਾਰ ਬਨਾਉਣ ਦੇ ਯਤਨਾਂ ਵਿਚ ਹੈ।

ਸਿੰਘ ਸਾਹਿਬਾਨ ਦੀਆਂ ਵੀ ਸਿਆਸਤ ਦੇ ਨਾਲ ਕੁਝ ਤਰੇੜਾਂ ਪੈਦਾ ਹੋ ਗਈਆਂ ਹਨ। ਜਿਸ ਦਿਨ ਸਪੀਕਰ ਨੇ 22 ਵਿਧਾਇਕਾਂ ਨੂੰ ਮੈਂਬਰੀ ਤੋਂ ਖਾਰਜ ਕੀਤਾ ਤਾਂ ਸੰਯੁਕਤ ਦਲ ਦੇ ਆਗੂਆਂ ਨੇ ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਨੂੰ ਬੇਨਤੀ ਕੀਤੀ ਕਿ ਅਕਾਲ ਤਖਤ ਦਾ ਹੁਕਮ ਨਾ ਮੰਨਣ ਵਾਲਿਆਂ ਸ. ਬਲਵੰਤ ਸਿੰਘ ਅਤੇ ਕੁਝ ਹੋਰਨਾਂ ਵਿਰੁਧ ਕਾਰਵਾਈ ਕੀਤੀ ਜਾਵੇ। ਕਿਹਾ ਜਾਂਦਾ ਹੈ ਕਿ ਸਿੰਘ ਸਾਹਿਬ ਨੇ ਕਿਹਾ ਕਿ ਉਹ ਅਕਾਲ ਤਖਤ ਨੂੰ ਵਰਤਣ ਦੀ ਕਿਸੇ ਨੂੰ ਆਗਿਆ ਨਹੀਂ ਦੇਣਗੇ। ਸੰਯੁਕਤ ਦਲ ਨੂੰ ਰੋਸ ਹੈ ਕਿ ਉਨ੍ਹਾਂ ਦੇ 27 ਵਿਧਾਇਕ ਅਤੇ 70 ਸ਼ਰੋਮਣੀ ਕਮੇਟੀ ਮੈਂਬਰ ਸਨ ਪ੍ਰੰਤੂ ਉਨ੍ਹਾਂ ਨੂੰ ਤੋੜਨ ਵੇਲੇ ਇਹ ਦਲੀਲ ਨਹੀਂ ਵਰਤੀ ਗਈ। ਸਮਝਿਆ ਜਾਂਦਾ ਕਿ ਕੁਝ ਸਿੰਘ ਸਾਹਿਬਾਨ ਇਸ ਗੱਲ ਉਤੇ ਪੂਰੀ ਤਰ੍ਹਾਂ ਦ੍ਰਿੜ ਹਨ ਕਿ ਅਕਾਲ ਤਖਤ ਦਾ ਆਦੇਸ਼ ਨਾ ਮੰਨਣ ਵਾਲਿਆਂ ਨੂੰ ਸਜ਼ਾ ਦਿੱਤੀ ਹੀ ਜਾਵੇਗੀ।

ਪੰਜਾਬ ਦੀ ਕਾਂਗਰਸ (ਇੰ) ਪਾਰਟੀ ਇਹ ਸਮਝਦੀ ਹੈ ਕਿ ਇਹ ਸਾਰੀ ਪ੍ਰਸਥਿਤੀ ਉਨ੍ਹਾਂ ਦੇ ਬੜੀ ਰਾਸ ਬੈਠੀ ਹੈ। ਉਨ੍ਹਾਂ ਨੇ ਸਰਕਾਰੀ ਕੰਮਾਂ ਵਿਚ ਤੇਜ਼ੀ ਨਾਲ ਦਖਲ ਦੇਣਾ ਸ਼ੁਰੂ ਕਰ ਦਿੱਤਾ ਹੈ। ਜਿਹੜੇ ਅਧਿਕਾਰੀ ਅਕਾਲੀ ਸਰਕਾਰ ਸਮੇਂ ਕਹਿਣਾ ਨਹੀਂ ਮੰਨਦੇ ਸਨ ਉਨ੍ਹਾਂ ਦੀਆਂ ਸ਼ਿਕਾਇਤਾਂ ਕੀਤੀਆਂ ਜਾ ਰਹੀਆਂ ਹਨ। ਪਾਰਟੀ ਦੇ ਕਈ ਨੇਤਾਵਾਂ ਦਾ ਕਹਿਣਾ ਹੈ ਕਿ ਗਵਰਨਰ ਸਰਕਾਰੀ ਕੰਮ ਵਿਚ ਦਖਲ ਨਾ ਦੇਣ ਬਾਰੇ ਜੋ ਮਰਜੀ ਹਦਾਇਤਾਂ ਦੇ ਦੇਣ ਪ੍ਰੰਤੂ ਅਫਸਰਸ਼ਾਹੀ ਨੂੰ ਪਤਾ ਲਗ ਗਿਆ ਹੈ ਕਿ ਰਾਜ ਅਸਲ ਵਿਚ ਕਾਂਗਰਸ (ਇੰ) ਪਾਰਟੀ ਦਾ ਹੀ ਹੈ। ਕਾਂਗਰਸ (ਇੰ) ਨੇਤਾਵਾਂ ਦੇ ਵਫਦ ਵੱਖ ਵੱਖ ਦਫਤਰਾਂ ਵਿਚ ਘੁੰਮਦੇ ਨਜ਼ਰ ਆਉਂਦੇ ਹਨ ਉਹ ਇਸ ਗੱਲ ਲਈ ਵੀ ਕਾਹਲੇ ਹਨ ਕਿ ਅਕਾਲੀ ਸਰਕਾਰ ਸਮੇਂ ਦੀ ਨੌਕਰੀਆਂ ਵਿਚ ਭਰਤੀ ਰੱਦ ਕਰਵਾ ਕੇ ਪਾਰਟੀ ਵਲੋਂ ਨਵੀਂ ਭਰਤੀ ਕਰਵਾਈ ਜਾਵੇ। ਉਹ ਅਸਲ ਵਿਚ ਰਾਸ਼ਟਰਪਤੀ ਰਾਜ ਨੂੰ 'ਘਰ ਵਾਪਸੀ' ਸਮਝਦੇ ਸਨ।

ਕਾਂਗਰਸ (ਇੰ) ਪਾਰਟੀ ਦੀ ਲੀਡਰਸ਼ਿਪ ਇਹ ਸਪਸ਼ਟ ਆਖਦੀ ਹੈ ਕਿ 'ਇਰਾਦੀ ਟ੍ਰਿਬਿਊਨਿਲ' ਦੀ ਰਿਪੋਰਟ ਬਾਰੇ ਉਨ੍ਹਾਂ ਦਾ ਉਹ ਹੀ ਸਟੈਂਡ ਹੈ ਜੋ ਕੇਂਦਰੀ ਲੀਡਰਸ਼ਿਪ ਦਾ ਸਟੈਂਡ ਹੈ। ਪਾਰਟੀ ਦੇ ਇਕੋ ਇਕ ਨੇਤਾ ਸ. ਗੁਰਬੀਰ ਸਿੰਘ ਬਾਕੂ ਨੇ 'ਇਰਾਦੀ ਟ੍ਰਿਬਿਊਨਲ' ਦੀ ਰਿਪੋਰਟ ਵਿਰੁਧ ਬਿਆਨ ਦਿੱਤਾ। ਉਸ ਵਿਰੁਧ ਇਸ 'ਬਗਾਵਤ' ਲਈ ਐਕਸ਼ਨ ਦੀ ਮੰਗ ਵੀ ਉਠ ਰਹੀ ਹੈ। ਪਾਰਟੀ ਦੇ ਕੁਝ ਹੋਰ ਸੀਨੀਅਰ ਨੇਤਾ ਵੀ ਇਹ ਸਮਝਦੇ ਹਨ ਕਿ 'ਇਰਾਦੀ ਐਵਾਰਡ' ਪੰਜਾਬ ਨਾਲ ਵਧੀਕੀ ਹੈ ਪ੍ਰੰਤੂ ਅਨੁਸ਼ਾਸਨ ਦਾ ਡੰਡਾ ਉਨ੍ਹਾਂ ਨੂੰ ਚੁੱਪ ਕਰਵਾਈ ਰਖਦਾ ਹੈ। ਪਾਰਟੀ ਹਲਕਿਆਂ ਦਾ ਕਹਿਣਾ ਹੈ ਕਿ ਪੰਜਾਬ ਦੀ ਰਾਜਨੀਤੀ ਵਿਚ ਇਸ ਸਮੇਂ ਪਾਰਟੀ ਦੇ ਜਨਰਲ ਸਕੱਤਰ ਅਤੇ ਪੰਜਾਬ ਦੇ ਇੰਚਾਰਜ ਸ੍ਰੀ ਨਵਲ ਕਿਸ਼ੋਰ ਸ਼ਰਮਾ, ਅਤੇ ਗ੍ਰਹਿ ਮੰਤਰੀ ਬੂਟਾ ਸਿੰਘ ਦਾ ਸਭ ਤੋਂ ਵਧੇਰੇ ਦਖਲ ਹੈ। ਪੰਜਾਬ ਦਾ ਜਾਣਿਆ ਪਛਾਣਿਆ ਨਾਂ ਅਰਜਨ ਸਿੰਘ ਕੇਂਦਰੀ ਸੰਚਾਰ ਮੰਤਰੀ ਪਿੱਛੇ ਚਲਾ ਗਿਆ ਹੈ।

ਰਾਸ਼ਟਰਪਤੀ ਰਾਜ ਆਉਣ ਵਿਚ ਅਤਿਵਾਦੀਆਂ ਅਤੇ ਵੱਖਵਾਦੀਆਂ ਵਿਰੁਧ ਸਾਂਝੀ ਰਾਜਸੀ ਮੁਹਿੰਮ ਦਾ ਕੀ ਬਣਿਆ ? ਇਹ ਮੁਹਿੰਮ ਬਰਨਾਲਾ ਸਰਕਾਰ ਸਮੇਂ ਸ਼ੁਰੂ ਹੋਈ ਸੀ ਅਤੇ ਕਮਿਊਨਿਸਟਾਂ ਨੇ ਇਸ ਵਿਚ ਸਭ ਤੋਂ ਵੱਧ ਸਰਗਰਮੀ ਵਿਖਾਈ ਸੀ। ਪੰਜਾਬ ਦੀਆਂ ਦੋਵੇਂ ਕਮਿਊਨਿਸਟ ਪਾਰਟੀਆਂ ਤਾਂ ਹੁਣ ਵੀ ਆਪਣੇ ਤੌਰ 'ਤੇ ਮੁਹਿੰਮ ਚਲਾ ਰਹੀਆਂ ਹਨ ਪ੍ਰੰਤੂ ਸਰਵ ਪਾਰਟੀ ਮੁਹਿੰਮ 'ਡੱਡੂਆਂ ਦੇ ਪੰਸੇਰੀ' ਵਾਂਗ ਖਿਲਰ ਕੇ ਰਹਿ ਗਈ ਹੈ।

ਪੰਨਾ 11 ਦੀ ਬਾਕੀ

ਜਾ ਸਕੇ। ਉਹ ਜਦੋਂ ਵੀ ਗੱਲ ਕਰਦੇ ਹਨ ਮਜ਼ਦੂਰ ਜਮਾਤ ਤੇ ਲੋਕਾਂ ਨੂੰ ਵੱਖ ਵੱਖ ਕਰਕੇ ਪੇਸ਼ ਕਰਦੇ ਹਨ ਜਿਹੜੀ ਕਿ ਸਰਾਸਰ ਬਦਮਾਸ਼ੀ ਹੈ। ਮਜ਼ਦੂਰ ਜਮਾਤ ਹੀ ਲੋਕ ਹਨ। ਜੇ ਕੋਈ ਲੋਕਾਂ ਤੋਂ ਬਾਹਰ ਹੈ ਤਾਂ ਉਹ ਮਜ਼ਦੂਰ ਜਮਾਤ ਨੂੰ ਲੁੱਟਣ ਵਾਲੇ ਅਮੀਰ ਹਨ ਜਿਹੜੇ ਕਿ ਹਰ ਮੁਲਕ ਵਿਚ ਹਮੇਸ਼ਾਂ ਹੀ ਘੱਟ ਗਿਣਤੀ ਵਿਚ ਹੁੰਦੇ ਹਨ। ਪਰ ਆਪਣੇ ਖ੍ਰੀਦੇ ਹੋਏ ਮੀਡੀਏ ਦੀ ਮੱਦਦ ਨਾਲ ਉਹ ਆਪਣੇ ਆਪ ਨੂੰ ਲੋਕ ਸਾਬਤ ਕਰਦੇ ਹਨ ਅਤੇ ਮਜ਼ਦੂਰ ਜਮਾਤ ਨੂੰ ਲੋਕਾਂ ਦੇ ਦੁਸ਼ਮਣ।

ਸਰਕਾਰ ਵਲੋਂ ਡਾਕਖਾਨੇ ਦੇ ਕਾਮਿਆਂ ਨੂੰ ਹਰ ਕਿਸਮ ਦੀ ਧਮਕੀ ਤੇ ਡਰਾਵਾ ਦਿੱਤਾ ਜਾ ਰਿਹਾ ਹੈ। ਅੱਜ (ਜੂਨ, 23) ਦੀਆਂ ਖ਼ਬਰਾਂ ਅਨੁਸਾਰ ਟੋਰੀ ਸਰਕਾਰ ਉਹਨਾਂ ਕੋਲੋਂ ਹੜਤਾਲ ਕਰਨ ਦਾ ਹੱਕ ਖੋਹਣ ਬਾਰੇ ਧਮਕੀਆਂ ਦੇ ਰਹੀ ਹੈ ਅਤੇ ਡਾਕਖਾਨੇ ਦੇ ਚੌਧਰੀ ਡਾਕਖਾਨੇ ਵਿਚ ਕੰਮ ਕਰਦੇ 40,000 ਕਾਮਿਆਂ ਨੂੰ 'ਲੇ-ਆਫ' ਕਰਨ ਦੀ ਧਮਕੀ ਦੇ ਰਹੇ ਹਨ। ਇਸ ਹੜਤਾਲ ਦੌਰਾਨ ਕੈਨੇਡਾ ਦੇ ਹਰ ਹਿੱਸੇ ਵਿਚੋਂ ਮਜ਼ਦੂਰ ਜਮਾਤ ਨੇ ਹੜਤਾਲੀਆਂ ਨਾਲ ਹਮਦਰਦੀ ਜਾਹਿਰ ਕੀਤੀ ਹੈ ਅਤੇ ਉਹਨਾਂ ਨਾਲ ਉਹਨਾਂ ਦੀ ਪਿਕਟ ਲਾਈਨ ਤੇ ਵੀ ਖੜਨ ਵਿਚ ਮੱਦਦ ਕੀਤੀ ਹੈ। ਇਹ ਗੱਲ ਸਾਨੂੰ ਹਰ ਕਿਸੇ ਨੂੰ ਯਾਦ ਰੱਖਣੀ ਚਾਹੀਦੀ ਹੈ ਕਿ ਜੇ ਇਹ ਮਜ਼ਦੂਰ ਜਮਾਤ ਦੇ ਇਕ ਹਿੱਸੇ ਨੂੰ ਇਸ ਤਰ੍ਹਾਂ ਦਬਾਉਣ ਵਿਚ ਕਾਮਯਾਬ ਹੋ ਜਾਂਦੇ ਹਨ ਤਾਂ ਬਾਕੀ ਮਜ਼ਦੂਰਾਂ ਦੀ ਵੀ ਵਾਰੀ ਦੂਰ ਨਹੀਂ। ਇਹ ਠੀਕ ਹੈ ਕਿ ਬੇਰੁਜ਼ਗਾਰੀ ਇਨਸਾਨ ਨੂੰ ਕਈ ਕੁਝ ਕਰਨ ਲਈ ਮਜਬੂਰ ਕਰ ਦਿੰਦੀ ਹੈ ਪਰ ਜੇ ਖਰੀਦੇ 'ਸਕੈਬ' ਬਣਨ ਤੋਂ ਬਚਿਆ ਜਾ ਸਕਦਾ ਹੋਵੇ ਤਾਂ ਜ਼ਰੂਰ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਕ ਮਜ਼ਦੂਰ ਨੂੰ ਦੂਜੇ ਮਜ਼ਦੂਰ ਵਿਰੁੱਧ ਵਰਤਣਾ ਅਮੀਰਾਂ ਦਾ ਬਹੁਤ ਪੁਰਾਣਾ ਤਰੀਕਾ ਹੈ। ਉਹਨਾਂ ਦੇ ਇਸ ਇਨਸਾਨ ਵਿਰੋਧੀ ਮਨਸੂਬੇ ਨੂੰ ਢਾਹ ਲਾਉਣੀ ਹਰ ਸੋਚ ਵਾਲੇ ਇਨਸਾਨ ਦਾ ਫਰਜ਼ ਹੈ।

## ਅਮਰੀਕੀ ਜੰਗੀ ਕਾਨੂੰਨ

ਨਵੀਂ ਦਿੱਲੀ — ਅਮਰੀਕਾ ਦੇ ਦੋ ਹਮਲਾ ਕਰਨ ਵਾਲੇ ਅਜਿਹੇ ਦਸਤੇ ਹਿੰਦ ਮਹਾਂਸਾਗਰ ਵਿਚ ਲਗਾਤਾਰ ਘੁੰਮਦੇ ਰਹਿੰਦੇ ਹਨ ਜਿਹਨਾਂ ਦੀ ਅਗਵਾਈ ਨਿਊਕਲਿਆਈ ਹਥਿਆਰਾਂ ਨਾਲ ਲੈਸ ਜਹਾਜ਼-ਚਾਲਕਾਂ ਵਲੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਬੀ-52 ਵਰਗੇ ਰਣਨੀਤਕ ਬੰਬਾਰ ਅਤੇ ਆਵਾਕਸ ਜਹਾਜ਼ ਨਿਯਮਿਤ ਰੂਪ ਵਿਚ ਮਹਾਂਸਾਗਰ ਦੇ ਉਪਰ ਗਸ਼ਤ ਲਾਉਂਦੇ ਰਹਿੰਦੇ ਹਨ। ਜਿਥੇ ਵਰਨਣਯੋਗ ਹੈ ਕਿ ਹਿੰਦ ਮਹਾਂਸਾਗਰ ਵਿਚ ਅਮਰੀਕਾ ਦੇ ਲਗਪਗ 30 ਫੌਜੀ ਅੱਡੇ ਅਤੇ ਮਜ਼ਬੂਤ ਕੇਂਦਰ ਮੌਜੂਦ ਹਨ। ਇਹ ਇੰਕਸ਼ਾਫ ਹਾਲ ਹੀ ਵਿਚ ਇਕ ਸੋਵੀਅਤ ਰਿਪੋਰਟ ਵਿਚ ਰਿਟਾਇਰਡ ਰੀਅਰ ਐਡਮਿਰਲ ਐਸ. ਜ਼ੁਈਕੋ ਦੇ ਹਵਾਲੇ ਨਾਲ ਕੀਤਾ ਗਿਆ ਹੈ।

# ਮੈਨੀਟੋਬਾ ਦਰਪਣ

# ਹੜਤਾਲਾਂ ਤੇ ਭਾਰਤੀ ਕਮਿਊਨਿਟੀ

ਵਲੋਂ : ਚਰਨਪਾਲ ਗਿੱਲ

ਸੰਨ 1987 ਵਿਚ ਅਸੀਂ ਬੀ. ਸੀ. ਵਿਚ ਕਈ ਹੜਤਾਲਾਂ ਵੇਖੀਆਂ ਹਨ। ਹੜਤਾਲ ਇਕ ਮਜ਼ਦੂਰਾਂ ਦਾ ਹਥਿਆਰ ਹੈ ਜਿਸ ਨਾਲ ਕਾਮੇ ਲੋਕ ਆਪਦਾ ਰੋਸ ਵਿਖਾਉਂਦੇ ਹਨ। ਜੇ ਮਾਲਕ ਉਨ੍ਹਾਂ ਦੀਆਂ ਮੰਗਾਂ ਤੇ ਹੱਕ ਨਹੀਂ ਮੰਨਦਾ ਤਾਂ ਉਹ ਆਪਦੀ ਮਜ਼ਦੂਰੀ ਵੇਚਣ ਤੋਂ ਇਨਕਾਰ ਕਰਦੇ ਹਨ। ਕਾਮੇ ਕਿਸੇ ਤੇ ਹਮਲਾ ਨਹੀਂ ਕਰਦੇ ਪਰ ਕਾਮਿਆਂ ਤੇ ਹਮਲੇ ਹੁੰਦੇ ਹਨ। ਸਰਕਾਰਾਂ ਤੇ ਮਾਲਕ ਬੇਰੁਜ਼ਗਾਰ ਤੇ ਮਜ਼ਬੂਰ ਲੋਕਾਂ ਨੂੰ ਨੌਕਰੀਆਂ ਦਾ ਲਾਲਚ ਦੇ ਕੇ ਮੁਲ ਲੈ ਲੈਂਦੇ ਹਨ ਤੇ ਇਨ੍ਹਾਂ ਮਜ਼ਦੂਰਾਂ ਨੂੰ ਆਪਣੇ ਦੂਸਰੇ ਭੈਣ ਭਰਾਵਾਂ ਦੀਆਂ ਨੌਕਰੀਆਂ ਖੋਹਣ ਲਈ ਤੇ ਹੜਤਾਲ ਤੋੜਨ ਲਈ ਉਕਸਾਉਂਦੇ ਹਨ।

ਜਦ ਪਿਕਟ ਲਾਈਨ ਨੂੰ ਭੰਗ ਕਰਕੇ ਲੋਕ ਲੰਘਦੇ ਹਨ, ਮਜ਼ਦੂਰਾਂ ਦੀਆਂ ਨੌਕਰੀਆਂ ਸੰਭਾਲ ਲੈਂਦੇ ਹਨ, ਮਾਲਕ ਦਾ ਕੰਮ ਚਲਾ ਦਿੰਦੇ ਹਨ ਤਾਂ ਮਾਲਕ ਨੂੰ ਪਿਕਟ ਲਾਈਨ ਤੇ ਖੜੇ ਮਜ਼ਦੂਰਾਂ ਨਾਲ ਗੱਲ ਕਰਨ ਦੀ ਕੋਈ ਲੋੜ ਨਹੀਂ। ਨਵੇਂ ਮਜ਼ਦੂਰਾਂ ਨੂੰ ਘੱਟ ਤਨਖਾਹਾਂ ਤੇ ਵਰਤਕੇ ਮਾਲਕ ਦੇ ਮੁਨਾਫੇ ਵਿਚ ਹੋਰ ਭੀ ਵਾਧਾ ਹੁੰਦਾ ਹੈ। ਜਦ ਹੜਤਾਲ ਲੰਬੀ ਹੋ ਜਾਵੇ ਤਾਂ ਪਿਕਟ ਤੇ ਖੜੇ ਮਜ਼ਦੂਰਾਂ ਦੇ ਕੋਕੜੇ ਸੁਕ ਜਾਂਦੇ ਹਨ ਤਾਂ ਮਾਲਕ ਉਨ੍ਹਾਂ ਨੂੰ ਘੱਟ ਤਨਖਾਹ ਤੇ ਕੰਮ ਕਰਨ ਤੇ ਮਜ਼ਬੂਰ ਕਰ ਸਕਦਾ ਹੈ। ਬੇਰੁਜ਼ਗਾਰਾਂ ਨੂੰ ਥੁੜਚਿਰੀ ਨੌਕਰੀ ਮਿਲਕੇ ਖੁਸ਼ੀ ਤਾਂ ਹੁੰਦੀ ਹੈ ਪਰ ਇਸ ਨਾਲ ਸਾਰੀ ਮਜ਼ਦੂਰ ਜਮਾਤ ਦੇ ਹੱਕਾਂ ਨੂੰ ਸੱਟ ਵੱਜਦੀ ਹੈ। ਜੇ ਲੰਬੀ ਸੋਚੀ ਜਾਵੇ ਤਾਂ ਇਹ ਲੋਕ ਜਿਨ੍ਹਾਂ ਨੂੰ ਮਜ਼ਦੂਰ ਜਮਾਤ ਪਿਕਟ ਦੀ ਉਲੰਘਣਾ ਕਾਰਨ ਕਰਕੇ ਹਰਾਮਖੋਰ ਆਖਦੇ ਹਨ ਆਪਦੇ ਲਈ ਹੀ ਨਹੀਂ ਸਾਰਿਆਂ ਲਈ ਕੰਡੇ ਬੀਜ ਦਿੰਦੇ ਹਨ। ਜਦ ਮਜ਼ਦੂਰ ਦੀ ਜਥੇਬੰਦੀ ਕਮਜ਼ੋਰ ਹੋ ਜਾਵੇ ਤਾਂ ਤਨਖਾਹਾਂ ਭੀ ਘਟਦੀਆਂ ਹਨ ਤੇ ਕੰਮ ਕਰਨ ਵਾਲੀਆਂ ਹਾਲਤਾਂ ਭੀ ਖਰਾਬ ਹੁੰਦੀਆਂ ਹਨ।

ਕੈਨੇਡਾ ਵਿਚ ਪੋਸਟ ਆਫਿਸ ਵਿਚ ਹੜਤਾਲ ਚਲ ਰਹੀ ਹੈ। ਇਥੇ ਵਰਕਰਾਂ ਨੂੰ ਸਾਢੇ ਤੇਰਾਂ ਡਾਲੇ ਘੰਟੇ ਦੇ ਮਿਲਣ ਤੋਂ ਉਪਰੰਤ ਹੋਰ ਭੀ ਕਾਫੀ ਫਾਇਦੇ ਮਿਲਦੇ ਹਨ। ਪੋਸਟ ਆਫਿਸ ਨੇ ਹਰਾਮਖੋਰਾਂ ਨੂੰ ਤਿੰਨ ਡਾਲੇ ਘੱਟ ਦੇ ਕੇ ਪਿਕਟ ਲਾਈਨ ਦੀ ਉਲੰਘਣਾ ਕਰਨ ਲਈ ਹੌਂਸਲਾ ਦਿੱਤਾ ਹੈ। ਇਹ ਸਰਕਾਰ ਦੀ ਗੈਰ ਜ਼ਿਮੇਵਾਰੀ ਦੀ ਨਿਸ਼ਾਨੀ ਹੈ। ਮਾਲਕ.

ਕਾਮੇ ਨੂੰ ਦਸ ਡਾਲੇ ਉਸ ਵੇਲੇ ਦਿੰਦਾ ਹੈ ਜਦ ਕਾਮੇ ਦੀ ਮਜ਼ਦੂਰੀ ਵੀਹ ਡਾਲੇ ਦਾ ਕੰਮ ਦੇਵੇ। ਜਦ ਮਜ਼ਦੂਰ ਆਪਦੀ ਮਜ਼ਦੂਰੀ ਵੇਚਣ ਤੋਂ ਇਨਕਾਰ ਕਰ ਦਿੰਦੇ ਹਨ ਤਾਂ ਮਾਲਕਾਂ ਦੇ ਢਿੱਡ ਵਿਚ ਪੀੜਾਂ ਪੈਣ ਲੱਗ ਜਾਂਦੀਆਂ ਹਨ। ਜਦ ਮਜ਼ਦੂਰ ਨੂੰ ਤਨਖਾਹ ਨਾ ਮਿਲੇ ਉਸਨੂੰ ਬੜੀ ਤਕਲੀਫ ਹੈ ਤੇ ਭੁੱਖੇ ਮਰਨ ਦੀ ਭੀ ਬੜੀ ਸੰਭਾਵਨਾ ਹੈ। ਪਰ ਜਦ ਮਾਲਕ ਦਾ ਮੁਨਾਫਾ ਘੱਟ ਜਾਂਦਾ ਹੈ ਉਸਨੂੰ ਉਸ ਤੋਂ ਭੀ ਭਾਰੀ ਤਕਲੀਫ ਹੋ ਜਾਂਦੀ ਹੈ। ਕਿਉਂਕਿ ਮਜ਼ਦੂਰਾਂ ਤੋਂ ਬਿਨਾਂ ਮਸ਼ੀਨਾਂ ਨਹੀਂ ਚਲਦੀਆਂ ਤੇ ਨਾ ਹੀ ਕੋਈ ਕੰਮ ਨੇਪਰੇ ਚੜ੍ਹਦਾ ਹੈ। ਡਾਲਰ ਸਿਰਫ ਕਾਗਜ਼ ਹਨ। ਮਜ਼ਦੂਰ ਦੀ ਮਜ਼ਦੂਰੀ ਤੋਂ ਬਿਨਾਂ ਇਹ ਕਾਗਜ਼ੀ ਡਾਲਰ ਸਰਮਾਏ 'ਚ ਨਹੀਂ ਬਦਲ ਸਕਦੇ।

ਜੇ ਆਪ ਨੇ ਖਬਰਾਂ ਧਿਆਨ ਨਾਲ ਵੇਖੀਆਂ ਹਨ ਤਾਂ ਤੁਹਾਨੂੰ ਸਾਫ ਪਤਾ ਲੱਗ ਜਾਂਦਾ ਹੈ ਕਿ ਮੀਡੀਆ ਘੱਟ ਗਿਣਤੀ ਲੋਕਾਂ ਨੂੰ ਕਿਵੇਂ ਵਰਤਦਾ ਹੈ। ਰੰਗਦਾਰ ਲੋਕਾਂ ਦੀ ਸੱਤ ਪਰਸੈਂਟ ਗਿਣਤੀ ਹੈ। ਇਸ ਸੱਤ ਪਰਸੈਂਟ ਵਿਚੋਂ ਬੀ. ਸੀ. ਟੀ. ਵੀ. ਨੇ ਇਕ ਚੀਨਾ, ਇਕ ਹਿੰਦੋਸਤਾਨੀ ਤੇ ਇਕ ਕਾਲਾ ਵਿਖਾਇਆ ਜਿਨਾਂ ਨੇ ਕਿਹਾ ਕਿ ਉਹ ਪਿਕਟ ਲਾਈਨ ਲੰਘਣਗੇ ਪਰ 93 ਪਰਸੈਂਟ ਵਿਚ ਇਕ ਗੋਰਾ ਵਿਖਾਇਆ। ਆਮ ਲੋਕਾਂ ਤੇ ਯੂਨੀਅਨ ਵਾਲਿਆਂ ਤੇ ਇਹ ਅਸਰ ਪਿਆ ਕਿ ਇਮੀਗਰੈਂਟ ਹੜਤਾਲ ਤੋੜੂ ਹਨ ਤੇ ਥੋੜੇ ਪੈਸੇ ਤੇ ਵਿਕ ਜਾਂਦੇ ਹਨ ਤੇ ਸਸਤੇ ਲੋਕ ਹਨ। ਭਾਵੇਂ ਇਹੋ ਜਿਹੇ ਪੁਰਸ਼ ਥੋੜੇ ਹਨ ਪਰ ਇਨ੍ਹਾਂ ਦੇ ਕਰਮ ਰੰਗਦਾਰ ਕਮਿਊਨਿਟੀਆਂ ਨੂੰ ਵੱਖਰਾ ਰੰਗ ਦੇ ਰਹੇ ਹਨ।

ਦੁਖੀ ਹੋਏ ਟਰਾਂਟੋ ਯੂਨੀਅਨ ਦੇ ਮਿਸਟਰ ਟਰਨਬੁਲ ਨੇ ਹਰਾਮਖੋਰਾਂ ਨੂੰ ਇਹ ਸੁਨੇਹਾ ਦਿੱਤਾ: "ਤੁਸੀਂ ਆਪਦੇ ਆਪ ਨੂੰ ਘਟੀਆ ਇਨਸਾਨ ਬਣਾ ਰਹੇ ਹੋ। ਪੋਸਟ ਆਫਿਸ ਤੁਹਾਨੂੰ ਕੰਜਰੀਆਂ ਵਾਂਗ ਵਰਤ ਰਿਹਾ ਹੈ। ਇਨਸਾਨੀਅਤ ਤੋਂ ਗਿਰੇ ਜਾਣ ਵਾਲਿਆਂ ਨੂੰ ਹਰਾਮਖੋਰ ਆਖਦੇ ਹਨ। ਸਾਨੂੰ ਸਮਝ ਹੈ ਆਪ ਬੇਰੁਜ਼ਗਾਰ ਜਾਂ ਵਿਦਿਆਰਥੀ ਹੋਵੋਂ ਪਰ ਚੇਤੇ ਰੱਖੋ ਕਿ ਤੁਸੀਂ ਉਨ੍ਹਾਂ ਲੋਕਾਂ ਦੀਆਂ ਨੌਕਰੀਆਂ ਖੋਹ ਰਹੇ ਹੋ ਜਿਨ੍ਹਾਂ ਨੇ ਪੋਸਟ ਆਫਿਸ ਨੂੰ ਆਪਣੀਆਂ ਸਾਰੀਆਂ ਜ਼ਿੰਦਗੀਆਂ ਸਮਰਪਣ ਕਰ ਦਿੱਤੀਆਂ ਹਨ। ਸਾਡਾ ਦਿਲ ਨਹੀਂ ਕਰਦਾ ਕਿ ਤੁਹਾਨੂੰ ਬੁਰਾ ਭਲਾ ਕਹੀਏ ਪਰ ਜਦ ਦੁਖੀਆਂ ਦੀਆਂ ਨੌਕਰੀਆਂ ਤੇ ਹਮਲਾ ਹੁੰਦਾ ਹੈ ਤਾਂ ਤੁਸੀਂ ਕੀ ਆਸ ਕਰ ਸਕਦੇ ਹੋ।"

ਭੂਤਰੇ ਹੋਏ ਵੈਂਡਰਜ਼ਾਮ ਨੇ ਭੀ ਭਬਕੀ ਮਾਰੀ ਕਿ ਫੈਡਰਲ ਸਰਕਾਰ ਨੂੰ ਬੀ. ਸੀ. ਵਾਂਗ ਬਿਲ 19 ਬਣਾ ਦੇਣਾ ਚਾਹੀਦਾ ਹੈ। ਜੇ ਕਾਮਿਆਂ ਦੇ ਨਕੇਲ ਪਾਉਣੀ ਹੋਵੇ ਤਾਂ ਉਨ੍ਹਾਂ ਨੂੰ ਵੈਂਡਰ ਜ਼ਾਮ ਤੋਂ ਸਿਖਿਆ ਲੈਣੀ ਚਾਹੀਦੀ ਹੈ।

ਪਿਕਟ ਲਾਈਨ ਕਾਮਿਆਂ ਦੀ ਇਕ ਪਵਿਤਰ ਲਕੀਰ ਹੈ। ਅਸੀਂ ਬੇਨਤੀ ਕਰਦੇ ਹਾਂ ਕਿ ਜਿਸ ਭਾਰਤੀ ਨੇ ਇਹ ਲਕੀਰ ਲੰਘਣੀ ਹੈ ਤਾਂ ਉਸਦੀ ਮਰਜ਼ੀ ਪਰ ਉਹ ਘੁੰਡ ਜ਼ਰੂਰ ਕੱਢ ਲੈਣ ਤਾਂਕਿ ਉਨ੍ਹਾਂ ਦੇ ਮੁਖੜੇ ਦਾ ਚਮਤਕਾਰਾ ਟੀ. ਵੀ. ਤੇ ਨਾ ਆਵੇ। ਜੇ ਇਨ੍ਹਾਂ ਲੋਕਾਂ ਨੂੰ ਨਹੀਂ ਤਾਂ ਬਹੁ ਗਿਣਤੀ ਨੂੰ ਇਸ ਗੱਲ ਦੀ ਕਾਫੀ ਸ਼ਰਮ ਹੈ। ਸਾਨੂੰ ਭਲੀ ਭਾਂਤ ਪਤਾ ਹੈ ਕਿ ਜੇ ਪੋਸਟ ਆਫਿਸ ਵਿਚ ਯੂਨੀਅਨ ਟੁਟ ਗਈ ਤਾਂ ਛੇ ਡਾਲੇ ਘੰਟੇ ਤੇ ਕੰਮ ਕਰਨ ਪਵੇਗਾ। ਇਸਦਾ ਸਬੂਤ ਆਪਦੇ ਸਾਹਮਣੇ ਹੈ। ਜੋ ਜੈਨੀਟਰ ਵੈਨਕੂਵਰ ਪੋਸਟ ਆਫਿਸ ਵਿਚ 13 ਡਾਲੇ ਲੈਂਦੇ ਸਨ ਤਾਂ ਠੇਕੇਦਾਰ ਅੱਜ ਉਨ੍ਹਾਂ ਨੂੰ ਛੇ ਡਾਲੇ ਹੀ ਦਿੰਦਾ ਹੈ।


# ਪੰਜਾਬ ਦੇ ਸਰਕਾਰੀ ਦਫਤਰਾਂ ਲਈ ਕੰਪਿਊਟਰ ਪ੍ਰਣਾਲੀ ਲਾਗੂ ਹੋਏਗੀ

ਸ਼ੇਰਪੁਰ — ਪੰਜਾਬ ਸਰਕਾਰ ਨੇ ਜ਼ਿਲਾ ਹੈਡ ਕੁਆਟਰਾਂ 'ਤੇ ਕੰਪਿਊਟਰ ਲਾਉਣ ਦੀ ਸਕੀਮ ਨੂੰ ਅੰਤਮ ਰੂਪ ਦੇ ਲਿਆ ਹੈ। ਇਹ ਸਕੀਮ ਪੰਜਾਬ ਸਰਕਾਰ, ਭਾਰਤ ਸਰਕਾਰ ਦੇ ਮਹਿਕਮਾ ਇਲੈਕਟਰੌਨਿਕਸ ਦੇ ਸਹਿਯੋਗ ਨਾਲ ਨੈਸ਼ਨਲ ਸੂਚਨਾ ਸਿਸਟਮ ਦੇ ਅਧੀਨ ਲਾ ਰਹੀ ਹੈ। ਪੰਜਾਬ ਸਰਕਾਰ ਦੇ ਪਲੈਨਿੰਗ ਸਕੱਤਰ ਸ੍ਰੀ ਆਰ ਐਨ ਗੁਪਤਾ ਨੇ ਪੰਜਾਬ ਦੇ ਆਰਥਿਕ ਸਲਾਹਕਾਰ ਡਾ: ਅਜੀਤ ਸਿੰਘ ਰਾਹੀਂ ਇਸ ਸਕੀਮ ਨੂੰ ਨੇਪਰੇ ਚਾੜ੍ਹਨ ਲਈ ਜ਼ਿਲਾ ਪੱਧਰ 'ਤੇ ਕੰਪਿਊਟਰ ਲਾਉਣ ਲਈ ਯੋਗ ਥਾਂ ਦੀ ਭਾਲ ਕਰਨ ਲਈ ਲਿਖਿਆ ਹੈ। ਭਰੋਸੇਯੋਗ ਸੂਤਰਾਂ ਅਨੁਸਾਰ ਇਹ ਕੰਪਿਊਟਰ ਜ਼ਿਲਾ ਅੰਕੜਾ ਦਫਤਰਾਂ ਵਿਚ ਲਾਏ ਜਾਣਗੇ। ਇਨ੍ਹਾਂ ਦਾ ਲਿੰਕ ਚੰਡੀਗੜ੍ਹ ਵਿਖੇ ਲਾਏ ਜਾਣ ਵਾਲੇ ਸੁਪਰ ਮਿਨੀ ਕੰਪਿਊਟਰ ਨਾਲ ਹੋਵੇਗਾ

# ਨੱਕ ਦੀ ਜੜ੍ਹ ਵੱਢ 'ਤੀ

ਸੁੱਖਪਾਲ ਸਿੰਘ ਗਰੇਵਾਲ

- o ਚੰਦੂਮਾਜਰਾ ਵਲੋਂ 50 ਲੱਖ ਰੁਪਏ ਦੇ ਭ੍ਰਿਸ਼ਟਾਚਾਰ ਦਾ ਇਕਬਾਲ—ਰਿਬੈਰੋ
- ★ **ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ**
- o ਅਕਾਲੀ ਸਰਕਾਰ ਬਰਖ਼ਾਸਤ
- ★ **ਚੰਨਾ ਵੇ ਤੇਰੀ ਚਾਨਣੀ ਢਾਈ ਦਿਨ ਦੀ**
- o ਬਰਨਾਲਾ
- ★ **ਨੰਗੇ ਪਿੰਡੇ ਮੌਂਡੇ ਛਮਕਾਂ ਪਈਆਂ ਮੇਰੇ ਰੋਂਦੇ ਨੈਣ ਨਿਮਾਣੇ**
- o ਸੰਯੁਕਤ ਅਕਾਲੀ ਦਲ ਬਨਾਮ ਸਰਕਾਰ ਦੀ ਬਰਖ਼ਾਸਤਗੀ
- ★ **ਨੀ ਸੱਸੀਏ ਕੁਝ ਵੰਡ ਤੇਰੀਆਂ ਆਸਾਂ ਰੱਬ ਪੁਗਾਈਆਂ**
- o ਜਰਨੈਲ ਸਿੰਘ ਹਲਵਾਰਾ
- ★ **ਆਸ਼ਕ ਮਰਨ ਦਲੇਰ ਨੂੰ ਸਿਵਾ ਉਡੀਕੇ ਮੋਰ**
- o ਬਰਨਾਲਾ—ਰਾਜੀਵ
- ★ **ਤੇਰੇ ਪਿੱਛੇ ਲੱਗ ਸੋਹਣੀਏ ਅੱਜ ਜੱਗ ਤੋਂ ਲਾਅ੍ਹਣਤਾਂ ਜਰੀਆਂ**
- o ਦੇਵੀ ਲਾਲ ਤੇ ਸਾਂਝਾ ਫਰੰਟ
- ★ **ਸੱਗੀਫੁੱਲ ਨੀ ਸਿਸ਼ਨ ਜੱਜ ਤੇਰੇ ਕੈਂਠਾ ਤੇਰਾ ਮੋਹਤਮ ਹੈ**
- o ਸਿੱਖ ਕੌਮ
- ★ **ਜੇ ਸੁੱਤਿਆਂ ਸਮਾਂ ਵਿਹਾ ਲਿਆ ਕਿਸੇ ਮੋੜ ਨੀ ਲੈਣਾ ਆ**
- o ਰੱਖਿਆ ਸੌਦੇ—ਰਾਜੀਵ
- ★ **ਗੱਡੀ ਚੜ੍ਹਦੀ ਨੇ ਪਿੰਜਣੀ ਤੋੜੀ ਚਾਅ ਮੁਕਾਬਲੇ ਦਾ**
- o ਰਾਜੀਵ—ਵੀ. ਪੀ. ਸਿੰਘ
- ★ **ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ**
- o ਰੇਅ—ਰਿਬੈਰੋ
- ★ **ਜੋ ਗਲ ਤੂੰ ਆਖੇਂ ਮੈਂ ਮੁਕਰੀਂ ਨਾ ਖਾਵੇ**
- o ਪੰਜਾਬ
- ★ **ਜਿੰਦ ਉਹਦੇ ਨਾ ਲਿਖਦੂੰ ਜੋ ਤਪਦੇ ਦਿਲਾਂ ਨੂੰ ਠਾਰੇ**
- o ਹਰਿਆਣਾ ਚੋਣਾਂ
- ★ **ਤੇਰੇ ਲੌਂਗ ਦਾ ਪਿਆ ਲਿਸ਼ਕਾਰਾ, ਪੰਜਾਬ ਦੀ ਸਰਕਾਰ ਟੁੱਟ ਗਈ**
- o ਗਿਆਨੀ ਜ਼ੈਲ ਸਿੰਘ ਬਨਾਮ ਪਰੈਸ
- ★ **ਤੇਰੇ ਕੋਲ ਕਰ ਜਿਗਰਾ ਵੇ ਮੈਂ ਦੁੱਖ ਹਿਜ਼ਰਾਂ ਦੇ ਫੋਲੇ**
- o ਸਰਕਾਰੀ ਅੱਤਵਾਦ
- ★ **ਗੱਭਰੂ ਮੁੱਲ ਵਿਕਦੇ ਨੀ ਤੂੰ ਛਾਂਟ ਲੈ ਪਤਲੀਏ ਨਾਰੇ**



Sale Starts June 15 - July 15, 1987

# Ambika

5125 Victoria Dr.
Ph. 32

Annive

| | | |
|---|---|---|
| Salted Butter<br>ਲੂਣ ਵਾਲਾ ਬਟਰ<br>with grocery<br>$2.45 lb. | Milk<br>ਦੁੱਧ<br>2.99 4 litre | Atta<br>ਆਟਾ<br>2x10kg.<br>$8.99 |
| Sunflower Oil<br>ਸਨ ਫਲਾਵਰ ਤੇਲ<br>$2.99 | Chicken Legs<br>ਮੁਰਗੇ ਦੀਆਂ ਲੱਤਾਂ<br>99¢ lb. | Lamb Chops<br>ਲੈਂਬ ਚੌਪ<br>99¢ lb. |
| Sugar<br>ਖੰਡ<br>10 kg. $4.99 | Halon<br>ਹਾਲੋਂ<br>lb. 99¢ | Aluminium Pail<br>50% OFF |
| Moong, Chana Dal, Kala Chana, Manh Dal<br>ਮੂੰਗੀ, ਛੋਲਿਆਂ ਦੀ ਦਾਲ,<br>ਕਾਲੇ ਛੋਲੇ, ਮਾਂਹ ਦੀ ਦਾਲ<br>29¢ lb. | | GRIND YOUR<br>Haldi, Mirch, D<br>ਹਲਦੀ, ਮਿਰਚ, ਧਨੀਆ,<br>ਮੇਥੇ |

# ਪੰਜਾਬ ਵਿਚ ਛੇਤੀ ਹੀ ਲੋਕ ਪ੍ਰਿਆ ਸਰਕਾਰ ਬਣੇਗੀ — ਬਰਨਾਲਾ

ਪਟਿਆਲਾ — ਸਾਬਕਾ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਕੇਂਦਰੀ ਸਰਕਾਰ ਵਲੋਂ ਪੰਜਾਬ ਸਮਝੌਤਾ ਲਾਗੂ ਨਾ ਹੋਣ ਕਾਰਨ ਹੀ ਹਰਿਆਣਾ ਵਿਚ ਇੰਕਾ ਨੂੰ ਲੱਕ ਤੋੜਵੀਂ ਹਾਰ ਹੋਈ ਹੈ ਕਿਉਂਕਿ ਲੋਕਾਂ ਦਾ ਕੇਂਦਰ ਤੋਂ ਭਰੋਸਾ ਉਠ ਗਿਆ ਸੀ। ਉਹਨਾਂ ਕਿਹਾ ਕਿ ਕੇਂਦਰ ਨੇ ਹਰਿਆਣਾ ਨੂੰ ਵੱਧ ਦਰਿਆਈ ਪਾਣੀ ਅਤੇ ਚੰਡੀਗੜ੍ਹ ਬਦਲੇ 70000 ਏਕੜ ਪੰਜਾਬੀ ਖੇਤਰ ਦੇਣ ਦਾ ਐਲਾਨ ਕੀਤਾ ਪਰ ਹਰਿਆਣਾਂ ਦੇ ਚੋਣ ਨਤੀਜਿਆਂ ਨੇ ਕੇਂਦਰ ਦੀ ਨੀਤੀ ਨੂੰ ਗਲਤ ਸਾਬਤ ਕਰ ਦਿੱਤਾ ਹੈ। ਉਹਨਾ ਨੇ ਅਤਿਵਾਦੀ ਹਿੰਸਾ ਅਤੇ ਫਰਜ਼ੀ ਪੁਲਸ ਮੁਕਾਬਲਿਆਂ ਦੀ ਸਖਤ ਨਿੰਦਾ ਕੀਤੀ। ਬਰਨਾਲਾ ਜ਼ਿਲਾ ਬਠਿੰਡਾ ਦੇ ਪਿੰਡ ਅਤਲਕਲਾਂ ਵਿਚ ਸੰਤ ਅਤਰ ਸਿੰਘ ਜੀ ਦੀ ਬਰਸੀ ਦੇ ਮੌਕੇ ਤੇ ਭਾਸ਼ਨ ਦੇ ਰਹੇ ਸਨ। ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਉਹਨਾਂ ਕਿਹਾ ਕਿ ਗਵਰਨਰੀ ਰਾਜ ਵਿਚ ਵਿਕਾਸ ਦੇ ਕੰਮ ਠੱਪ ਹੋ ਗਏ ਹਨ। ਸ: ਬਰਨਾਲਾ ਨੇ ਆਸ ਪ੍ਰਗਟ ਕੀਤੀ ਕਿ ਪੰਜਾਬ ਵਿਚ ਛੇਤੀ ਹੀ ਸਰਕਾਰ ਬਣੇਗੀ ਅਤੇ ਵਿਧਾਨ ਅਨੁਸਾਰ ਵਿਧਾਨ ਸਭਾ ਵਿਚ ਸਭ ਤੋਂ ਵੱਡੀ ਪਾਰਟੀ ਨੂੰ ਸਰਕਾਰ ਬਣਾਉਣ ਦਾ ਮੌਕਾ ਮਿਲਣਾ ਚਾਹੀਦਾ ਹੈ ਅਤੇ ਸਾਨੂੰ ਬਹੁਮਤ ਪ੍ਰਾਪਤ ਹੈ। ਇਸ ਮੌਕੇ ਤੇ ਸਾਬਕ ਮੰਤਰੀ ਸ: ਬਲਦੇਵ ਸਿੰਘ ਖਿਆਲਾ, ਸ੍ਰੀ ਕਸਤੂਰੀ ਲਾਲ ਅਤੇ ਸ: ਤੇਜਾ ਸਿੰਘ ਦਰਦੀ ਐਮ ਪੀ ਨੇ ਵੀ ਭਾਸ਼ਨ ਦਿੱਤੇ।

# ਸੰਯੁਕਤ ਦਲ ਦੀ ਮੀਟਿੰਗ ਨਾ ਹੋਈ

ਪਟਿਆਲਾ — ਪਤਾ ਲੱਗਾ ਹੈ ਕਿ ਸੰਯੁਕਤ ਅਕਾਲੀ ਦਲ ਦੀ 20 ਜੂਨ ਨੂੰ ਹੋਣ ਵਾਲੀ ਮੀਟਿੰਗ ਇਸ ਲਈ ਕੈਂਸਲ ਕੀਤੀ ਗਈ ਕਿਉਂਕਿ ਜਿਥੇ ਹੁਣ ਤੱਕ ਇਹ ਨਿਰਣਾ ਨਹੀਂ ਸੀ ਹੋ ਸਕਿਆ ਕਿ ਦਲ ਦਾ ਕਨਵੀਨਰ ਕਿਸ ਨੂੰ ਥਾਪਿਆ ਜਾਵੇ, ਉਥੇ ਜ਼ਿਲਿਆਂ ਅਤੇ ਦੂਜੇ ਸੂਬਿਆਂ ਦੇ ਅਕਾਲੀ ਜਥਿਆਂ ਦੇ ਪ੍ਰਧਾਨ ਥਾਪੇ ਜਾਣ ਅਤੇ ਸੰਯੁਕਤ ਅਕਾਲੀ ਦਲ ਦੇ ਵਿੰਗਾਂ ਦੇ ਆਗੂ ਮਿਥੇ ਜਾਣ ਬਾਰੇ ਵੀ ਵੱਖ ਵੱਖ ਧੜਿਆਂ ਵਿਚਾਲੇ ਕਾਫੀ ਮੱਤਭੇਦ ਸੀ ਅਤੇ ਇਹ ਵੀ ਡਰ ਸੀ ਕਿ ਮੀਟਿੰਗ ਵਿਚ ਕੈਪਟਨ ਅਮਰਿੰਦਰ ਸਿੰਘ ਉਤੇ ਅਜ਼ਾਈਂ ਨੁਕਤਾਚੀਨੀ ਕਰਕੇ ਕਿਤੇ ਪਾਰਟੀ ਦੀ ਏਕਤਾ ਨੂੰ ਭੰਗ ਕਰਨ ਦੀ ਕੋਸ਼ਿਸ਼ ਵੀ ਨਾ ਕੀਤੀ ਜਾਵੇ ਅਤੇ ਇਹ ਗੱਲ ਵੀ ਅਜੇ ਵਿਚਾਰੀ ਜਾਣ ਵਾਲੀ ਸੀ ਕਿ ਬਰਨਾਲਾ ਦਲ ਨੂੰ ਛੱਡਕੇ ਆਏ ਜਾਂ ਆਉਣ ਵਾਲੇ ਲੀਡਰਾਂ ਨੂੰ ਸੰਯੁਕਤ ਅਕਾਲੀ ਦਲ ਵਿਚ ਕੀ ਸਥਾਨ ਦਿੱਤਾ ਜਾਵੇ। ਪਤਾ ਲੱਗਾ ਹੈ ਕਿ ਸੰਯੁਕਤ ਅਕਾਲੀ ਦਲ ਦੇ ਸਾਰੇ ਗੁੱਟਾਂ ਦੀ ਇਹ ਰਾਏ ਹੈ ਕਿ ਦਲ ਦੀਆਂ ਇਕਾਈਆਂ ਜ਼ਿਲਾ ਅਤੇ ਸਰਕਲ ਅਕਾਲੀ ਜਥਾ ਜਾਂ ਵਿੰਗਾਂ ਦੀ ਅਗਵਾਈ ਦੇ ਮਾਮਲੇ ਵਿਚ ਆਪੋ ਵਿਚ ਉਲਝਣ ਦੀ ਥਾਂ ਇਹ ਮਾਮਲਾ ਵੀ ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਖਾਲਸਾ ਤੇ ਛੱਡ ਦਿੱਤਾ ਜਾਵੇ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਜੋ ਫੈਸਲਾ ਦੇਣ ਉਸ ਅਗੇ ਸਿਰ ਝੁਕਾ ਦਿਤਾ ਜਾਵੇ।

# ਫਿਰਕੂ ਸਦਭਾਵਨਾ ਬਣਾਈ ਰੱਖਣ ਲਈ ਸਹਿਯੋਗ ਦਿੱਤਾ ਜਾਏ — ਪੁਰੀ

ਪੱਟੀ — ਪੱਟੀ ਅਮਨ ਕਮੇਟੀ ਦੀ ਮੀਟਿੰਗ ਸ੍ਰੀ ਐਸ ਐਸ ਪੁਰੀ. ਪੀ ਸੀ ਐਸ., ਉਪ ਮੰਡਲ ਅਫਸਰ (ਸਿਵਲ) ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਵੱਖ ਵੱਖ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਸਮਾਜ ਸੇਵਕ ਸੰਸਥਾ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਮੀਟਿੰਗ ਵਿਚ ਮੈਂਬਰਾਂ ਵਲੋਂ ਅਮਨ ਕਾਨੂੰਨ ਦੀ ਸਥਿਤੀ ਨੂੰ ਬਹਾਲ ਕਰਨ ਬਾਰੇ ਸੁਝਾਅ ਦਿਤੇ ਗਏ। ਇਸ ਮੌਕੇ 'ਤੇ ਸ੍ਰੀ ਪੁਰੀ ਨੇ ਦੱਸਿਆ ਕਿ ਅਮਨ ਕਾਨੂੰਨ ਅਤੇ ਸ਼ਾਂਤੀ ਰੱਖਣ ਸਮੇਂ ਕਿਸੇ ਵੀ ਨਿਰਦੋਸ਼ ਵਿਅਕਤੀ ਨੂੰ ਪਰੇਸ਼ਾਨ ਨਹੀਂ ਕੀਤਾ ਜਾਵੇਗਾ ਪਰ ਕਸੂਰਵਾਰ ਨੂੰ ਮੁਆਫ ਨਹੀਂ ਕੀਤਾ ਜਾਵੇਗਾ। ਉਨ੍ਹਾਂ ਨੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਫਰਜ਼ਾਂ ਨੂੰ ਪੂਰੇ ਕਰਦੇ ਹੋਏ ਆਪਣੇ ਆਪਣੇ ਗਲੀ ਮੁਹੱਲੇ ਅਤੇ ਸ਼ਹਿਰ ਵਿਚ ਫਿਰਕੂ ਸਦਭਾਵਨਾ ਬਣਾਈ ਰੱਖਣ ਲਈ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦੇਣ।

# ਧਰਮ ਦਾ ਰੋਲ ਉਸਾਰੂ ਹੋਵੇ — ਮਕਵਾਨਾ

ਚੰਡੀਗੜ੍ਹ — ਕੇਂਦਰੀ ਜ਼ਰਾਇਤ ਰਾਜ ਮੰਤਰੀ ਯੋਗੇਂਦਰ ਮਕਵਾਨਾ ਨੇ ਕਿਹਾ ਕਿ ਭਾਰਤੀ ਸਮਾਜ ਵਿਚ ਧਰਮ ਨੂੰ ਉਸਾਰੂ ਰੋਲ ਅਦਾ ਕਰਨਾ ਚਾਹੀਦਾ ਹੈ ਅਤੇ ਧਾਰਮਿਕ ਕੱਟੜਵਾਦ ਨੂੰ ਸਮਾਜ ਵਿਚ ਆਪਣੀਆਂ ਜੜ੍ਹਾਂ ਨਹੀਂ ਜਮਾਉਣ ਦੇਣੀਆਂ ਚਾਹੀਦੀਆਂ। ਸ੍ਰੀ ਮਕਵਾਨਾ "ਬਾਬਾ ਸਾਹਿਬ ਅੰਬੇਦਕਰ ਦੇ ਜੀਵਨ ਤੇ ਫਲਸਫੇ" ਦੇ ਵਿਸ਼ੇ 'ਤੇ ਆਯੋਜਿਤ ਇਕ ਸੈਮੀਨਾਰ ਨੂੰ ਸੰਬੋਧਨ ਕਰ ਰਹੇ ਸਨ। ਸੈਮੀਨਾਰ ਦਾ ਆਯੋਜਨ ਅਖਿਲ ਭਾਰਤੀ ਅਨੁਸੂਚਿਤ ਜਾਤੀ ਪ੍ਰੀਸ਼ਦ ਨੇ ਕੀਤਾ ਸੀ। ਉਨ੍ਹਾਂ ਕਿਹਾ ਕਿ ਡਾ. ਅੰਬੇਦਕਰ ਸਮਾਜਿਕ ਤੇ ਆਰਥਿਕ ਪੱਖੋਂ ਨਿਆਂਪਸੰਦ ਸਮਾਜ ਦੀ ਸਥਾਪਨਾ ਦੇ ਹੱਕ ਵਿਚ ਸਨ ਅਤੇ ਸਾਨੂੰ ਉਨ੍ਹਾਂ ਦੇ ਆਦਰਸ਼ਾਂ ਦੀ ਪੂਰਤੀ ਲਈ ਯਤਨ ਕਰਨੇ ਚਾਹੀਦੇ ਹਨ।

ਸ੍ਰੀ ਮਕਵਾਨਾ ਨੇ ਜਾਤ ਪਾਤ ਦੇ ਭੇਦ-ਭਾਵ ਤੋਂ ਮੁਕਤ ਸਮਾਜ ਦੀ ਸਥਾਪਨਾ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਸਾਨੂੰ ਦੂਜਿਆਂ ਦੀਆਂ ਧਾਰਮਿਕ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ।

# ਵੀ ਪੀ ਦਾ ਪਟਨਾ 'ਚ ਬੇਮਿਸਾਲ ਸਵਾਗਤ

ਪਟਨਾ — ਸਾਬਕ ਰਖਿਆ ਮੰਤਰੀ ਸ੍ਰੀ ਵੀ ਪੀ ਸਿੰਘ ਦਾ ਇਥੇ ਪਹੁੰਚਣ ਤੇ ਬੇਮਿਸਾਲ ਸਵਾਗਤ ਕੀਤਾ ਗਿਆ। ਉਹਨਾਂ ਦੇ ਨਾਲ ਸੈਂਕੜੇ ਕਾਰਾਂ ਅਤੇ ਹੋਰ ਮੋਟਰ ਗੱਡੀਆਂ ਦਾ ਕਾਫਲਾ ਸੀ। ਬਿਹਾਰ ਦੇ ਸਾਬਕ ਮੁਖ ਮੰਤਰੀ ਸ੍ਰੀ ਜਗਨ ਨਾਥ ਮਿਸ਼ਰਾ ਅਤੇ ਜਨਤਾ ਪਾਰਟੀ ਦੇ ਦੋ ਹੋਰ ਉਘੇ ਆਗੂ ਸਵਾਗਤ ਕਰਨ ਵਾਲਿਆਂ ਵਿਚ ਸ਼ਾਮਲ ਸਨ। ਸ੍ਰੀ ਸਿੰਘ ਔਰੰਗਾਬਾਦ ਦੇ ਪਿੰਡਾਂ ਦਾਲੇ ਚਲ ਅਤੇ ਬਗੋਹਰਾ ਜਾ ਰਹੇ ਹਨ ਜਿਥੇ 29 ਮਈ ਨੂੰ 54 ਰਾਜਪੂਤਾਂ ਦਾ ਕਤਲ ਕਰ ਦਿਤਾ ਗਿਆ ਸੀ। ਯੂ ਪੀ ਤੇ ਬਿਹਾਰ ਦੇ ਹੋਰਨਾਂ ਹਿੱਸਿਆਂ ਤੋਂ ਵੀ ਉਹਨਾਂ ਦੇ ਸਮਰਥਕ ਭਾਰੀ ਗਿਣਤੀ ਵਿਚ ਆਏ ਹੋਏ ਸਨ। ਲੋਕਾਂ ਨੇ ਨਾਅਰੇ ਲਾਏ 'ਰਾਜਾ ਸਾਹਿਬ ਤੁਸੀਂ ਅਗੇ ਆਓ — ਅਸੀਂ ਤੁਹਾਡੇ ਨਾਲ ਹਾਂ।"

# ਹਰਿਆਣਾ ਚੋਣਾਂ ਦਾ ਵਿਸ਼ਲੇਸ਼ਣ

**ਰਾਜਿੰਦਰ ਸਰੀਨ**

-ਹਰਿਆਣਾ ਦੇ ਵੋਟਰਾਂ ਨੇ ਭਾਰਤੀ ਸਿਆਸਤ ਦੀ ਮਹਾਨਤਾ ਨੂੰ ਦਰਸਾਉਂਦਿਆਂ ਤਾਕਤ ਅਤੇ ਅਸਰ ਰਸੂਖ ਦੇ ਦਲਾਲਾਂ ਨੂੰ ਇਕ ਵਾਰ ਫਿਰ ਮੂੰਹ ਭਾਰ ਧਰਤੀ ਤੇ ਸੁਟਿਆ ਹੈ। ਚੌਧਰੀ ਦੇਵੀ ਲਾਲ ਹਰਿਆਣਾ ਦੀ ਸਿਆਸਤ ਦੇ ਬਜ਼ੁਰਗ ਖਿਡਾਰੀ ਹਨ। ਇਹ ਉਨ੍ਹਾਂ ਦੀ ਚੰਗੀ ਕਿਸਮਤ ਹੈ ਕਿ ਆਪਣੇ ਵਿਵਾਦ-ਪੂਰਨ ਜੀਵਨ ਦੀ ਸ਼ਾਮ ਵਿਚ ਉਨ੍ਹਾਂ ਨੂੰ ਅਜਿਹੀ ਮਹਾਨ ਜਿੱਤ ਦਾ ਸੁਭਾਗ ਪ੍ਰਾਪਤ ਹੋਇਆ ਹੈ ਜਿਸ ਨਾਲ ਭਾਰਤ ਦੀ ਰਾਜਸੀ ਪ੍ਰਣਾਲੀ ਦੀ ਉਚਿਤਤਾ ਵਿਚ ਵਿਸ਼ਵਾਸ ਦ੍ਰਿੜ ਹੋਇਆ ਹੈ। ਹਰਿਆਣਾ ਚੋਣਾਂ ਨੂੰ ਜੇਕਰ ਉਪਰੀ ਨਜ਼ਰ ਨਾਲ ਦੇਖਿਆ ਜਾਏ ਤਾਂ ਜਾਪਦਾ ਹੈ ਕਿ ਮਾਰਚ 1977 ਹੀ ਦੁਹਰਾਇਆ ਗਿਆ। ਪਰ ਇਹ ਗੱਲ ਨਹੀਂ, ਕਿਉਂਕਿ ਦੋਵਾਂ ਵਿਚ ਮਹੱਤਵਪੂਰਨ ਅੰਤਰ ਹਨ। 1977 ਵਿਚ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਐਮਰਜੰਸੀ ਲਗਾਏ ਜਾਣ, ਸ੍ਰੀ ਬੰਸੀ ਲਾਲ ਵਲੋਂ ਕੀਤੀਆਂ ਗਈਆਂ ਜ਼ਿਆਦਤੀਆਂ ਜਿਵੇਂ ਕਿ ਸੰਤਾਨ ਸੰਜਮ ਦੀਆਂ ਵਧੀਕੀਆਂ ਅਤੇ ਅਫਸਰਾਂ ਅਤੇ ਰਾਜਸੀ ਸ਼ਖਸੀਅਤਾਂ ਨੂੰ ਪਰੇਸ਼ਾਨ ਕੀਤੇ ਜਾਣ ਵਿਰੁਧ ਲੋਕਾਂ ਵਿਚ ਭਾਰੀ ਰੋਸ ਜਾਗਿਆ ਹੋਇਆ ਸੀ। ਪਰ ਉਦੋਂ ਜ਼ਾਤ ਪਾਤ ਅਤੇ ਸ਼ਖਸੀਅਤ ਵਰਗੀਆਂ ਗੱਲਾਂ ਦਾ ਪ੍ਰਭਾਵ ਦੇਖਣ ਵਿਚ ਆਇਆ। ਪਰ ਇਸ ਵਾਰ ਵੋਟ ਬੈਂਕਾਂ ਦੀ ਥਿਊਰੀ ਜੋ ਇਸ ਕਦਰ ਦਬੀ ਕੁਚਲੀ ਗਈ ਕਿ ਉਸਦਾ ਹੁਲੀਆ ਹੀ ਵਿਗੜ ਗਿਆ ਹੈ। ਵੱਖ ਵੱਖ ਜ਼ਾਤਾਂ ਨਾਲ ਸਬੰਧਤ ਨੇਤਾਵਾਂ ਦਾ ਆਪਣੇ ਆਪਣੇ ਇਲਾਕਿਆਂ ਵਿਚ ਅਸਰ ਰਸੂਖ ਅਚਾਨਕ ਅਲੋਪ ਹੋ ਗਿਆ। ਹੁਣ ਜਦ ਕਿ ਚੋਣ ਨਤੀਜੇ ਸਭ ਦੇ ਸਾਹਮਣੇ ਹਨ, ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਕਾਂਗਰਸ (ਆਈ) ਦੇ ਚੋਣਾਂ ਬਾਰੇ ਸਭ ਕਿਆਫੇ ਗਲਤ ਸਿੱਧ ਹੋਏ ਹਨ। ਕਾਂਗਰਸ ਦਾ ਖਿਆਲ ਸੀ ਕਿ ਇਕ ਵਾਰ ਚੋਣ ਮੈਦਾਨ ਭਖਣ ਤੇ ਉਹ ਜ਼ਾਤ ਪਾਤ ਦੇ ਹਥਕੰਡੇ ਅਤੇ ਹੋਰ ਢੰਗ ਵਰਤ ਕੇ ਵੋਟਰਾਂ ਨੂੰ ਗੂੰਗੇ ਪਸ਼ੂਆਂ ਵਾਂਗ ਹਿੱਕ ਕੇ ਆਪਣੇ ਹੱਕ ਵਿਚ ਵੋਟ ਪੁਆ ਸਕੇਗੀ। ਪਰ ਸਮਝਦਾਰ ਵੋਟਰਾਂ ਨੇ 'ਪਾਰਲਰ ਪਾਲੇਟਿਕਸ' ਤੇ ਅਮਲ ਕਰਨ ਵਾਲਿਆਂ ਨੂੰ ਕਰਾਰੀ ਪਟਖੀ ਦਿਤੀ ਹੈ।

ਕਾਂਗਰਸ (ਆਈ) ਦੀ ਇਹ ਸੋਚਣੀ ਵੀ ਗਲਤ ਨਿਕਲੀ ਕਿ ਪੰਜਾਬ ਸਮਝੌਤੇ ਵਿਰੁਧ ਹਰਿਆਣਾ ਵਾਸੀਆਂ ਦੇ ਰੋਹ ਨੂੰ ਬਰਨਾਲਾ ਸਰਕਾਰ ਦੀ ਬਰਖਾਸਤਗੀ ਨਾਲ ਠਲ ਪਾਈ ਜਾ ਸਕੇਗੀ। ਚੰਡੀਗੜ੍ਹ ਬਾਰੇ ਦਿਤੇ ਗਏ ਧੜੱਲੇਦਾਰ ਬਿਆਨਾਂ ਅਤੇ ਇਰਾਦੀ ਟ੍ਰਿਬਿਊਨਲ ਦੀ ਰਿਪੋਰਟ ਦੀ ਪ੍ਰਕਾਸ਼ਨਾਂ ਵੀ ਹਰਿਆਣਵੀਆਂ ਨੂੰ ਭਰਮਾ ਨਾ ਸਕੀ। ਕਾਂਗਰਸ (ਆਈ) ਦੇ ਨੀਤੀਵਾਨ ਆਪਣੀ ਇਸ ਸੋਚਣੀ ਵਿਰੁਧ ਕੋਈ ਦਲੀਲ ਸੁਨਣ ਨੂੰ ਤਿਆਰ ਨਹੀਂ ਸਨ। ਕਾਂਗਰਸ ਨੇ ਨਾ ਕੇਵਲ ਹਰਿਆਣਾ ਚੋਣਾਂ ਵਿਚ ਹਾਰ ਦਾ ਮੂੰਹ ਦੇਖਿਆ ਹੈ, ਪੰਜਾਬ ਵਿਚ ਉਸਦੀ ਪ੍ਰਤੀਤ ਵੀ ਖਤਮ ਹੋਈ ਹੈ।

ਹਰਿਆਣਾ ਵਿਚ ਪੋਲਿੰਗ ਮਾਰਚ ਦੀ ਥਾਂ ਜੂਨ ਵਿਚ ਕਰਵਾਏ ਜਾਣ ਨਾਲ ਕਾਂਗਰਸ ਦੇ ਦੁਖਾਂ ਵਿਚ ਵਾਧਾ ਹੀ ਹੋਇਆ ਹੈ। ਜੇਕਰ ਉਦੋਂ ਚੋਣ ਹੁੰਦੀ ਤਾਂ ਸ਼ਾਇਦ ਇਸ ਕਦਰ ਵੱਡੀ ਹਾਰ ਨਾ ਹੁੰਦੀ। ਮਾਰਚ ਵਿਚ ਹਾਰ ਹੋਣ ਤੇ ਵੀ ਇਹ ਇਕੋ ਵਾਰ ਚੋਣਾਂ ਵਿਚ ਹਾਰ ਦਾ ਹਿੱਸਾ ਹੋਣੀ ਸੀ। ਕੇਵਲ ਇਹ ਹੋਣਾ ਸੀ ਕਿ ਤਿੰਨਾਂ ਰਾਜਾਂ ਦੀ ਥਾਂ ਚਾਰ ਰਾਜਾਂ ਵਿਚ ਹਾਰ ਗਿਣੀ ਜਾਣੀ ਸੀ। ਹੁਣ ਹੋਈ ਹਾਰ ਇਕ ਵਖਰੀ ਸਟ ਵਾਂਗ ਹੈ ਅਤੇ ਇਸਦਾ ਅਸਰ ਵਧੇਰੇ ਪਿਆ ਹੈ ਕਿਉਂਕਿ ਪਿਛਲੇ 4 ਮਹੀਨਿਆਂ ਦੌਰਾਨ ਬੋਫੋਰਸ ਪਨਡੁਬੀਆਂ ਅਤੇ ਸਵਿਸ ਬੈਂਕ ਵਿਚ ਖਾਤਿਆਂ ਦੀ ਚਰਚਾ ਨੇ ਕਾਂਗਰਸ (ਆਈ) ਲੀਡਰਸ਼ਿਪ ਦੀ ਸ਼ਾਖ ਨੂੰ ਵੱਡਾ ਧੱਕਾ ਲਗਾਇਆ ਸੀ।

ਹਰਿਆਣਾ ਵਿਚ ਹਾਰ ਨਾਲ ਹੁਣ ਕਾਂਗਰਸ (ਆਈ) ਅੰਦਰ ਨਾਰਾਜ਼ ਗਰੁਪ ਦੀਆਂ ਸਰਗਰਮੀਆਂ ਨੂੰ ਹੁਲਾਰਾ ਮਿਲੇਗਾ। ਹੁਣ ਤਕ ਸ੍ਰੀ ਰਾਜੀਵ ਗਾਂਧੀ ਦੇ ਆਲੇ ਦੁਆਲੇ ਦੇ ਵਿਅਕਤੀਆਂ ਉੱਤੇ ਹੀ ਹਮਲੇ ਹੋ ਰਹੇ ਸਨ, ਪਰ ਹੁਣ ਸ਼ਾਇਦ ਰਾਜੀਵ ਨੂੰ ਸਿੱਧਾ ਨਿਸ਼ਾਨਾ ਬਣਾਇਆ ਜਾਏ। ਪਾਰਟੀ ਵਰਕਰਾਂ ਵਿਚ ਸਿਆਸਤ ਦੇ ਢੰਗ ਵਿਰੁਧ ਗੁੱਸਾ ਹੈ। ਪਰ ਹਾਲੀ ਸਥਿਤੀ ਅਜਿਹੀ ਨਹੀਂ ਪੈਦਾ ਹੋਈ ਕਿ ਉਸਤੇ ਕਾਬੂ ਨਾ ਪਾਇਆ ਜਾ ਸਕੇ। 1986 ਦੇ ਸ਼ੁਰੂ ਵਿਚ ਰਾਜੀਵ ਗਾਂਧੀ ਨੇ ਆਪਣੇ ਉਸ ਰਾਜਸੀ ਢੰਗ ਤਰੀਕੇ ਨੂੰ ਛੱਡ ਦਿਤਾ ਜਿਸ ਨੇ ਉਸਨੂੰ 'ਮਿਸਟਰ ਕਲੀਨ' ਦਾ ਖਿਤਾਬ ਦਿਵਾਇਆ ਸੀ ਅਤੇ ਜਿਸ ਨਾਲ ਸਾਲ 1985 ਉਨ੍ਹਾਂ ਲਈ ਚੰਗਾ ਲੰਘਿਆ। ਪਰ ਉਨ੍ਹਾਂ 1986 ਦੇ ਸ਼ੁਰੂ ਵਿਚ 'ਸੰਜੇ ਬ੍ਰਿਗੇਡ' ਵਿਚ ਸ਼ਾਮਲ ਕੁਝ ਵਿਅਕਤੀਆਂ ਨੂੰ ਆਪਣੇ ਨੇੜੇ ਲੈ ਆਂਦਾ। ਉਸ ਦਿਨ ਤੋਂ ਉਹ ਹੇਠਾਂ ਹੀ ਹੇਠਾਂ ਗਏ ਸਨ। ਕੀ ਰਾਜੀਵ ਗਾਂਧੀ ਆਪਣੇ ਅਸਲੇ ਨੂੰ ਪਛਾਣਦੇ ਹੋਏ, ਪਹਿਲਾਂ ਵਾਲੀ ਸਥਿਤੀ ਤੇ ਮੁੜ ਪਹੁੰਚ ਸਕਦੇ ਹਨ? ਇਹ ਤਾਂ ਵਕਤ ਹੀ ਦੱਸੇਗਾ।

ਪ੍ਰਾਪਤ ਸੰਕੇਤਾਂ ਅਨੁਸਾਰ ਹੁਣ ਕਾਂਗਰਸ (ਆਈ) ਵਿਚ ਸਤਾ ਅਤੇ ਅਹੁਦਿਆਂ ਲਈ ਅੰਦਰੂਨੀ ਸੰਘਰਸ਼ ਮੱਠਾ ਰਹਿਣ ਦੀ ਥਾਂ ਤੇਜ਼ ਹੋਏਗਾ। ਹੁਣ ਖੁਲ੍ਹਕੇ ਅੰਦਰੂਨੀ ਲੜਾਈ ਹੋਣ ਦੀ ਸੰਭਾਵਨਾ ਹੈ ਅਤੇ ਕੋਈ ਕਿਸੇ ਦਾ ਲਿਹਾਜ਼ ਨਹੀਂ ਕਰੇਗਾ।

ਹਰਿਆਣਾ ਚੋਣਾਂ ਦੀ ਸਿਤਮਜ਼ਰੀਫੀ ਇਹ ਹੈ ਕਿ ਜੇਕਰ ਕਾਂਗਰਸ ਚੋਣ ਜਿੱਤ ਵੀ ਜਾਂਦੀ ਤਾਂ ਉਸਦੀ ਲੀਡਰਸ਼ਿਪ ਦੀਆਂ ਮੌਜੂਦਾ ਪਰੇਸ਼ਾਨੀਆਂ ਵਿਚ ਕਮੀ ਨਹੀਂ ਹੋਣੀ ਸੀ। ਇਹ ਗੱਲ ਹੈਰਾਨੀਜਨਕ ਨਹੀਂ ਕਿ ਸ੍ਰੀ ਦੇਵੀ ਲਾਲ ਨੇ ਹਰਿਆਣਾ ਚੋਣਾਂ ਨੂੰ ਸ੍ਰੀ ਗਾਂਧੀ ਅਤੇ ਸ੍ਰੀ ਬੰਸੀ ਲਾਲ ਦੀ ਅਗਵਾਈ ਵਾਲੀ ਰਾਜ ਸਰਕਾਰ ਤੇ ਰਾਇਸ਼ੁਮਾਰੀ ਕਰਾਰ ਦਿਤਾ ਹੈ। ਕਾਂਗਰਸ ਦੇ ਬਜ਼ੁਰਗ ਮਹਾਂਰਥੀਆਂ ਵਲੋਂ ਹੁਣ 'ਕੰਪਿਊਟਰ ਲੜਕਿਆਂ' ਦੀ ਛਾਂਟੀ ਦੀ ਮੰਗ ਕੀਤੀ ਜਾਣੀ ਯਕੀਨੀ ਹੈ। ਉਹ ਚਾਹੁੰਣਗੇ ਕਿ ਪਾਰਟੀ ਪਹਿਲਾਂ ਵਾਲੀ ਰਵਾਇਤੀ ਸਿਆਸਤ ਦੇ ਢੰਗ ਤਰੀਕੇ ਅਪਣਾਏ। ਪਰ ਇਹ ਮਾੜੀ ਗੱਲ ਹੋਏਗੀ ਕਿ ਸ੍ਰੀ ਰਾਜੀਵ ਗਾਂਧੀ ਦੇ ਪਾਰਟੀ ਦੇ ਕੰਮ ਕਰਨ ਦੇ ਢੰਗ ਦੇ ਆਧੁਨਿਕੀਕਰਨ ਦੀ ਪ੍ਰਕ੍ਰਿਆ ਨੂੰ ਧੱਕਾ ਲੱਗੇ। ਲੋੜ ਕੇਵਲ ਕੁਝ ਦਰੁਸਤੀਆਂ ਕਰਨ ਦੀ ਹੈ, ਨਾ ਕਿ ਨਿਸ਼ਾਨਾ ਹੀ ਤਿਆਗ ਦੇਣ ਦੀ। ਜੇਕਰ ਪਾਰਟੀ ਨੇ ਪੁਰਾਣੇ ਢੰਗ ਤਰੀਕੇ ਹੀ ਅਪਣਾ ਲਏ ਤਾਂ ਬੁਢੇ ਨੇਤਾਵਾਂ ਨੂੰ ਹੋਰ ਕੁਝ ਸਮਾਂ ਮਨਮਾਨੀ ਕਰਨ ਦਾ ਮੌਕਾ ਤਾਂ ਮਿਲ ਜਾਏਗਾ ਪਰ ਪਾਰਟੀ ਦਾ ਸੰਕਟ ਵਧੇਗਾ। ਪਾਰਟੀ ਦਾ ਭਵਿੱਖ ਇਸ ਗਲ ਤੇ ਨਿਰਭਰ ਕਰੇਗਾ ਕਿ ਉਹ ਦਰਪੇਸ਼ ਮੌਜੂਦਾ ਸੰਕਟ ਨਾਲ ਕਿਸ ਤਰ੍ਹਾਂ ਨਜਿੱਠਦੀ ਹੈ।ਠ



(ਰਾਜੀਵ ਗਾਂਧੀ ਦੀ ਪਤਨੀ ਇਟਲੀ ਦੀ ਹੈਨ)



# ਸਾਹਿਤ ਤੇ ਕਲਾ



ਕਹਾਣੀ

## ਕਬਰਾਂ ਤੋਂ ਸਿਵਿਆਂ ਨੂੰ

**ਰਘੁਬੀਰ ਢੰਡ**

ਪਹਿਲਾਂ ਤਾਂ ਸਾਰਾ ਪਿੰਡ ਸੁੰਨ ਹੋ ਸੁੱਸਰੀ ਵਾਂਗ ਸੌਂ ਗਿਆ। ਫਿਰ ਇਕ ਦਮ ਵੱਜੇ ਵਦਾਣ ਤੋਂ ਲੋਕ ਸੰਭਲੇ। ਘੁਸਰ-ਮੁਸਰ ਹੋਈ ਤੇ ਪਾਟ ਪਏ:... ਹੈਂ ਦੋਵੇਂ ਇਕੱਠੇ! ਪਰਲੋ ਤਾਂ ਆਈ ਖੜ੍ਹੀ ਐ। ਅਣਤੋਲੀ ਧਰਤੀ ਵੀ ਅਖੀਰ ਕਿੰਨਾ ਕੁ ਜਰ ਸਕਦੀ ਐ? ਭਸਮ ਹੋ ਜਾਵੇਗਾ ਸਭ ਕੁਝ। ਸਾਲੇ ਲੋਕਰਾਜ ਦੇ ...

ਦੋਹਾਂ ਦੇ ਘਰ ਸਾਰਾ ਪਿੰਡ ਗਿਆ, ਚੀਕਾਂ ਸੁਣਨ ਤੇ ਚੀਕਾਂ ਮਾਰਨ ਭਾਣਾ ਮੰਨਣ ਤੇ ਸਬਰ-ਸਬਰੀ ਦਾ ਉਪਦੇਸ਼ ਦੇਣ। ਰਾਜ ਰਾਣੀ ਤੇ ਸੁਰਜੀਤ ਕੌਰ ਨੇ ਆਪਣੀਆਂ ਛਾਤੀਆਂ ਪਿੱਟ ਸੁੱਟੀਆਂ ਅਤੇ ਵਾਲ ਖੋਹ ਛੱਡੇ। ਜਦੋਂ ਹਿੰਮਤ ਹਾਰ ਜਾਂਦੀ ਤਾਂ ਘੋਰ ਚੁੱਪ ਦੀ ਚਾਦਰ ਲੈ ਆਪਣੇ-ਆਪ ਵਿੱਚ ਸੁੰਗੜ ਕੇ ਬੈਠ ਜਾਂਦੀਆਂ। ਜ਼ਰਾ ਸਸਤਾ ਲੈਂਦੀਆਂ ਤਾਂ ਮੁੜ ਛਾਤੀਆਂ ਪਿੱਟਣ ਤੇ ਵਾਲ ਖੋਹਣ ਲੱਗ ਜਾਂਦੀਆਂ। ਕਦੋਂ ਤੇ ਕਿੱਥੇ ਖਤਮ ਹੋਵੇਗਾ ਇਹ ਸਿਲਸਿਲਾ? ਕਿਸੇ ਨੂੰ ਕੁਝ ਪਤਾ ਨਹੀਂ ਸੀ। ਕਾਰਜ ਦਾ ਪਤਾ ਸੀ, ਕਾਰਣ ਦਾ ਪਤਾ ਨਹੀਂ ਸੀ। ਜਿੰਨ੍ਹਾਂ ਨੂੰ ਪਤਾ ਸੀ, ਉਨ੍ਹਾਂ ਨੂੰ ਮੱਚਦੇ ਸਿਵਿਆਂ 'ਤੇ ਸੇਕਣ ਦਾ ਸੁਆਦ ਪੈ ਗਿਆ ਸੀ। ਵੇਖੀ ਜਾਵੇਗੀ ਜਦੋਂ ਆਪਣੇ ਪਿੰਡ ਜਲਣਗੇ। ਲੋਕਰਾਜ ਵਿਚ ਕੋਈ ਨਾ ਕੋਈ ਰਾਹ ਤਾਂ ਨਿਕਲ ਹੀ ਆਉਂਦਾ ਹੈ। ਇਹ ਬੜੀ ਲਚਕਦਾਰ ਚੀਜ਼ ਹੈ।

ਇਸ ਸਾਰੇ ਦਰਦਨਾਕ ਮਾਹੌਲ ਵਿਚ ਵੀ ਨਿੱਤਨੇਮ ਉਸੇ ਤਰ੍ਹਾਂ ਚਲਦੇ ਰਹੇ। ਸਵੇਰੇ ਚਾਰ ਵਜੇ ਗੁਰਦਵਾਰੇ ਦਾ ਲਾਊਡਸਪੀਕਰ ਐਨ ਸਮੇਂ ਸਿਰ ਜਾਗਿਆ, ਮਹੀਆਂ ਚੋਈਆਂ ਗਈਆਂ, ਨਾਲੀਆਂ ਛੱਪੜ ਵੱਲ ਵਗਦੀਆਂ ਰਹੀਆਂ। ਹਾਂ, ਗੱਲ ਇਸੇ ਕਹਿਰ ਬਾਰੇ ਚਲਦੀ ਰਹੀ। ਉਦੋਂ ਵੀ, ਜਦੋਂ ਪੰਡਿਤਾਣੀ ਰੋਟੀ ਲੈਣ ਆਈ, ਬਜ਼ੁਰਗ ਢਾਬ 'ਤੇ ਮਹੀਆਂ ਪਿਆਉਣ ਗਏ। ਜਵਾਨ ਪੱਠੇ ਵੱਢਣ ਗਏ, ਕੁੜੀਆਂ-ਮੁੰਡੇ ਸਕੂਲ ਗਏ, ਸੁਆਣੀਆਂ ਨੇ ਚੌਂਕੇ-ਚੁਲ੍ਹੇ ਦੇ ਕੰਮ ਛੋਹੇ ....।


ਅਗਲੇ ਦਿਨ ਲਾਸ਼ਾਂ ਵੀ ਪਿੰਡ ਪੁਜ ਗਈਆਂ।

ਰੋਣਾ - ਪਿੱਟਣਾ ਮੁੜ ਆਰੰਭ ਹੋ ਗਿਆ। ਰਾਜ ਰਾਣੀ ਤੇ ਸੁਰਜੀਤ ਕੌਰ ਨੂੰ ਤੋੜ-ਤੋੜ ਲਾਸ਼ਾਂ ਨਾਲੋਂ ਪਾਸੇ ਧੂਹਿਆ ਜਾ ਰਿਹਾ ਸੀ। ਬਜ਼ੁਰਗ ਵੇਖਦੇ ਤਾਂ ਟਿੱਪਣੀ ਕਰਨੋਂ ਨਾ ਰਹਿ ਸਕਦੇ: "ਸਰੀਰ ਤਾਂ ਜਮਾਂ ਹੀ ਛਾਣਨੀ ਹੋਏ ਪਏ ਨੇ। ਮੁਸ਼ਕ ਜਾਣਗੇ ਜੇ ਇਨ੍ਹਾਂ ਨੂੰ ਬੰਨੇ ਨਾ ਲਾਇਆ ਤਾਂ

"ਨਾਲ ਮੁਰਦੇ ਨੂੰ ਰਾਤ ਰੱਖਣ ਨਾਲ ਉਹਦੀ ਕਾਇਆ ਲੰਮੀ ਹੋ ਜਾਂਦੀ ਹੈ। ਗਤੀ ਵੀ ਨਹੀਂ ਹੁੰਦੀ," ਪੰਡਤ ਜਮਨਾ ਦਾਸ ਨੇ ਪੰਡਿਤਾਈ ਲਹਿਜੇ ਵਿਚ ਆਖਿਆ।

"ਪੰਡਤਾ, ਕਦੇ ਏਸ ਜਹਾਨ 'ਚ ਗਤੀ ਬਾਰੇ ਵੀ ਕੁਸ਼ ਸੋਚ ਲਿਆ ਕਰ, ਭੈੜਿਆ!" ਇੰਜ ਆਖ ਬਜ਼ੁਰਗ ਕਾਮਰੇਡ ਕਾਹਨ ਸਿੰਘ ਔਰਤਾਂ ਵੱਲ ਹੋਇਆ: "ਭਾਈ ਸਾਊ, ਰੋਣ ਨੂੰ ਤਾਂ ਸਾਰੀ ਉਮਰ ਪਈ ਐ। ਖਬਰੈ ਹੋਰ ਕਿੰਨਿਆਂ ਨੂੰ ਰੋਣਾ ਪਵੇਗਾ। ਹੁਣ ਆਏਂ ਕਰੋ, ਦੋਹਾਂ ਨੂੰ ਨੁਹਾਓ ਤੇ ਮੁਰਦਾਘਾਟ ਦੀ ਤਿਆਰੀ ਕਰੋ। ਮੁਰਦੇ ਸਾਹਮਣੇ ਪਏ ਵੇਖ ਸਬਰ ਕਿਵੇਂ ਆਵੇਗਾ?"

ਕਾਮਰੇਡ ਕਾਹਨ ਸਿੰਘ ਬੁੱਢਾ ਤਾਂ ਖੈਰ ਹੋ ਹੀ ਗਿਆ ਸੀ। ਪਰ ਬੰਦਾ ਸੱਚਾ-ਸੁੱਚਾ ਹੋਣ ਕਰਕੇ ਪਿੰਡ 'ਚ ਭੱਲ ਚੰਗੀ ਸੀ। ਇਸੇ ਭੱਲ ਕਰਕੇ ਮੁੰਡਿਆਂ ਨੇ ਬੋਲੀ ਵੀ ਜੋੜੀ ਹੋਈ ਸੀ: ... ਕਾਹਨ ਸਿਉਂ ਸੱਦੂਆਂ ਦਾ ਗੱਲ ਕਰਦਾ ਜਗਤ ਸਚਿਆਰੀ!... ਗੱਲ ਸਭ ਨੂੰ ਜਚ ਗਈ। ਵੈਣ ਮੁੜ ਅਸਮਾਨ ਪਾੜਨ ਲੱਗੇ। ਦੋਹਾਂ ਘਰਾਂ ਤੋਂ ਇਕੱਠੀਆਂ ਅਰਥੀਆਂ ਉਠੀਆਂ। ਰਾਹ ਵਿਚ ਘੜੇ ਭੰਨੇ ਗਏ ਅਤੇ 'ਕਲਜੁਗ ਦੀ ਕੰਧ' ਦੀਆਂ ਜੜ੍ਹਾਂ ਵਿਚ ਉਸਰੀਆਂ ਚਿਤਾਵਾਂ 'ਤੇ ਲਾਸ਼ਾਂ ਟਿਕਾਈਆਂ ਅਤੇ ਅੱਗ ਦੇ ਦਿਤੀ ਗਈ। ਕਈਆਂ ਨੇ ਮਾੜਾ-ਮੋਟਾ ਇਤਰਾਜ਼ ਵੀ ਕੀਤਾ ਕਿ



Raghbir Dhand

'ਕਲਜੁਗ ਦੀ ਕੰਧ' ਦੇ ਐਨ ਲਾਗੇ ਚਿਤਾਵਾਂ ਕਿਉਂ ਬਣਾਈਆਂ ਗਈਆਂ ਜਦੋਂ ਕਿ ਪਿਛਲੇ ਚਾਲੀ ਸਾਲਾਂ ਤੋਂ ਕੰਧ ਤੋਂ ਦਸ-ਦਸ ਗਜ਼ ਦੂਰ ਮੁਰਦੇ ਫੂਕੇ ਜਾਂਦੇ ਰਹੇ ਨੇ। ਇਨ੍ਹਾਂ ਦੀ ਤਾਂ ਗਤੀ ਨੀ ਹੋਣੀ। ਰੂਹਾਂ ਭਟਕਣਗੀਆਂ। ਹਾੜ ਬੋਲਣਗੇ। ਕਾਹਨ ਸਿੰਘ ਨੇ ਆਖਿਆ: 'ਭਾਈ, ਜਦੋਂ ਮੜ੍ਹੀਆਂ 'ਚ ਥਾਂ ਹੀ ਨਹੀਂ ਕੋਈ ਠੀਕ, ਫਿਰ ਹੋਰ ਕੀ ਕੀਤਾ ਜਾਵੇ। ਜਦੋਂ ਏਸ ਜਨਮ 'ਚ ਇੰਨੀ ਭਿਆਨਕ ਮੌਤ ਮਰੇ ਨੇ, ਅਗਲੇ ਜਨਮ ਤੋਂ ਪਿੰਨੀਆਂ ਲੈਣੀਆਂ ਨੇ। ਨਾਲੇ ਤੁਹਾਨੂੰ ਸਾਰਿਆਂ ਨੂੰ ਪਤਾ ਹੋਵੇਗਾ ਕਿ ਇਹ ਦੋਵੇਂ ਡੰਕੇ ਦੀ ਚੋਟ ਨਾਲ ਆਖਦੇ ਹੁੰਦੇ ਸਨ ਕਿ ਜਦੋਂ ਅਸੀਂ ਮਰਾਂਗੇ ਅਸੀਂ ਤਾਂ ਏਸ 'ਸੱਤਜੁਗੀ ਕੰਧ' ਦੀਆਂ ਜੜ੍ਹਾਂ 'ਚ ਜਲਾਂਗੇ। ਇਹ ਇਸ ਕੰਧ ਨੂੰ 'ਸੱਤਜੁਗੀ ਕੰਧ' ਆਖਿਆ ਕਰਦੇ ਸਨ।"

ਦਾਗ ਦੇ ਦਿੱਤਾ ਗਿਆ। ਸੁਰਜੀਤ ਕੌਰ ਦੀਆਂ ਚੀਕਾਂ ਨਾਲ ਹੋਰ ਚੀਕਾਂ ਰਲੀਆਂ ਅਤੇ 'ਚੁੱਲ੍ਹਿਆਂ ਵਾਲੇ ਡੇਰੇ' ਵਿਚ ਮੋਰ ਬੋਲਣੋ ਹਟ ਗਏ। ਲਾਟਾਂ ਉਠੀਆਂ ਤੇ ਸੂਰਜ ਬਾਜੇਖਾਨੇ ਵਾਲੇ ਸੂਏ 'ਚ ਡਿਗ ਪਿਆ। ਸਾਰਾ ਅਕਾਸ਼ ਲਾਲ ਹੋ ਗਿਆ। ਲੋਕਾਂ ਨੇ ਜਲਦੀਆਂ ਚਿਤਾਵਾਂ ਵਿੱਚ ਡੱਕੇ ਸੁੱਟੇ ਅਤੇ ਸਦਾ ਲਈ ਆਪਣਾ ਨਾਤਾ ਤੋੜ ਘਰਾਂ ਨੂੰ ਪਰਤ ਗਏ ਅਤੇ ਕਾਹਨ ਸਿੰਘ ਜਲ ਰਹੇ ਮੁਰਦਿਆਂ ਦੀ ਰਾਖੀ ਲਈ ਸਿਵਿਆਂ ਵਿਚ ਹੀ ਰੁਕ ਗਿਆ। ਕਮਾਦਾਂ ਅਤੇ ਝੋਨਿਆਂ ਦੀ ਹਵਾੜ੍ਹ ਨਾਲ ਚੁੱਪ ਅਤੇ ਗ਼ਮ ਹੋਰ ਵੀ ਵਧ ਗਿਆ ਸੀ। ਚੁਲ੍ਹਿਆਂ ਦੇ ਡੇਰੇ ਦੀਆਂ ਟੱਲੀਆਂ ਵਦਾਣਾਂ ਵਾਂਗ ਮੁੜ ਕੰਨਾਂ ਦੇ ਢੋਲਾਂ 'ਤੇ ਵੱਜਣ ਲੱਗੀਆਂ ......

ਕਿਹੋ ਜਿਹਾ ਦਿਨ ਸੀ ਉਹ? ਕਦੋਂ ਕੁ ਦੀ ਗੱਲ ਹੈ? ਹਾਂ, ਉਨਤਾਲੀ-ਚਾਲੀ ਸਾਲ ਪਹਿਲਾਂ ਦੀ ਗੱਲ ਹੈ। ਦਿਨ ਵੀ ਇਹੋ ਜਿਹਾ ਹੀ ਸੀ। ਇਹੋ ਜਿਹਾ ਕੀ! ... ਬਿਲਕੁਲ ਇਹੀ ਦਿਨ ਸੀ, 15 ਸਤੰਬਰ। ... ਸਤਾਰਾਂ-ਅਠਾਰਾਂ ਸਾਲ ਦੇ ਤਿੰਨ ਮੁੰਡੇ, ਵਾੜੇ ਭਾਈਕੇ ਤੋਂ ਬਾਜੇਖਾਨੇ ਨੂੰ, ਦੋ ਗਧੀਆਂ 'ਤੇ ਕਣਕ ਦੀਆਂ ਬੋਰੀਆਂ ਲੱਦੀ, ਆਟਾ ਪਿਹਾਉਣ ਜਾ ਰਹੇ ਸਨ। ਇੱਕ ਸਿੱਖ ਜੱਟਾਂ ਦਾ ਮੁੰਡਾ ਬਚਨ, ਦੂਜਾ ਮੁਸਲਮਾਨ ਗੁਜਰਾਂ ਦਾ ਮੁੰਡਾ ਖ਼ੈਰਾ, ਤੀਜਾ ਹਿੰਦੂ ਬਾਹਮਣਾਂ ਦਾ ਮੁੰਡਾ ਤੀਰਥ! ... ਇਹ ਸਿੱਖ, ਮੁਸਲਮਾਨ ਜਾਂ ਹਿੰਦੂ ਆਖਣ ਦੀ ਬੀਮਾਰੀ ਤਾਂ ਹੁਣੇ ਪਈ ਹੈ। ਪਹਿਲਾਂ ਤਾਂ ਬੜੇ ਸਹਿਜਮਈ ਤਰੀਕੇ ਨਾਲ ਸੱਦਦੇ ਹੁੰਦੇ ਸਨ: ਜੱਟਾਂ ਦਾ ਬਚਨ, ਗੁੱਜਰਾਂ ਦਾ ਖ਼ੈਰਾ ਤੇ ਬਾਹਮਣਾਂ ਦਾ ਤੀਰਥ।

ਸਤੰਬਰ ਦਾ ਤੀਜਾ ਪਹਿਰ, ਰੇਤਲਾ ਰਾਹ, ਰਾਹ ਦੇ ਦੋਹੀਂ ਪਾਸੀਂ ਪਸਰੇ ਗੁਆਰੇ ਤੇ ਚਰ੍ਹੀ ਦੇ ਖੇਤ ਅਤੇ ਖੱਬੇ ਹੱਥ ਇਕ 'ਚੁੱਲੇ' ਨਾਂ ਦੀ ਇਤਿਹਾਸਕ ਯਾਦਗਾਰ। ਇੰਨਾ ਕੁਝ ਮਿਲ ਜਾਣ ਕਰਕੇ ਅੰਤਾਂ ਦੀ ਗਰਮੀ ਅਤੇ ਹੁੰਮਸ ਸੀ। ਨੁਚੜਦੀਆਂ ਪਿੱਠਾਂ ਦੇ ਬਾਵਜੂਦ ਉਨ੍ਹਾਂ ਤਿੰਨਾਂ ਨੂੰ ਭੋਰਾ ਗਰਮੀ ਨਹੀਂ ਸੀ ਮਹਿਸੂਸ ਹੋ ਰਹੀ। ਹਮ-ਉਮਰ ਲੰਗੋਟੀਏ ਯਾਰ, ਕਿਹੜੀ ਮੁਸੀਬਤ ਸਾਹਮਣੇ ਖਲੋ ਸਕਦੀ ਸੀ?

ਮੁਸੀਬਤ ਤਾਂ ਖੈਰ ਬਹੁਤ ਵੱਡੀ ਆਈ ਸੀ। ਪਾਕਿਸਤਾਨ ਬਣ ਗਿਆ ਸੀ। ਗੁਜਰਾਂ ਦਾ ਖ਼ੈਰਾ ਮੁਸਲਮਾਨ ਕਰਾਰ ਦੇ ਦਿੱਤਾ ਗਿਆ ਸੀ। ਢੋਲ ਪਿੱਟੇ ਜਾਣ ਲੱਗੇ ਸਨ। ਮੁਸਲਮਾਨਾਂ ਨੂੰ ਪਿੰਡਾਂ 'ਚੋਂ ਇੰਜ ਕੱਢਿਆ ਜਾ ਰਿਹਾ ਸੀ ਜਿਵੇਂ ਫਸਲਾਂ 'ਚੋਂ ਸਹੇ ਕੱਢੇ ਜਾ ਰਹੇ ਹੋਣ। ਉਨ੍ਹਾਂ ਨੂੰ ਲੀਰੋ-ਲੀਰ ਕਰਨ ਲਈ ਹੋਰਾਂ ਧਰਮਾਂ ਦੇ ਸ਼ਿਕਾਰੀ ਕੁੱਤੇ ਤਿਆਰ-ਬਰ-ਤਿਆਰ ਖਲੋਤੇ ਸਨ। ਜਾਨਵਰ ਸ਼ਾਇਦ ਇੰਨੇ ਖ਼ੂਨੀ ਨਹੀਂ ਹੁੰਦੇ। ਕੋਈ ਨਾ ਕੋਈ ਸ਼ਿਕਾਰ ਬਚ ਕੇ ਨਿਕਲ ਹੀ ਜਾਂਦਾ ਹੈ। ਪਰ ਜਦੋਂ ਮਰਦ ਬੱਚਾ ਜਾਨਵਰ ਦਾ ਰੂਪ ਧਾਰਨ ਕਰਦਾ ਹੈ ਤੇ ਉਹਦੇ ਸਿਰ ਨੂੰ ਮਜ਼ਹਬ ਦਾ ਭੂਤ ਚੜ੍ਹਦਾ ਹੈ ਤਾਂ ਕੋਈ ਬਚ ਕੇ ਨਹੀਂ ਨਿਕਲ ਸਕਦਾ। ਪਿੰਡ ਦੇ ਭਾਈਚਾਰੇ ਦੀ ਸਾਂਝ ਹਾਲੀਂ ਬਾਕੀ ਸੀ। ਆਪਣੇ ਪਿੰਡ ਦੇ ਮੁਸਲਮਾਨ ਕਿਸੇ ਨੇ ਮਾਰੇ ਨਹੀਂ ਸਨ। ਤੋਰ ਦਿੱਤੇ ਸਨ ਕਿ ਕਾਫਲੇ ਨਾਲ ਜਾ ਕੇ ਮਿਲ ਜਾਵੋ। ਮਿਲਟਰੀ ਕਾਫਲਿਆਂ ਦੇ ਨਾਲ ਹੈ। ਸਾਰਿਆਂ ਨੂੰ ਫਿਰੋਜ਼ਪੁਰ ਦੇ ਹੈੱਡ ਥਾਣੀ ਰਾਜ਼ੀ-ਰਾਜ਼ੀ ਪਾਕਿਸਤਾਨ ਲੰਘਾ ਦਿੱਤਾ ਜਾਵੇਗਾ।

"ਮੈਂ ਨੀ ਜਾਣਾ ਤੀਰਥਾ ਪਾਕਿਸਤਾਨ", ਖ਼ੈਰਾ ਰੋਣ ਵਰਗਾ ਹੋ ਕੇ ਬੋਲਿਆ ਸੀ।

"ਕਿਉਂ ਨੀ ਜਾਣਾ? ਸਾਰੇ ਹੀ ਜਾ ਰਹੇ ਨੇ। ਪਾਕਿਸਤਾਨ ਹੀ ਹੁਣ ਮੁਸਲਮਾਨਾਂ ਦਾ ਮੁਲਕ ਐ", ਤੀਰਥ ਨੇ ਜਵਾਬ ਦਿੱਤਾ।

"ਪਤਾ ਨੀ ਕਿਹੜੇ ਮੁਸਲਮਾਨਾਂ ਦਾ ਮੁਲਕ ਐ। ਮੇਰੇ ਤਾਂ ਦਾਦੇ ਪੜਦਾਦੇ ਨੇ ਵੀ ਕਦੇ ਫਰੀਦਕੋਟ ਟੱਪ ਕੇ ਨੀ ਵੇਖਿਆ। ਮੇਰਾ ਤਾਂ ਇਹੀ ਮੁਲਕ ਐ। ਮੈਨੂੰ ਏਥੇ ਰਖ ਲਵੋ ਲੁਕਾ ਕੇ। ਹਵਾ ਲੰਘ ਗਈ ਤਾਂ ਸਭ ਕੁਝ ਠੀਕ ਹੋ ਜਾਵੇਗਾ। ਜੇ ਮੈਨੂੰ ਧੱਕ ਦਿੱਤਾ ਨਾ, ਮੈਂ ਤਾਂ ਹੇਰਵੇ ਨਾਲ ਹੀ ਮਰ ਜਾਵਾਂਗਾ। ਤੇਰੇ ਤੇ ਬਚਨ ਤੋਂ ਬਿਨਾਂ ਮੈਂ ਕਿਵੇਂ ਜੀਵਾਂਗਾ", ਆਖ ਖ਼ੈਰਾ ਉਚੀ-ਉਚੀ ਰੋਣ ਲਗ ਪਿਆ।

ਤੀਰਥ ਨੇ ਬਚਨ ਵੱਲ ਵੇਖਿਆ ਅਤੇ ਬਚਨ ਨੇ ਤੀਰਥ ਵੱਲ। ਫਿਰ ਬਚਨ ਬੋਲਿਆ: "ਯਾਰ ਖ਼ੈਰਿਆ, ਕੁਸ਼ ਸਾਲਾ ਸੁਝਦਾ ਜਿਹਾ ਨੀ। ਜੇ ਪਾਣੀ ਸਿਰਾਂ ਉਤੋਂ ਦੀ ਲੰਘ ਗਿਆ ਤੇ ਵਹੀਰ ਨੇ ਤੈਨੂੰ ਮਾਰ ਘੱਤਿਆ, ਅਸੀਂ ਤਾਂ ਯਾਰ ਹੌਲ ਨਾਲ ਹੀ ਮਰ ਜਾਵਾਂਗੇ। ਦਸ-ਵੀਹ ਦਿਨ ਤਾਂ ਔਖੇ-ਸੌਖੇ ਲੰਘ ਜਾਣਗੇ ਪਰ ਹਮੇਸ਼ਾਂ ਵਾਸਤੇ ਤੂੰ ਕਿਥੇ ਲੁਕੇਂਗਾ ਤੇ ਅਸੀਂ ਕਿਥੇ ਲੁਕਾਵਾਂਗੇ? ਤੀਰਥਾ, ਤੂੰ ਹੀ ਕੋਈ ਦਿਮਾਗ ਲੜਾ। ਪੰਡਤ ਐਂ ਫੇਰ ਵੀ ਯਾਰ।"

ਤੀਰਥ ਨੇ ਦਿਮਾਗ ਲੜਾਇਆ। ਬੋਲਿਆ: "ਇਕੋ ਹੀ ਤਰੀਕਾ ਐ ਬਈ ਤੂੰ ਅੰਮ੍ਰਿਤ ਛਕ ਕੇ ਸਿੰਘ ਸਜ ਜਾ। ਹਿੰਦੂ ਤਾਂ ਬਣ ਨੀ ਸਕਦਾ। ਜੇ ਬਣ ਸਕਦਾ ਹੁੰਦਾ ਤਾਂ ਹਿੰਦੂ ਵਰਗਾ ਤਾਂ ਹੁਣੇ ਹੀ ਹੈਗਾ। ਪਰ ਫੇਰ ਵੀ ਪਤਾ ਨੀ ਤੂੰ ਹਿੰਦੂ ਨਹੀਂ ਐਂ। ਬਸ ਅੰਮ੍ਰਿਤ ਛਕਣ ਵਾਲਾ ਤਰੀਕਾ ਹੀ ਠੀਕ ਐ।"

ਬਚਨ ਕੁਝ ਸੋਚਾਂ ਵਿਚ ਪੈ ਗਿਆ। ਫਿਰ ਆਖਣ ਲੱਗਿਆ, "ਆਏਂ ਤਾਂ ਯਾਰ ਠੀਕ ਨੀ ਲਗਦਾ। ਧਰਮ ਬਦਲਨ ਨਾਲ ਫੇਰ ਇਹਦਾ ਧਰਮ ਭ੍ਰਿਸ਼ਟ ਨੀ ਹੋ ਜਾਵੇਗਾ? ਪਾਪ ਲਗੇਗਾ ਯਾਰ। ਮੇਰਾ ਮਨ ਨੀ ਮੰਨਦਾ।"

ਖ਼ੈਰਾ ਝੱਟ ਦੇਣੀ ਬੋਲ ਪਿਆ: "ਹੋ ਜਾਣ ਦੇ ਭ੍ਰਿਸ਼ਟ। ਮੈਨੂੰ ਕਿਹੜਾ ਪੁੱਛਕੇ ਮੁਸਲਮਾਨਾਂ ਦੇ ਘਰ ਜੰਮਾਇਆ ਸੀ ਰੱਬ ਨੇ। ਨਾ ਕਿਸੇ ਨੇ ਸੁੰਨਤਾਂ ਕਰਨ ਵੇਲੇ ਮੈਥੋਂ ਪੁੱਛਿਆ ਸੀ। ਅੰਮ੍ਰਿਤ ਛਕਣ ਨਾਲ ਕਿਹੜਾ ਮੈਂ ਕੁਸ਼ ਹੋਰ ਬਣ ਜਾਵਾਂਗਾ 'ਕੱਠੇ ਤਾਂ ਰਹਾਂਗੇ ਯਾਰ। ਤੁਹਾਥੋਂ ਵਿਛੜ ਕੇ ਤਾਂ ਮੈਂ ਮਰ ਜਾਵਾਂਗਾ ... ਜਾਂ ਤੁਸੀਂ ਵੀ ਮੇਰੇ ਨਾਲ ਚੱਲੋ ਪਾਕਿਸਤਾਨ ਨੂੰ।"

ਹੁਣ ਬਚਨ ਤੇ ਤੀਰਥ ਦਾ ਮਨ ਖ਼ੈਰੇ ਨੂੰ ਰੱਖਣ ਦਾ ਬਣ ਚੁੱਕਿਆ ਸੀ ਬਚਨ ਨੇ ਮੋਟੀ ਜਿਹੀ ਸਕੀਮ ਵੀ ਸੋਚ ਲਈ ਸੀ ਕਿ ਬੰਦੇ ਤਾਂ ਖੇਤ ਵਿਚ ਸੌਂਦੇ ਹੀ ਨੇ। ਸੱਤ ਭਾਈ ਆਂ, ਕਿਹੜਾ ਮਾਈ ਦਾ ਲਾਲ ਖ਼ੈਰੇ ਦੀ ਵਾ ਵੱਲ ਵੇਖ ਸਕਦੈ। ਦਿਨੇਂ ਇਧਰ-ਉਧਰ ਕਮਾਦ ਜਾਂ ਚਰ੍ਹੀ 'ਚ ਕਰ ਦਿਆਂ ਕਰਾਂਗੇ ਘੜੀ ਭਰ ਜਦੋਂ ਕੋਈ ਆਉਂਦਾ-ਜਾਂਦਾ ਵੇਖਿਆ। ਰਾਤ ਨੂੰ ਖੇਤ 'ਚ ਸਾਡੇ ਕੋਲ ਹੀ ਪੈ ਜਾਇਆ ਕਰੇਗਾ। ਬਹੁਤਾ ਹੋਇਆ ਅੰਦਰ ਛੰਨ 'ਚ ਪੈ ਗਿਆ। ਇਸ ਲਈ ਖ਼ੈਰੇ ਦੀ ਪਾਕਿਸਤਾਨ ਜਾਣ ਵਾਲੀ ਗੱਲ ਸੁਣ ਬਚਨ ਤੇ ਤੀਰਥ ਆਖਣ ਲੱਗੇ:

"ਨਾ ਬਈ ਦੋਸਤਾ, ਅਸੀਂ ਤਾਂ ਨੀ ਜਾਣਾ ਪਾਕਿਸਤਾਨ। ਸੁੰਨਤਾ ਕਰਵਾਉਣੀਆਂ ਪੈਣਗੀਆਂ। ਸੋਚ ਕੇ ਹੀ ਕਾਂਬਾ ਛਿੜ ਜਾਂਦੈ। ਜਦੋਂ ਤੁਹਾਡੀਆਂ ਸੁੰਨਤਾਂ ਹੋਈਆਂ ਸਨ, ਤੈਨੂੰ ਚੀਕਾਂ ਮਾਰਦੇ ਨੂੰ ਤਿੰਨ-ਚਾਰ ਜਾਣਿਆਂ ਨੇ ਫੜ ਕੇ ਲਿਆਂਦਾ ਸੀ ਤੇ ਤੂੰ ਭੱਜ-ਭੱਜ ਚਾਚੀ ਦੀ ਬੁੱਕਲ 'ਚ ਵੜਦਾ ਜਾਂਦਾ ਸੀ। ਪਰ ਇਹ ਕਸਾਈ ਕਿਥੇ ਛੱਡਦੇ ਨੇ। ਅਸੀਂ ਉਸਤਰੇ ਦੀ ਧਾਰ ਵੇਖ ਹੀ ਬੇਹੋਸ਼ ਹੋਣ ਵਾਲੇ ਹੋ ਗਏ ਸਾਂ। ਨਾ ਬਾਈ ਸਿਆਂ, ਅਸੀਂ ਨੀ ਜਾਣਾ ਪਾਕਿਸਤਾਨ। ਤੈਨੂੰ ਰੱਖਾਂਗੇ ਏਥੇ। ਮਿਲਾ ਹੱਥ।"

ਹੱਥ ਘੁੱਟਦਾ ਬਚਨ ਹੋਰ ਕਹਿਣ ਲੱਗਿਆ: "ਨਾਲੇ ਤੈਨੂੰ ਅੰਮ੍ਰਿਤ ਵੀ ਨੀ ਛਕਾਉਣਾ। ਹੁਣ ਤੋਂ ਸਿਰ ਨਾ ਮੁਨਾਈਂ। ਵਾਲ ਵਧ ਗਏ ਤਾਂ ਜੂੜਾ ਕਰ ਲਿਆ ਕਰੀਂ। ਸਾਡੇ ਵਿਚ ਹੀ ਰਲ ਜਾਵੇਂਗਾ। ਉਦੋਂ ਨੂੰ ਟਿਕਟਿਕਾ ਵੀ ਹੋ ਜਾਵੇਗਾ। ਠੀਕ ਐ ਨਾ।"

"ਹਾਂ, ਠੀਕ ਐ। ਤੀਰਥਾ, ਤੂੰ ਵੀ ਕੇਸ ਰਖ ਲਈਂ। ਆਪਣੇ ਵੱਲ ਤਾਂ ਬਥੇਰੇ ਬਾਹਮਣਾਂ ਨੇ ਕੇਸ ਰੱਖੇ ਹੋਏ ਨੇ", ਖ਼ੈਰਾ ਬੋਲਿਆ।

"ਕੋਈ ਨੀ, ਵੇਖ ਲਵਾਂਗੇ। ਜੇ ਨਾ ਰੱਖਾਂ ਮੇਰਾ ਤਾਂ ਫੇਰ ਵੀ ਸਰ ਜਾਵੇਗਾ", ਤੀਰਥ ਨੇ ਆਖਿਆ।

ਬਾਕੀ ਪੰਨਾ 21 'ਤੇ

# ਕੈਲੇਫੋਰਨੀਆ ਗਾਈਡ



## ਹਾਸਰਸ ਮੇਲੇ 'ਤੇ ਕਵੀ ਤੇ ਢਾਡੀ ਦਰਬਾਰ ਵੀ — ਤਿਆਰੀਆਂ ਜਾਰੀ

ਸਮਰਾਲਾ — ਪੰਜਾਬੀ ਕਲਾ ਮੰਚ ਤੇ ਪ੍ਰੋ: ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਪ੍ਰਧਾਨ ਸ: ਜਗਦੇਵ ਸਿੰਘ ਜੱਸੋਵਾਲ ਨੇ ਇਥੇ ਇਕ ਪ੍ਰੈਸ ਬਿਆਨ ਰਾਹੀਂ ਲੁਧਿਆਣਾ ਵਿਖੇ ਪੰਜਾਬੀ ਭਵਨ ਵਿਚ 2 ਜੁਲਾਈ ਤੋਂ ਹੋ ਰਹੇ ਸਰਬ ਹਿੰਦ ਹਾਸ ਵਿਅੰਗ 'ਕਹਿਕਹਾ ਦਰਬਾਰ' ਦੇ ਮੌਕੇ ਤੇ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਕੇ ਆਰ ਲਖਨਪਾਲ ਤੋਂ ਸਾਰੇ ਜ਼ਿਲੇ ਵਿਚ ਸਰਕਾਰੀ ਛੁੱਟੀ ਕਰਨ ਦੀ ਮੰਗ ਕੀਤੀ। ਸਥਾਨਕ ਰੈਸਟ ਹਾਊਸ ਵਿਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਸ: ਜੱਸੋਵਾਲ ਨੇ ਕਿਹਾ ਕਿ ਇਸ ਹਾਸ-ਰੰਗ ਵਿਅੰਗ ਕਹਿਕਹਾ ਦਰਬਾਰ ਦਾ ਉਘਾਟਨ ਪੰਜਾਬ ਦੇ ਗਵਰਨਰ ਸ੍ਰੀ ਐਸ ਐਸ ਰੇਅ 2 ਜੁਲਾਈ ਨੂੰ 10 ਵਜੇ ਕਰਨਗੇ। ਜੱਸੋਵਾਲ ਮੁਤਾਬਕ ਇਹ ਪਰੋਗਰਾਮ ਵਿਚ ਸ਼ਾਮਲ ਹੋਣ ਲਈ ਸਭ ਸਾਹਿਤਕ, ਸਭਿਆਚਾਰਕ ਜਥੇਬੰਦੀਆਂ ਨੂੰ ਆਉਣ ਦਾ ਖੁਲ੍ਹਾ ਸੱਦਾ ਦਿੱਤਾ ਗਿਆ ਹੈ। ਇਸੇ ਮੌਕੇ ਤੇ ਹਾਸਰਸ ਲਿਖਤਾਂ ਦੇ ਸਮਰਾਟ ਡਾ: ਗੁਰਨਾਮ ਸਿੰਘ ਤੀਰ ਨੇ ਦੱਸਿਆ ਕਿ ਇਸ ਹਾਸ-ਰੰਗ ਮੇਲੇ ਵਿਚ ਕਵੀ ਦਰਬਾਰ, ਢਾਡੀ, ਗ਼ਜ਼ਲ, ਨਕਲਚੀ, ਨਾਟਕਕਾਰ, ਪ੍ਰਸਿੱਧ ਕਾਰਟੂਨਿਸਟ ਜਸਪਾਲ ਭੱਟੀ, ਦੇਵਿੰਦਰ ਕੋਹਲੀ, ਸ੍ਰੀ ਪ੍ਰਕਾਸ਼ ਤੋਂ ਇਲਾਵਾ ਹਿੰਦੁਸਤਾਨ ਦੇ ਪ੍ਰਸਿੱਧ ਲਿਖਾਰੀਆਂ, ਹਾਸਰਸ ਵੱਡੀਆਂ ਵੱਡੀਆਂ ਹਸਤੀਆਂ ਵੀ ਸ਼ਾਮਲ ਹੋਣਗੀਆਂ।

## ਸਵਿਸ ਖਾਤਿਆਂ ਦਾ ਪਤਾ ਲਗਾਉਣ ਲਈ ਵਫਦ

ਨਵੀਂ ਦਿੱਲੀ — ਆਰਥਕ ਜ਼ੁਰਮ ਕਰਨ ਵਾਲਿਆਂ ਵਿਰੁੱਧ ਆਪਣੀ ਮੁਹਿੰਮ ਨੂੰ ਜਾਰੀ ਰੱਖਣ ਦਾ ਦਾਅਵਾ ਕਰਦੇ ਹੋਏ, ਸਰਕਾਰ ਨੇ ਬੈਂਕ ਅਧਿਕਾਰੀਆਂ ਤੇ ਕਾਨੂੰਨੀ ਮਾਹਿਰਾਂ ਦੀ 4 ਮੈਂਬਰੀ ਟੋਲੀ ਨੂੰ ਸਵਿਟਜ਼ਰਲੈਂਡ ਭੇਜਣ ਦਾ ਫੈਸਲਾ ਕੀਤਾ ਹੈ ਤਾਂ ਕਿ ਭਾਰਤੀਆਂ ਦੇ ਉਥੇ ਖੁਫੀਆ ਖਾਤਿਆਂ ਬਾਰੇ ਪਤਾ ਲਾਇਆ ਜਾ ਸਕੇ।

ਪੰਨਾ 19 ਦੀ ਬਾਕੀ

ਜਦੋਂ ਪਿੰਡੋਂ ਮੁਸਲਮਾਨ ਨਿਕਲੇ ਤਾਂ ਉਨ੍ਹਾਂ ਵਿਚ ਖ਼ੈਰਾ ਨਹੀਂ ਸੀ। ਕਿਸੇ ਨੇ ਬਹੁਤਾ ਉਤਾ ਵੀ ਨਹੀਂ ਸੀ ਵਾਚਿਆ। ਨਜ਼ਾਰਾ ਹੀ ਇੰਨਾ ਦਰਦਨਾਕ ਸੀ! ਮੁਸਲਮਾਨ ਜਾ ਰਹੇ ਸਨ — ਬਿਨਾਂ ਕਸੂਰੋ, ਪੁਸ਼ਤਾਂ ਦੀ ਸਾਂਝ ਤੋੜ। ਅੱਖਾਂ ਵਿਚੋਂ ਸਾਵਣ ਵਹਿ ਰਿਹਾ ਸੀ। ਔਰਤਾਂ ਦੇਹਲੀਆਂ 'ਤੇ ਖਲੋਤੀਆਂ ਆਪਣੀਆਂ ਚੁੰਨੀਆਂ ਨਾਲ ਅੱਖਾਂ ਪੂੰਝ ਰਹੀਆਂ ਸਨ ਅਤੇ ਬੱਚੇ ਹੈਰਾਨੀ ਨਾਲ ਆਪਣੀਆਂ ਮਾਵਾਂ ਦੀਆਂ ਕੁੜਤੀਆਂ ਦੇ ਲੜ ਫੜੀਂ ਬਿਟ-ਬਿਟ ਤੱਕ ਰਹੇ ਸਨ। ਭੋਲੇ ਪਰ ਡੂੰਘੇ ਸਵਾਲ ਪੁੱਛ ਰਹੇ ਸਨ, ਜਿਨ੍ਹਾਂ ਦਾ ਕਿਸੇ ਕੋਲ ਕੋਈ ਜਵਾਬ ਨਹੀਂ ਸੀ। ਉਨ੍ਹਾਂ ਕੋਲ ਵੀ ਨਹੀਂ ਜਿਨ੍ਹਾਂ ਲਈ ਪਾਕਿਸਤਾਨ ਬਣ ਗਿਆ ਸੀ। ਜਲਾਲ ਜੁਲਾਹਾ ਸੁੰਦਰ ਰੋੜੇ ਨੂੰ ਕੁੰਜੀ ਫੜਾਉਂਦਾ ਆਖ ਰਿਹਾ ਸੀ: "ਚਾਚਾ, ਘਰ ਵਲ ਨਿਗਾਹ ਰੱਖੀਂ। ਦੋ-ਚਾਰ ਦਿਨਾਂ ਨੂੰ ਹਵਾ ਲੰਘ ਜਾਵੇਗੀ ਤਾਂ ਮੁੜ ਆਵਾਂਗੇ। ਹਾਂ, ਜੱਕੇ ਵਾਲੇ ਭਾਗ ਨੂੰ ਆਖੀਂ ਉਹਦਾ ਖੇਸ ਅਜੇ ਬੁਣਿਆ ਨੀ। ਵਿਚੇ ਪਿਐ। ਆਉਂਦਿਆਂ ਹੀ ਪੂਰਾ ਕਰ ਦਿਆਂਗਾ।"... ਤੰਦੂਰ ਮੜ੍ਹੀਆਂ ਦੀ ਬੁਝੀ ਸੁਆਹ ਵਾਂਗ ਨਿੱਸਲ ਹੋਇਆ ਪਿਆ ਸੀ। ਮਲੇਰੀ ਭਰਾਈ ਦੀ ਕੁੱਤੀ ਤੰਦੂਰ ਦੇ ਚੱਕਰ ਕੱਢ ਰਹੀ ਸੀ। ਅੱਜ ਉਹਨੂੰ ਕਿਸੇ ਨੇ ਟੁੱਕ ਨਹੀਂ ਪਾਇਆ ਸੀ। ... ਅਜਿਹੇ ਮਾਹੌਲ ਵਿਚ ਖ਼ੈਰੇ ਬਾਰੇ ਗੱਲ ਬਹੁਤੀ ਲਮਕੀ ਨਹੀਂ ਸੀ।

ਵੀਹ-ਪੱਚੀ ਦਿਨ ਲੰਘ ਗਏ। ਅਗਸਤ ਦਾ ਕਹਿਰ ਮਾਂਦ ਪੈ ਗਿਆ। ਸਤੰਬਰ ਆਣ ਢੁੱਕਿਆ। ਮੁਸਲਮਾਨਾਂ ਦੇ ਕੁੱਤਿਆਂ-ਖਾਧੇ ਪਿੰਜਰ ਦਬ-ਦਬਾ ਦਿੱਤੇ ਗਏ। ਬਹੁਤੀਆਂ ਲਾਸ਼ਾਂ ਨੂੰ ਤਾਂ ਨਹਿਰਾਂ-ਸੂਏ ਖਾ ਗਏ। ਜਿਹੜੇ ਪਾਣੀ ਨੇ ਮਨੁਖ ਸਾਜਿਆ, ਉਸੇ ਨੇ ਸੰਘਾਰ ਕਰ ਲਿਆ। ਲੋਕਾਂ ਦੀਆਂ ਅੱਖਾਂ ਦੇ ਐਨ ਸਾਹਵੇਂ ਨਿਖੇਧ ਦਾ ਨਿਖੇਧ ਹੁੰਦਾ ਰਿਹਾ। ਪਰ ਮਨੁੱਖ ਦਾ ਤੁਖਮ ਵੀ ਅਜੀਬ ਹੈ। ਭੁੱਲ ਜਾਂਦਾ ਹੈ ਸਭ ਕੁਝ। ਵੇਖ ਕੇ ਵੀ ਅੱਖਾਂ ਮੀਟ ਲੈਂਦਾ ਹੈ। ਖ਼ੈਰਾ ਹੁਣ ਪਰਗਟ ਹੋ ਗਿਆ ਸੀ। ਪਿੰਡ ਦਾ ਮੁੰਡਾ ਸੀ। ਪਿੰਡ ਦਾ ਤਾਂ ਯਾਰੋ ਕੁੱਤਾ ਮਾਣ ਨਹੀਂ ਹੁੰਦਾ। ਸਿੱਖ ਬਣ ਰਿਹਾ ਸੀ ਤੇ ਸਵੀਕਾਰ ਹੋ ਰਿਹਾ ਸੀ। ਬਚਨ ਹੋਰਾਂ ਦੀ ਹੀ ਸਾਂਝੀ-ਸੇਪੀ ਕਰਨ ਲਗ ਪਿਆ ਸੀ।

ਪਿਛਲੀ ਗਧੀ ਗੁਆਰੇ ਨੂੰ ਮੂੰਹ ਮਾਰਨ ਲੱਗੀ ਸੀ। ਖ਼ੈਰਾ ਹਟਾਉਣ ਗਿਆ ਤਾਂ ਉਹਨੇ ਇਕ ਵੱਡਾ ਸਾਰਾ ਹਦਵਾਣਾ ਵੇਖ ਹਾਕ ਮਾਰੀ: "ਓ ਬਚਨ, ਵੇਖ ਕਿੱਡਾ ਸਾਰਾ ਮਤੀਰਾ ਪਿਐ।"

"ਤੋੜ ਫੇਰ, ਵੇਖਦਾ ਕੀ ਐ। ਬਾਜੇ ਵਾਲੇ ਸੂਏ 'ਚ ਠੰਢਾ ਕਰਕੇ ਖਾਵਾਂਗੇ", ਬਚਨ ਬੋਲਿਆ।

"ਨਹੀਂ ਯਾਰ, ਤੁਸੀਂ ਤੋੜੋ। ਤੁਹਾਡੇ ਕੋਲ ਤਾਂ ਜ਼ਮੀਨ ਐ", ਖ਼ੈਰਾ ਬੋਲਿਆ।

ਤੀਰਥ ਨੇ ਹਦਵਾਣਾ ਤੋੜ ਲਿਆ ਅਤੇ ਅਗਾਂਹ ਤੁਰਦੇ ਗਏ। ਅਲੋਹੇ ਵਿਚ ਚਿੱਭੜ ਕਿਰੇ ਪਏ ਸਨ।

"ਤੀਰਥਾ, ਵੇਖ ਉਏ ਚਿੱਭੜ! ਬਲਾ ਹੀ ਸੋਹਣੇ ਨੇ। ਸੌਂਹ ਕੁਰਾਨ ਦੀ ....." ਉਹ ਇਕ ਦਮ ਰੁਕਿਆ ਤੇ ਕੰਬਿਆ, ਜਿਵੇਂ ਉਸ ਤੋਂ ਕੋਈ ਬਹੁਤ ਵੱਡਾ ਪਾਪ ਹੋ ਗਿਆ ਹੋਵੇ। ਫੌਰਨ ਆਪਣੇ ਆਪ ਨੂੰ ਠੀਕ ਕਰਦਾ ਬੋਲਿਆ: "ਨਹੀਂ ਸੱਚ, ਸੌਂਹ ਮਹਾਰਾਜ ਦੀ!"

"ਇਹ ਤਾਂ ਤੋੜ ਲਿਆ ਫੇਰ। ਚਿੱਭੜਾਂ ਪਿੱਛੇ ਤਾਂ ਨਹੀਂ ਨਾ ਕਿਸੇ ਨੇ ਕੁਸ਼ ਆਖਣਾ", ਤੀਰਥ ਬੋਲਿਆ।

"ਨਹੀਂ ਯਾਰ, ਹੌਂਸਲਾ ਨੀ ਪੈਂਦਾ", ਖ਼ੈਰਾ ਥਾਏਂ ਖਲੋਤਾ ਬੋਲਿਆ।

"ਚਲ ਸਾਲਾ ਡਰਪੋਕ!" ਬਚਨ ਨੇ ਟਿੱਪਣੀ ਕੀਤੀ। ਨਾਲੇ ਤੀਰਥ ਨੂੰ ਆਖਣ ਲੱਗਿਆ, "ਤੀਰਥਾ! ਜਦੋਂ ਦਾ ਪਾਕਿਸਤਾਨ ਬਣਿਐ ਖ਼ੈਰਾ ਤਾਂ ਜਮਾਂ ਹੀ ਠਰ ਗਿਆ। ਉਹ ਗੱਲ ਹੀ ਨਹੀਂ ਰਹੀ। ਪਾਕਿਸਤਾਨ ਤਾਂ ਉਧਰ ਫਿਰੋਜ਼ਪੁਰ ਵਲ ਬਣਿਐ। ਇਹ ਸਾਲਾ ਆਏਂ ਡਰਿਆ ਰਹਿੰਦੈ ਜਿਵੇਂ ਪਾਕਿਸਤਾਨ ਏਹਦੇ ਅੰਦਰ ਬਣ ਗਿਆ ਹੋਵੇ।"

ਖ਼ੈਰਾ ਬਚਨ ਦੀ ਗੱਲ ਸੁਣ ਛਿੱਥਾ ਜਿਹਾ ਪੈ ਗਿਆ। ਗੱਲ ਟਾਲਣ ਲਈ ਬੋਲਿਆ, "ਮੈਨੂੰ ਚਿੱਭੜਾਂ ਦੀ ਚਟਣੀ ਬਹੁਤ ਚੰਗੀ ਲੱਗਦੀ ਐ।"

"ਮੈਨੂੰ ਟਿੰਡੋ ਦੀ ਦਾਲ", ਬਚਨ ਨੇ ਆਖਿਆ।

"ਮੈਨੂੰ ਰਾਤ ਦੀ ਰਿੰਨ੍ਹੀ ਖਿਚੜੀ। ਤਵੇ 'ਤੇ ਤਲੀ ਹੋਈ ਹੋਵੇ। ਨਾਲ ਹੋਵੇ ਦਹੀਂ। ਸੌਂਹ ਪਿਉ ਦੀ ਲਹਿਰੇ ਆ ਜਾਂਦੇ ਨੇ", ਤੀਰਥ ਨੇ ਆਖਿਆ।

ਬਾਜਾਖਾਨਾ ਆ ਗਿਆ। ਪੀਹਣ ਲਾਹਿਆ ਤੇ ਪਿਹਾਉਣ ਲਈ ਦੇ ਦਿੱਤਾ। ਗਧੀਆਂ ਮਸ਼ੀਨ ਦੇ ਅਹਾਤੇ ਵਿੱਚ ਉਗੇ ਘਾਹ ਨੂੰ ਮੂੰਹ ਮਾਰਨ ਲੱਗੀਆਂ ਅਤੇ ਤਿੰਨੇ ਯਾਰ ਨਿੰਮ ਹੇਠ ਬੈਠ ਲੈਂਪ ਦੀਆਂ ਸਿਗਰਟਾਂ ਫੂਕਦੇ ਰਹੇ। ਜਦੋਂ ਪੀਹਣ ਪੀਠਾ ਗਿਆ ਤਾਂ ਵਾਪਸ ਪਰਤ ਪਏ।

ਹੁਣ ਦਿਨ ਛਿਪ ਰਿਹਾ ਸੀ। ਗਰਮੀ ਦੀ ਗਰਮੀ ਘਟ ਗਈ ਸੀ। ਤਿੰਨੇ ਯਾਰ ਬੜੇ ਤਰਾਰੇ ਵਿਚ ਸਨ। ਪ੍ਰੋਗਰਾਮ ਇਹ ਸੀ ਕਿ ਜਾਂਦੇ ਜਾਂਦੇ ਸੂਏ ਵਿਚ ਨ੍ਹਾਵਾਂਗੇ। ਚਿੱਭੜਾਂ ਦੀ ਚੱਟਣੀ ਤੇ ਛੋਲਿਆਂ ਦੀ ਦਾਲ ਵਿਚ ਬੰਬਾ ਸਾਰਾ ਘਿਉ ਪਾ ਕੇ ਰੋਟੀ ਖਾਵਾਂਗੇ। ਰਾਤ ਚੰਨ-ਚਾਨਣੀ ਹੈ। ਤਿੰਨੇ ਖੇਤ ਹੀ ਸੌਵਾਂਗੇ। ਬੋਲੀਆਂ ਪਾਵਾਂਗੇ, ਕਲੀਆਂ ਲਾਵਾਂਗੇ।

ਤਾਜ਼ੇ ਦਮ ਹੋਈਆਂ ਗਧੀਆਂ ਅਤੇ ਸੁਪਨਿਆਂ-ਨਸ਼ਿਆਏ ਤਿੰਨੇ ਦੋਸਤ ਬੜੀ ਮੌਜ ਵਿਚ ਤੁਰੇ ਆ ਰਹੇ ਸਨ ਕਿ ਸੱਥ ਵਿਚ ਬੈਠੇ ਬੰਦਿਆਂ ਨੇ ਉਨ੍ਹਾਂ ਨੂੰ ਰੋਕ ਲਿਆ।

"ਕੌਣ ਓ ਬਈ ਤੁਸੀਂ? ਪਾਕਿਸਤਾਨ ਦੇ ਅਜੰਟ ਤਾਂ ਨੀ। ਰੁਕ ਜਾਵੋ ਏਹਨਾਂ ਹੀ ਪੈਰਾਂ 'ਤੇ", ਇਕ ਨੀਲੀ ਪੱਗ ਵਾਲਾ ਬੜੀ ਕੁੜਿਤਣ ਨਾਲ ਬੋਲਿਆ।

"ਨਹੀਂ ਜੀ, ਅਸੀਂ ਤਾਂ ਵਾੜੇ ਭਾਈਕੇ ਤੋਂ ਆਂ। ਆਟਾ ਪਿਹਾਉਣ ਆਏ ਸਾਂ", ਡਰਿਆ ਹੋਇਆ ਤੀਰਥ ਜ਼ਰਾ ਹੌਂਸਲਾ ਕਰਕੇ ਬੋਲਿਆ।

"ਕਰੋ ਬਈ ਸ਼ਨਾਖਤ ਇਨ੍ਹਾਂ ਦੀ। ਚਲੋ ਸਿਵਦਵਾਲੇ 'ਚ, ਖੋਲ੍ਹੋ ਨਾਲੇ", ਇੱਕ ਨਿਹੰਗ ਬਰਛਾ ਲਿਸ਼ਕਾਉਂਦਾ ਬੋਲਿਆ।

ਤੀਰਥ ਤੇ ਬਚਨ ਨੂੰ ਖ਼ੈਰੇ ਦਾ ਪਾਲਾ ਮਾਰੀ ਜਾ ਰਿਹਾ ਸੀ। ਖੇਰਾ ਮੁੜ੍ਹਕੋ-ਮੁੜ੍ਹਕੀ ਹੋਇਆ ਕੰਬੀ ਜਾ ਰਿਹਾ ਸੀ। ਜਦੋਂ ਤੀਰਥ ਤੇ ਬਚਨ ਦੀ ਸ਼ਨਾਖਤ ਹੋ ਰਹੀ ਸੀ ਉਨ੍ਹਾਂ ਨੂੰ ਰੌਲਾ ਸੁਣਿਆ। ਉਹ ਉਸੇ ਤਰ੍ਹਾਂ ਨਾਲੇ ਹੱਥਾਂ ਵਿਚ ਫੜੀ ਬਾਹਰ ਵੱਲ ਨੱਸੇ। ਸਾਰੇ ਪਿੰਡ ਦੀ ਕੁਤੀੜ ਪਿੱਛੇ-ਪਿੱਛੇ ਅਤੇ ਖ਼ੈਰਾ ਅਗੇ-ਅਗੇ ਨੱਸਿਆ ਜਾ ਰਿਹਾ ਸੀ। ਤੀਰਥ ਤੇ ਬਚਨ ਵੀ ਪੂਰੇ ਜ਼ੋਰ ਨਾਲ ਮਗਰ-ਮਗਰ ਭੱਜ ਪਏ, ਨਾਲੇ ਦੁਹਾਈਆਂ ਦਿੰਦੇ ਰਹੇ: 'ਹਾੜ੍ਹੇ-ਹਾੜ੍ਹੇ ਏਹਨੂੰ ਨਾ ਮਾਰੋ। ਇਹ ਤਾਂ ਸਿੱਖ ਬਣ ਗਿਐ!" ਪਰ ਉਨ੍ਹਾਂ ਦੀ ਗੱਲ ਭੂਤਰੇ ਹੋਏ ਲੋਕਾਂ ਦੇ ਪੈਰਾਂ ਨੂੰ ਮੱਠਿਆਂ ਨਾ ਕਰ ਸਕੀ। ਉਨ੍ਹਾਂ ਦੇ ਪੁਜਦਿਆਂ-ਕਰਦਿਆਂ ਨੂੰ ਖ਼ੈਰਾ ਤਾਂ ਬਾਜੇਖਾਨੇ ਵਾਲੇ ਨਹਿਰ ਵਰਗੇ ਸੂਏ ਵਿਚ ਵੱਢ ਕੇ ਵੀ ਸੁੱਟ ਦਿੱਤਾ ਸੀ ਅਤੇ ਵਹੀਰ ਪਾਕਿਸਤਾਨ ਦੇ ਇੱਕ ਏਜੰਟ ਨੂੰ ਪਾਰ ਬੁਲਾ "ਬੋਲੇ ਸੋ ਨਿਹਾਲ, ਸਾਸਰੀਆ ਕਾਲ' ਗਜਾਉਂਦੀ ਆਪਣੇ ਮੋਰਚਿਆਂ ਨੂੰ ਪਰਤੀ ਆ ਰਹੀ ਸੀ।

ਤੀਰਥ ਤੇ ਬਚਨ ਨੂੰ ਵੀ ਬੇਅੰਤ ਗਾਲ੍ਹਾਂ ਕੱਢੀਆਂ ਗਈਆਂ। ਹੂਰੇ-ਲਫੇੜੇ ਵੀ ਮਾਰੇ ਗਏ। ਪਰ ਉਹ ਵੇਗ ਵਿਚ ਖ਼ੈਰੇ ਦੀ ਲਾਸ਼ ਪਿੱਛੇ ਹੀ ਤੁਰਦੇ ਗਏ। ਸੌਣ-ਭਾਦੋਂ ਦੇ ਮੀਂਹ ਬਹੁਤ ਵਰ੍ਹੇ ਸਨ ਅਤੇ ਬਾਜੇਖਾਨੇ ਵਾਲਾ ਸੂਆ ਨੱਕੋ-ਨੱਕ ਭਰਿਆ ਜਾ ਰਿਹਾ ਸੀ। ਲਾਲ ਪਾਣੀ ਵਿਚ ਖੈਰੇ ਦਾ ਬਹੁਤ ਲਾਲ ਖੂਨ ਰਲਦਾ-ਰਲਦਾ ਕਿਤੇ ਦਾ ਕਿਤੇ ਨਿਕਲ ਗਿਆ ਸੀ। ਸੂਰਜ ਦੀਆਂ ਲਾਲ-ਸੂਹੀਆਂ ਕਿਰਨਾਂ ਪਾਣੀ 'ਤੇ ਤਿਲ੍ਹਕਦੀਆਂ ਜਾ ਰਹੀਆਂ ਸਨ। ਪਰ ਸੂਰਜ ਤਾਂ ਛਿਪ ਗਿਆ ਸੀ। ਅੱਗੇ ਗੱਡੀਆਂ ਵਾਲਿਆਂ ਦੇ ਕੁੱਤੇ ਧੌਣਾਂ ਚੁੱਕੀ ਆਉਂਦੀ ਲਾਸ਼ ਨੂੰ ਸੁੰਘੀ ਤੇ ਘੂਰੀ ਜਾ ਰਹੇ ਸਨ। ਦੂਰ ਰੋਹੀ ਦੇ ਮੋਘੇ ਕੋਲ ਜਾ ਕੇ ਤੀਰਥ ਤੇ ਬਚਨ ਨੇ ਲਾਸ਼ ਬਾਹਰ ਕੱਢ ਲਈ। ਕੋਲ ਬੈਠ ਕੇ ਬਹੁਤ ਰੋਏ। ਪਰ ਚੀਕ ਨਹੀਂ ਕੱਢੀ। ਕਿਤੇ ਲਾਸ਼ ਕੱਢ ਕੇ ਕੁੱਤਿਆਂ ਨੂੰ ਹੀ ਰਜਾਉਣ ਨਾ ਲੱਗ ਜਾਣ। ਮੁਸਲਮਾਨ ਦੀ ਲਾਸ਼ ਕੁੱਤਿਆਂ ਦਾ ਹੀ ਖਾਜਾ ਬਣਨੀ ਚਾਹੀਦੀ ਹੈ। ਨਾਲੇ ਧਰਮ ਦੀ ਜੜ੍ਹ ਹਰੀ ਰਹਿੰਦੀ ਹੈ।

"ਤੀਰਥਾ, ਹੁਣ ਕੀ ਕਰੀਏ?" ਬਚਨ ਦਾ ਦਿਮਾਗ ਬੁੱਜ ਹੋ ਗਿਆ ਸੀ।

ਜ਼ਰਾ ਕੁ ਸੋਚ ਤੀਰਥ ਬੋਲਿਆ, "ਸੱਤ ਭਾਈ ਤਾਂ ਤੁਸੀਂ ਹੋ ਤੇ ਪੰਜ ਅਸੀਂ ਆਂ, ਜੀਅ ਤਾਂ ਇਹੀ ਕਰਦੈ ਕਿ ਸਾਰੇ ਬਾਜੇ ਨੂੰ ਉਜਾੜ ਦੇਈਏ। ਸਾਲੇ ਕੁੱਤਿਆਂ ਦੇ! ਹੀਰੇ ਵਰਗਾ ਯਾਰ ਵੱਢ ਘੱਤਿਆ। ... ਪਰ ਬਚਨ, ਸਾਰਾ ਮੁਲਖ ਕਮਲਾ ਹੋਇਆ ਫਿਰਦੈ। ਲੋਥਾਂ ਦੇ ਢੇਰ ਲੱਗ ਜਾਣਗੇ। ਪਿੰਡ 'ਚ ਵੀ ਕਿਸੇ ਨੇ ਆਪਣੇ ਆਖੇ ਨੀ ਲੱਗਣਾ। ਮੁਸਲਮਾਨ ਦੀ ਮੌਤ 'ਤੇ ਤਾਂ ਸਾਲੇ ਕੱਛਾਂ ਵਜਾਉਣ ਲੱਗ ਜਾਂਦੇ ਨੇ।"

"ਫੇਰ ਲਾਸ਼ ਤਾਂ ਕਿਤੇ ਥਿਲੇ ਲਾਈਏ। ਆਪਣਾ ਜਿਗਰੀ ਯਾਰ ਸੀ ਖ਼ੈਰਾ। ਨਹੀਂ ਕੁੱਤੇ ਪਾੜ ਕੇ ਚੂੰਡ ਜਾਣਗੇ।" ਬਚਨ ਨੇ ਆਖਿਆ।

"ਗੱਲ ਤਾਂ ਤੇਰੀ ਠੀਕ ਐ। ਪਰ ਖ਼ੈਰਾ ਤਾਂ ਮੁਸਲਮਾਨ ਸੀ। ਏਹਦੀ ਦੇਹ ਤਾਂ ਦੱਬਣੀ ਚਾਹੀਦੀ ਐ", ਤੀਰਥ ਆਖਣ ਲੱਗਿਆ।

"ਪਰ ਦੱਬੀਏ ਕਿੱਥੇ? ਕਬਰਾਂ ਤਾਂ ਪਾਕਿਸਤਾਨ ਬਣਦਿਆਂ ਹੀ ਲੋਕਾਂ ਨੇ ਖੇਤਾਂ 'ਚ ਰਲਾ ਲਈਆਂ", ਬਚਨ ਨੂੰ ਕੁਝ ਸਮਝ ਨਹੀਂ ਸੀ ਆ ਰਹੀ।

ਫਿਰ ਜ਼ਰਾ ਕੁ ਸੋਚ ਤੀਰਥ ਆਖਣ ਲੱਗਿਆ, "ਆਏਂ ਕਰਦੇ ਆਂ, ਬਾਈ ਕਾਹਨ ਸਿਉਂ ਨੂੰ ਮਿਲਦੇ ਆਂ। ਬਾਹਰ ਖੇਤ 'ਚ ਹੀ ਹੋਣੈ। ਉਹਨੇ ਬੜੇ ਮੁਸਲਮਾਨ ਬਚਾਏ ਨੇ।"

ਗੱਲ ਬਚਨ ਨੂੰ ਵੀ ਜਚ ਗਈ। ਬੋਲਿਆ, "ਗੱਲ ਤੇਰੀ ਠੀਕ ਐ। ਤੂੰ ਲਾਸ਼ ਕੋਲ ਬੈਠ, ਉਧਰ ਕਮਾਦ 'ਚ। ਮੈਂ ਬਾਈ ਨੂੰ ਲੈ ਕੇ ਆਉਨਾ।"

ਕਾਹਨ ਸਿੰਘ ਦੀ ਸਲਾਹ ਤੇ ਸਹਾਇਤਾ ਨਾਲ ਖ਼ੈਰੇ ਦੀ ਲਾਸ਼ ਹਿੰਦੂਆਂ-ਸਿੱਖਾਂ ਦੀਆਂ ਮੜ੍ਹੀਆਂ ਦੀ ਇਕ ਨੁੱਕਰ ਵਿਚ ਦੱਬ ਦਿੱਤੀ ਗਈ ਫਿਰ ਪਤਾ ਨਹੀਂ ਤੀਰਥ ਤੇ ਬਚਨ ਨੂੰ ਕੀ ਹੋਇਆ! ਲੇਰਾਂ ਮਾਰਦੇ ਤੇ ਸਾਰੇ ਬਾਜੇਖਾਨੇ ਦੀ ਮਾਂ ਦੀ-ਧੀ ਦੀ ਕਰਦੇ ਪਿੰਡ ਨੂੰ ਪਰਤ ਗਏ। ਬਾਈ ਕਾਹਨ ਸਿੰਘ ਉਨ੍ਹਾਂ ਦੀ ਧੀਰ ਬਨ੍ਹਾਉਣ ਦੀ ਕੋਸ਼ਿਸ਼ ਕਰਦਾ ਪਰ ਵੱਢੇ ਹੋਏ ਹੱਥਾਂ ਦੀ ਪੀੜ ਜਰਨੀ ਕੋਈ ਖੇਡ ਤਾਂ ਨਹੀਂ ਹੁੰਦੀ। ਸਾਰਾ ਪਿੰਡ ਢਾਬ 'ਤੇ ਇਕੱਠਾ ਹੋ ਗਿਆ। ਘਰ-ਘਰ ਖ਼ੈਰੇ ਦੀ ਗੱਲ ਤੁਰ ਪਈ।

— ਮੁੰਡਾ ਬੜਾ ਕੂਨਾ ਸੀ ਭੈਣੇ! ਜਿੱਥੇ ਵੀ ਮਿਲਦਾ ਅੱਧ ਕੁ ਦਾ ਹੋ ਕੇ ਮਿਲਦਾ ਸੀ।

— ਭੈਣੇ, ਜਿਹੜੇ ਘਰ ਵੀ ਜਾ ਵੜਦਾ ਅਗਲੇ ਲੱਸੀ-ਪਾਣੀ ਪੀਤੇ ਬਿਨਾਂ ਨੀ ਸੀ ਮੁੜਨ ਦਿੰਦੇ।

— ਭਾਈ, ਭਾਵੀ ਕਿੱਥੇ ਟਲਦੀ ਐ? ਪਾਕਿਸਤਾਨ ਚਲਿਆ ਜਾਂਦਾ ਤਾਂ ਖਬਰੇ ਬਚ ਹੀ ਜਾਂਦਾ।

— ਲਿਖੀਆਂ ਕੌਣ ਟਾਲੇ।

ਨਾ ਬਈ ਕਾਮਰੇਡਾ, ਤੁਸੀਂ ਮੁਸਲਮਾਨ ਦੀ ਲੋਥ ਸਾਡੀਆਂ ਮੜ੍ਹੀਆਂ 'ਚ ਦੱਬ ਕੇ ਚੰਗਾ ਨੀ ਕੀਤਾ। ਸਾਰੇ ਪਿੰਡ ਦਾ ਧਰਮ ਭ੍ਰਿਸ਼ਟ ਕਰ ਦਿੱਤਾ। ਕਿਸੇ ਮਰੇ ਹੋਏ ਦੀ ਗਤੀ ਨੀ ਹੋਣੀ। ਸਾਲ 'ਚ ਦੋ-ਦੋ ਵਾਰ ਸਰਾਧ ਕਰਵਾਉਣੇ ਪੈਣਗੇ", ਪੰਡਤ ਜਮਨਾ ਦਾਸ ਨੇ ਟਿੱਪਣੀ ਕੀਤੀ ਅਤੇ ਹੁੰਗਾਰੇ ਲਈ ਲੋਕਾਂ ਵੱਲ ਵੇਖਣ ਲੱਗਿਆ।

— ਫੇਰ ਕੀ ਕਰਦੇ, ਪੰਡਤਾ, ਕਾਹਨ ਸਿੰਘ ਨੇ ਜ਼ਰਾ ਕਰੜਾਈ ਨਾਲ ਪੁੱਛਿਆ।

— ਰਹਿਣ ਦਿੰਦੇ ਸੂਏ 'ਚ ਪਈ। ਮਲੇਛ ਦੀ ਲਾਸ਼ ਨੂੰ ਆਪੇ ਕੁੱਤੇ ਖਾ ਜਾਂਦੇ। ਆਪਾਂ ਨੂੰ ਤਾਂ ਪਾਪ ਨਾ ਲਗਦਾ। ਮਾਰ ਤਾਂ ਹੁਣ ਦਿੱਤਾ ਹੀ ਸੀ। ... ਪੰਡਤ ਜਮਨਾ ਦਾਸ ਮੁੜ ਬੋਲਿਆ।

— ਫੇਰ ਹੁਣ ਕੱਢ ਕੇ ਸਿੱਟ ਆਈਏ ਸੂਏ 'ਚ? ਸਾਰਾ ਪਿੰਡ ਤਾਂ ਪਾਪ ਦਾ ਭਾਗੀ ਨਹੀਂ ਨਾ ਬਨਾਉਣਾ। ... ਬੱਕਰੀਆਂ ਵਾਲਾ ਨਾਜ਼ਰ ਬੋਲਿਆ।

— ਜਿਹੜਾ ਉਹਦੀ ਲਾਸ਼ ਨੂੰ ਕੱਢੇਗਾ, ਉਹਦੇ ਕੋੜਮੇ ਦਾ ਬੀਨਾਸ਼ ਹੋ ਜਾਵੇਗਾ। ਜੇ ਜਮਨਾ ਦਾਸ ਬ੍ਰਾਹਮਣ ਐ ਤਾਂ ਮੈਂ ਵੀ ਬ੍ਰਾਹਮਣ ਆਂ। ਮੈਂ ਵੀ ਪੁਰਾਣ ਪੜ੍ਹੇ ਹੋਏ ਨੇ। ... ਤੀਰਥ ਦਾ ਬਾਪ ਬਾਬੂ ਰਾਮ ਕਹਿਣ ਲੱਗਿਆ

ਬੀਨਾਸ਼ ਤੋਂ ਡਰਦਿਆਂ ਲੋਕਾਂ ਨੇ ਲਾਸ਼ ਬਾਰੇ ਸੋਚਣਾ ਛੱਡ ਦਿੱਤਾ। ਸਮਾਂ ਪਾ ਕੇ ਕਬਰ 'ਤੇ ਘਾਹ ਉਗ ਆਇਆ। ਕਿਰਲਿਆਂ ਨੇ ਖੁੱਡਾਂ ਪਾ ਲਈਆਂ। ਇੱਕ ਭੈਂਗੀ ਜਿਹੀ ਕਿੱਕਰ ਉਗ ਆਈ। ਬੱਕਰੀਆਂ ਆਉਂਦੀਆਂ ਲੂੰਗ ਚੂੰਡ ਕੇ ਲੰਘ ਜਾਂਦੀਆਂ, ਮੀਂਗਣਾਂ ਛੱਡ ਜਾਂਦੀਆਂ। ਲੋਕ ਵੀ ਲੋਕਰਾਜ ਵਰਗੇ ਲਚਕਦਾਰ ਹੁੰਦੇ ਹਨ। ਕੋਈ ਨਾ ਕੋਈ ਰਾਹ ਕੱਢ ਹੀ ਲੈਂਦੇ ਹਨ। ਖੈਰੇ ਦੀ ਕਬਰ ਦੇ ਨਾਲ ਇਕ ਵਿੰਗੀ-ਤਲਿੰਗੀ ਮਧਰੀ ਜਿਹੀ ਕੰਧ ਉਸਾਰ ਦਿੱਤੀ ਅਤੇ ਆਪਣੇ ਮੁਰਦੇ ਇਸ ਕੰਧ ਤੋਂ ਅੱਠ-ਦਸ ਗਜ਼ ਦੂਰ ਫੂਕਣ ਲੱਗੇ। ਚਲੋ ਲੋਕਾਂ ਨੂੰ ਜ਼ਰਾ ਤਸੱਲੀ ਹੋ ਗਈ। ਉਂਜ ਉਸ ਕੰਧ ਤੋਂ ਨਾ ਹਵਾ ਰੁਕਦੀ ਸੀ, ਨਾ ਹੀ ਡੰਗਰ-ਪਸ਼ੂ ਡੱਕੇ ਜਾਂਦੇ ਸਨ। ਕੰਧ ਵਿਚ ਕੋਈ ਕੰਧ ਵਰਗੀ ਜਾਨ ਨਹੀਂ ਸੀ।

ਸ਼ਾਇਦ ਪਾਠਕ-ਜਨ ਪੁੱਛਣ ਕਿ ਕਹਾਣੀਕਾਰ ਸਾਹਿਬ, ਉਸ ਕੰਧ ਬਾਰੇ ਜ਼ਰਾ ਵਿਸਥਾਰ ਨਾਲ ਦੱਸੋ। ਨਾ ਭਾਈ, ਇਹ ਨਿੱਕੀ ਕਹਾਣੀ ਹੈ। ਵਿਸਥਾਰ ਨਾਲ ਮੰਜੇ 'ਤੇ ਪਏ ਮੁਰਦੇ ਵਾਂਗ ਵਧਣ ਲਗਦੀ ਹੈ, ਤੇ ਇਸ ਦੀ ਗਤੀ ਨਹੀਂ ਹੁੰਦੀ। ਬੱਸ ਤੁਸੀਂ ਥੋੜ੍ਹੇ ਨੂੰ ਹੀ ਬਹੁਤਾ ਕਰਕੇ ਜਾਣ ਲੈਣਾ। ਕੰਧ ਇੰਜ ਸੀ ਜਿਵੇਂ ਪੰਜਾਬ ਦਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਸੀ।

(ਚਲਦਾ)

### ਬਾਰਾਂਸਿੰਗੇ ਦੇ ਸਿੰਗਾਂ ਚੋਂ ਦਵਾਈ

ਸੋਵੀਅਤ ਦੂਰ ਪੂਰਬ ਕਾਮਚਾਤਕਾ ਖੇਤਰ 'ਚ ਬਾਰਾਂ ਸਿੰਗੇ ਦੇ 20 ਕਿਲੋ ਸੁਕੇ ਸਿੰਗਾਂ ਚੋਂ ਦਵਾਈ ਬਣਾਉਣ ਵਾਲਿਆਂ ਨੇ ਲੰਮੀ ਖੋਜ ਕਰਕੇ ਤਾਕਤ ਦੀ ਦਵਾਈ ਹਾਸਲ ਕੀਤੀ।

# ਬੇਨਤੀ ਸਿੱਖ ਸੰਗਤ ਨੂੰ

ਮੇਹਰ ਸਿੰਘ ਸੰਧੂ, ਵੈਨਕੂਵਰ

ਰਾਜਸੀ ਮੰਡਲ ਵਿਚ ਹਿੰਦੂ ਸਿੱਖ ਏਕਤਾ ਦੇ ਬੜੇ ਬੜੇ ਲੈਕਚਰ ਹੁੰਦੇ ਹਨ। ਗੁਰਬਾਣੀ ਵਿਚੋਂ ਸਰਬ ਸਾਂਝ ਦੇ ਗੁਰਵਾਕ ਸੁਣਾਏ ਜਾਂਦੇ ਹਨ ਤਾਂ ਜੋ ਲੋਕ ਵਿਸ਼ਵਾਸ ਕਰਨ।

ਪ੍ਰੰਤੂ ਧਾਰਮਿਕ ਤੌਰ ਉਤੇ ਪਰਚਾਰ ਆਪਣੇ ਵੱਖਰੇ, ਨਿਰਾਲੇ, ਹੋਰਨਾਂ ਨਾਲੋਂ ਸਿਆਣੇ ਹੋਣ ਦਾ ਕੀਤਾ ਜਾਂਦਾ ਹੈ। ਇਸ ਦਵੈਤ ਲਈ ਗੁਰਬਾਣੀ ਵਿਚੋਂ ਕੋਈ ਸਹਾਇਤਾ ਨਹੀਂ ਮਿਲਦੀ, ਇਸ ਲਈ ਹੋਰ ਹੋਰ ਪੁਸਤਕਾਂ ਤੇ ਕਵੀਆਂ ਦੀਆਂ ਰਚਨਾਵਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਗੁਰਸਿਖ ਨੂੰ ਗੁਰੂ ਨੇ ਨਾਮ ਜਪਣ ਤੇ ਨਿਰਮਲ ਕਰਮ ਕਰਨ ਦੀ ਸੌਂਪਣਾ ਕੀਤੀ ਹੈ। ਗੁਰਸਿਖ ਆਪਣੇ ਗੁਰੂਆਂ ਦਾ ਹੋਰ ਮਜ਼ਹਬਾਂ ਦੇ ਬਾਨੀਆਂ ਨਾਲ ਟਾਕਰਾ, ਉਨ੍ਹਾਂ ਦੀ ਉਚਤਾ ਦਰਸਾਉਣ ਲਈ ਵੀ ਨਹੀਂ ਕਰਦਾ। ਗੁਰਮਤਿ ਹੋਰ ਮਜ਼ਹਬਾਂ ਨੂੰ ਨੀਵਾਂ, ਘਟੀਆ ਕਹਿਣ ਦੀ ਆਗਿਆ ਨਹੀਂ ਦੇਂਦੀ। ਜੇ ਗੁਰੂ ਨਾਨਕ ਸਾਰੀ ਮਨੁਖਾ ਜਾਤੀ ਦਾ ਸਾਂਝਾ ਸੀ ਤਾਂ ਉਸ ਦਾ ਸਿੱਖ ਕਿਵੇਂ ਵਖਰਾ ਹੋ ਸਕਦਾ ਹੈ? ਇਸ ਵਿਚਾਰ ਨਾਲ ਸਿਖ, ਖਾਲਸਾ ਵੀ ਹੈ, ਹਿੰਦੂ ਵੀ, ਮੁਸਲਮਾਨ, ਈਸਾਈ, ਬੋਧੀ ਤੇ ਸੰਸਾਰ ਦੇ ਬਾਕੀ ਸਾਰੇ ਧਰਮਾਂ ਦਾ ਵੀ। ਉਸ ਨੂੰ ਸਾਰੇ ਮਨੁਖ ਪਿਆਰੇ ਹਨ। ਉਹ ਸਭ ਨੂੰ ਗੁਰ ਭਾਈ ਸਵੀਕਾਰ ਕਰਦਾ ਹੈ। ਭਾਈ ਘਨ੍ਹਈਆ ਜੀ ਵਾਂਗ ਉਹ ਸਭ ਨੂੰ ਉਸ ਇਕੋ ਦਾ ਰੂਪ ਹੀ ਦੇਖਦਾ ਹੈ।

ਜਗਤ ਗੁਰ ਪੀਰ ਬਾਬੇ ਨਾਨਕ ਦੇ ਉਪਦੇਸ਼ ਸਾਰੀ ਮਨੁਖਾ ਜਾਤੀ ਲਈ ਹਨ। ਇਨ੍ਹਾਂ ਉਪਦੇਸ਼ਾਂ ਨੂੰ ਦੂਰ ਦੂਰ ਪੁਚਾਣ ਲਈ ਕਈ ਸੰਤ, ਪਰਚਾਰਕ, ਕੀਰਤਨੀਏ ਬਾਹਰ ਜਾਣ ਦਾ ਹੋਰ ਵੀ ਕਈ ਚਾਹਵਾਨ ਮੌਕਾ ਲਭਦੇ ਮਿਲਦੇ ਹਨ। ਇਨ੍ਹਾਂ ਨੂੰ ਆਪ ਗੁਰਸਿਖੀ ਦਾ ਕਿੰਨਾ ਕੁ ਗਿਆਨ ਹੋਇਆ ਹੁੰਦਾ ਹੈ ਤੇ ਪਰਦੇਸ ਜਾ ਕੇ ਇਹ ਕੀ ਕੁਝ ਕਰਦੇ ਹਨ, ਉਨ੍ਹਾਂ ਨੂੰ ਹੀ ਪਤਾ ਹੋ ਸਕਦਾ ਹੈ। ਪ੍ਰੰਤੂ ਜਦੋਂ ਕਦੀ ਉਨ੍ਹਾਂ ਦੇਸਾਂ ਦੇ ਵਾਸੀਆਂ ਤੋਂ ਖਬਰ ਮਿਲਦੀ ਹੈ ਤਾਂ ਇਹ ਹੀ ਸੁਣੀਦਾ ਹੈ ਕਿ ਇਨ੍ਹਾਂ ਦਾ ਅਸਲ ਮਨੋਰਥ ਪੈਸੇ ਬਟੋਰਨੇ ਤੇ ਸੈਰ ਸਪਾਟਾ ਕਰਨਾ ਹੀ ਹੁੰਦਾ ਹੈ।


ਗੁਰੂ ਨਾਨਕ ਦੀ ਸਿਖਿਆ ਸਾਰੇ ਸੰਸਾਰ ਲਈ ਹੈ ਪਰ ਸਾਡੀਆਂ ਰਹਤ ਮਰਯਾਦਾ ਸਾਰੀ ਦੁਨੀਆਂ ਲਈ ਨਹੀਂ ਹੋ ਸਕਦੀਆਂ। ਕਦੀ ਐਸਾ ਸਮਾਂ ਨਹੀਂ ਆਵੇਗਾ, ਜਦੋਂ ਹੋਰ ਦੇਸਾਂ ਨੇ ਸਾਡੀਆਂ ਰਹੁ ਰੀਤੀਆਂ ਨੂੰ ਪਰਵਾਨ ਕਰ ਲਿਆ ਹੋਵੇਗਾ। ਜਿੰਨਾ ਚਿਰ ਰਹਤ ਮਰਯਾਦਾ ਤੋਂ ਨਿਖੇੜ ਕੇ ਨਿਰੋਲ ਗੁਰੂ ਦੀ ਸਿਖਿਆ, ਉਨ੍ਹਾਂ ਦੇਸਾਂ ਦੀ ਬੋਲੀ ਵਿਚ ਉਨ੍ਹਾਂ ਦੇ ਸਾਹਮਣੇ ਨਾ ਰਖੀ ਜਾਵੇਗੀ, ਪਰਦੇਸ ਵਿਚ ਗੁਰਸਿਖੀ ਦੇ ਪਰਚਾਰ ਦੇ ਸਾਰੇ ਯਤਨ ਨਿਸਫਲ ਹੀ ਰਹਿਣਗੇ।

ਮਰਯਾਦਾ ਮੂਜਬ ਸਿਖ ਲਈ ਗੁਰਮੁਖੀ ਵਿਦਿਆ ਜ਼ਰੂਰੀ ਹੈ (ਗੁਰਦੁਆਰਾ ਗਜ਼ਟ, ਅਪਰੈਲ, 69, ਮ ਈ, 69)

ਪੰਜਾਬ ਵਿਚ ਤਾਂ ਗੁਰਮੁਖੀ ਸੰਬੰਧੀ ਮੁਸ਼ਕਲ ਬਣੀ ਹੋਈ ਹੈ, ਤੇ ਗਵਾਂਢੀ ਪ੍ਰਾਂਤ ਵਿਚ ਇਹ ਬੰਦ ਹੀ ਹੋ ਰਹੀ ਹੈ। ਕੀ ਉਮੈਦ ਕੀਤੀ ਜਾਂਦੀ ਹੈ ਕਿ ਹੋਰ ਪ੍ਰਾਂਤ ਤੇ ਬਾਹਰਲੇ ਦੇਸ ਪੰਜਾਬੀ ਜਾਂ ਗੁਰਮੁਖੀ ਵਿਦਿਆ ਪੜ੍ਹਨੀ ਸ਼ੁਰੂ ਕਰ ਦੇਣਗੇ? ਜੇ ਨਹੀਂ ਤਾਂ ਨਿਤਨੇਮ, ਅਖੰਡ ਪਾਠ, ਕੜਾਹ ਪ੍ਰਸ਼ਾਦਿ ਵੇਲੇ ਅਨੰਦ ਸਾਹਿਬ ਦਾ ਪਾਠ, ਵਿਵਾਹ ਵੇਲੇ ਲਾਵਾਂ, ਅਰਦਾਸ ਮਗਰੋਂ ਹੁਕਮ, ਜਨਮ ਤੋਂ ਦਿਹਾਂਤ ਤੱਕ ਦੇ ਸੰਸਕਾਰ ਆਦਿ ਦੀ ਮਰਯਾਦਾ

ਬਾਕੀ ਪੰਨਾ 24 'ਤੇ

# ਏਡਜ਼ ਬਿਮਾਰੀ ਤੋਂ ਬਹੁਤਾ ਭੈਭੀਤ ਹੋਣ ਦੀ ਲੋੜ ਨਹੀਂ



**ਡਾ. ਹਰਚੰਦ ਸਿੰਘ**

ਏਡਜ਼ (AIDS), ਪੂਰੀ ਤਰ੍ਹਾਂ ਹੋਂਦ ਵਿਚ ਆਉਣ ਉਪਰੰਤ, ਉਨ੍ਹਾਂ ਨਾਮੁਰਾਦ ਬੀਮਾਰੀਆਂ ਵਿਚੋਂ ਇਕ ਹੈ ਜਿਨ੍ਹਾਂ ਦਾ ਹਾਲੇ ਤੀਕ ਕੋਈ ਇਲਾਜ ਨਹੀਂ। ਭਿਆਨਕ ਤੇ ਲਾਇਲਾਜ ਰੋਗਾਂ ਦੀ ਸੂਚੀ ਵਿਚ ਇਹ ਇਕ ਨਵਾਂ ਵਾਧਾ ਹੈ, ਜਿਸ ਨੇ ਭੈ ਵਾਲਾ ਮਾਹੌਲ ਪੈਦਾ ਕਰ ਦਿੱਤਾ ਹੈ।

ਵਾਰਸ (VIRUS) ਰਾਹੀਂ ਫੈਲਣ ਵਾਲਾ ਇਹ ਰੋਕ, ਯੂਰਪੀਨ ਦੇਸ਼ਾਂ ਵਿਚ ਆਪਣੇ ਪੈਰ ਜਮਾਉਣ ਉਪਰੰਤ, ਹੁਣ ਭਾਰਤ ਸਮੇਤ ਹੋਰ ਏਸ਼ਿਆਈ ਦੇਸ਼ਾਂ ਵਿਚ ਤੇਜ਼ੀ ਨਾਲ ਜੜ੍ਹਾਂ ਪਕੜ ਰਿਹਾ ਹੈ। ਖ਼ੂਨ ਤੇ ਵੀਰਜ ਰਾਹੀਂ ਫੈਲਣ ਵਾਲਾ ਇਹ ਰੋਗ ਪਹਿਲਾਂ ਪਹਿਲ ਸਮਲਿੰਗੀ ਸੈਕਸ, ਨਸ਼ਈਆਂ ਵਲੋਂ ਟੀਕੇ ਲਈ ਸਾਂਝੀਆਂ ਸੂਈਆਂ ਦੀ ਵਰਤੋਂ ਅਤੇ ਨਾੜਾਂ ਵਿਚ ਸ਼ੱਕੀ ਲਹੂ ਚੜ੍ਹਾਉਣ ਦੀ ਕਿਰਿਆ ਦੇ ਦਾਇਰੇ ਤਕ ਹੀ ਸੀਮਤ ਸਮਝਿਆ ਜਾਂਦਾ ਸੀ, ਪਰ ਹੁਣ ਸਭ ਰੋਕਾਂ ਨੂੰ ਤੋੜ, ਕੁਦਰਤੀ ਸੈਕਸ ਸਬੰਧਾਂ ਨਾਲ ਹੀ ਤੇਜ਼ੀ ਨਾਲ ਫੈਲ ਰਿਹਾ ਹੈ।

ਇਹ ਰੋਗ, ਆਪਣੇ ਸ਼ਿਕਾਰ ਬਣੇ ਵਿਅਕਤੀ ਦੇ ਸਰੀਰ ਦੀ ਕੁਦਰਤੀ ਬਚਾਓ ਪ੍ਰਣਾਲੀ ਨੂੰ ਨਸ਼ਟ ਕਰ ਕੇ ਅੱਗੇ ਵਧਦਾ ਹੈ। ਇਸ ਤਰ੍ਹਾਂ ਕੁਦਰਤੀ ਬਚਾਓ ਪ੍ਰਬੰਧਾਂ ਦੀ ਗੈਰਹਾਜ਼ਰੀ ਵਿਚ, ਇਹੋ ਜਿਹੇ ਹਾਲਾਤ ਪੈਦਾ ਹੋ ਜਾਂਦੇ ਹਨ ਜੋ ਦੂਸਰੇ ਘੱਟ ਮਹੱਤਵ ਵਾਲੇ ਰੋਗਾਂ ਨੂੰ ਵਧਣ ਫੁੱਲਣ ਲਈ ਉਤਸ਼ਾਹਿਤ ਕਰਦੇ ਹਨ। ਮਿਸਾਲ ਵਜੋਂ, ਨਮੂਨੀਆਂ ਤੇ ਆਂਤੜੀਆਂ ਦੇ ਸਾਧਾਰਨ ਰੋਗ, ਬਿਨਾਂ ਕਿਸੇ ਰੁਕਾਵਟ ਤੇ ਮੁਕਾਬਲੇ ਤੋਂ, ਗੰਭੀਰ ਰੂਪ ਧਾਰਨ ਕਰ ਲੈਂਦੇ ਹਨ। ਮਰੀਜ਼ ਹੌਲੀ ਹੌਲੀ ਮੌਤ ਦੇ ਮੂੰਹ ਵੱਲ ਧੱਕਿਆ ਜਾਣ ਲਗਦਾ ਹੈ। ਬੱਸ ਇਉਂ ਸਮਝ ਲਵੋ, ਜਿਵੇਂ ਖੇਤ ਦੀ ਵਾੜ ਨੂੰ ਹਟਾ ਦੇਣ ਨਾਲ, ਖੇਤ ਦੀ ਤਬਾਹੀ ਨਿਸ਼ਚਿਤ ਹੋ ਜਾਂਦੀ ਹੈ।

ਵਾਈਰਸ ਦੇ ਸਰੀਰ ਅੰਦਰ ਦਾਖਲ ਹੋਣ ਤੋਂ ਲੰਮੇ ਸਮੇਂ (ਔਸਤਨ ਚਾਰ ਸਾਲ) ਤਕ ਰੋਗ ਦੇ ਬਾਹਰੀ ਲੱਛਣ ਜ਼ਾਹਰ ਨਹੀਂ ਹੁੰਦੇ। ਕਈ ਵਿਅਕਤੀ ਜਿਨ੍ਹਾਂ ਦੇ ਸਰੀਰ ਅੰਦਰ ਰੋਗ ਦਾ ਵਾਈਰਸ ਮੌਜੂਦ ਹੁੰਦਾ ਹੈ, ਖੁਦ ਤਾਂ ਠੀਕ ਠਾਕ ਰਹਿੰਦੇ ਹਨ ਪਰ ਦੂਸਰਿਆਂ ਨੂੰ ਲਾਗ ਲਗਾਉਣ ਦੇ ਸਮਰੱਥ ਹੁੰਦੇ ਹਨ। ਇਸ ਤਰ੍ਹਾਂ ਦੇ 'ਰੋਗੀ' (ਕੈਰੀਅਰ-CARRIER) ਸਮਾਜ ਲਈ ਬੇਹੱਦ ਖਤਰਨਾਕ ਹਨ। ਵਿਗਿਆਨੀਆਂ ਦਾ ਵਿਚਾਰ ਹੈ ਕਿ ਇਸ ਤਰ੍ਹਾਂ ਦੇ ਰੋਗੀਆਂ ਨੂੰ ਵੀ ਇਕ ਦਿਨ ਅਮਲੀ ਰੂਪ ਵਿਚ ਪੀੜਤ ਹੋਣਾ ਹੀ ਪਵੇਗਾ।

ਆਧੁਨਿਕ ਖੋਜ ਤੋਂ ਸਿਧ ਹੋ ਚੁੱਕਾ ਹੈ ਕਿ ਰੋਗੀ ਮਾਂ, ਗਰਭਕਾਲ ਦੌਰਾਨ ਹੀ ਬੱਚੇ ਨਾਲ ਰੋਗ ਸਾਂਝਾ ਕਰ ਲੈਂਦੀ ਹੈ। ਇਸੇ ਤਰ੍ਹਾਂ ਬੱਚੇ ਦੇ ਜਨਮ ਤੋਂ ਬਾਅਦ, ਰੋਗੀ ਮਾਂ ਆਪਣੇ ਦੁੱਧ ਰਾਹੀਂ ਰੋਗ ਦੀ ਲਾਗ ਬੱਚੇ ਤਕ ਪਹੁੰਚਾ ਸਕਦੀ ਹੈ।

ਏਡਜ਼ ਬੀਮਾਰੀ ਦਾ ਇਕ ਹੋਰ ਰੂਪ ਵੀ ਵੇਖਣ ਨੂੰ ਮਿਲਦਾ ਹੈ ਜਿਸ ਵਿਚ ਏਡਜ਼ ਵਾਈਰਸ, ਆਪਣੇ ਸੁਭਾਅ ਤੋਂ ਉਲਟ, ਸਰੀਰ ਦੀ ਬਚਾਓ ਪ੍ਰਣਾਲੀ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ ਬਲਕਿ ਦਿਮਾਗ ਦੇ ਸੈਲਜ਼ (GLEAL CELLS) 'ਤੇ ਹਮਲਾ ਕਰ ਕੇ ਤਬਾਹ ਦਾ ਨਵਾਂ ਰਾਹ ਅਪਣਾਉਂਦਾ ਹੈ। ਮਰੀਜ਼ ਅਸੰਜਮੀ ਹੋ ਜਾਂਦਾ ਹੈ ਅਤੇ ਅੰਤਲਾ ਸਮਾਂ ਅਤਿ ਖੁਆਰੀ ਦੀ ਹਾਲਤ ਵਿਚ ਗੁਜ਼ਾਰਦਾ ਹੈ।

ਬੇਸ਼ੱਕ ਇਹ ਰੋਗ ਲਾਇਲਾਜ਼ ਹੈ, ਫਿਰ ਵੀ ਇਸ ਤੋਂ ਭੈਭੀਤ ਹੋਣ ਵਾਲੀ ਕੋਈ ਗੱਲ ਨਹੀਂ, ਕਿਉਂਕਿ ਇਹ ਰੋਗ ਆਪਸੀ ਛੋਹ, ਮੇਲ-ਮਿਲਾਪ ਜਾਂ ਆਮ ਸੰਪਰਕ ਵਿਚ ਆਉਣ ਨਾਲ ਨਹੀਂ ਫੈਲ ਸਕਦਾ।

ਇਥੇ ਇਹ ਦੱਸ ਦੇਣਾ ਪਾਠਕਾਂ ਦੀ ਜਾਣਕਾਰੀ ਵਿਚ ਠੋਸ ਵਾਧਾ ਕਰੇਗਾ ਕਿ ਏਡਜ਼ ਵਾਈਰਸ ਰੋਗੀ ਦੇ ਥੁੱਕ ਤੇ ਹੰਝੂਆਂ ਵਿਚ ਵੀ ਮੌਜੂਦ ਹੋ ਸਕਦਾ ਹੈ। ਪਹਿਲਾਂ ਪਹਿਲ ਇਸ ਖੋਜ ਨੇ ਵਿਗਿਆਨੀਆਂ ਨੂੰ ਬੌਂਦਲਾ ਦਿੱਤਾ ਸੀ, ਪਰ ਹੁਣ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਥੁੱਕ ਤੇ ਹੰਝੂਆਂ ਵਿਚ ਵਾਈਰਸ ਬਹੁਤ ਹੀ ਘੱਟ ਮਾਤਰਾ ਵਿਚ ਹੁੰਦਾ ਹੈ ਅਤੇ ਇਨ੍ਹਾਂ ਸਾਧਨਾਂ ਰਾਹੀਂ ਰੋਗ ਦੇ ਫੈਲਣ ਦੇ ਆਸਾਰ ਨਾ ਬਰਾਬਰ ਹਨ। ਇਸ ਤੋਂ ਇਲਾਵਾ, ਰੋਗੀ ਔਰਤ ਦੀ ਯੋਨੀ ਦੀ ਦੀਵਾਰ ਵਿਚੋਂ ਨਿਕਲੇ ਮਲ (Vaginal Secretions) ਵਿਚ ਵੀ ਏਡਜ਼ ਵਾਈਰਸ ਮੌਜੂਦ ਹੁੰਦਾ ਹੈ

ਆਮ ਹਾਲਤ ਵਿਚ ਇਕ ਤੰਦਰੁਸਤ ਸਰੀਰ, ਥੋੜ੍ਹੀ ਮਾਤਰਾ ਵਿਚ ਦਾਖਲ ਹੋਏ ਵਾਈਰਸ ਨੂੰ ਨਸ਼ਟ ਕਰ ਦਿੰਦਾ ਹੈ ਪਰ ਜਦੋਂ ਇਹ ਵਾਈਰਸ ਵੱਡੀ ਮਾਤਰਾ ਵਿਚ ਸਰੀਰ ਅੰਦਰ ਦਾਖਲ ਹੋ ਜਾਵੇ (ਖਾਸ ਕਰ ਰੋਗੀ ਵਿਅਕਤੀ ਨਾਲ ਵਾਰ ਵਾਰ ਸੰਪਰਕ ਵਿਚ ਆਉਣ ਨਾਲ) ਤਾਂ ਸਰੀਰ ਦਾ ਬਚਾਓ ਪ੍ਰਬੰਧ ਦਬਾਅ ਵਿਚ ਆ ਜਾਂਦਾ ਹੈ ਜਿਸ ਕਾਰਨ ਹਮਲਾਵਰਾਂ ਦੀ ਚੜ੍ਹਤ ਹੋ ਜਾਂਦੀ ਹੈ।

ਇਸ ਰੋਗ ਦੀ ਲਾਗ (ਛੂਤ) ਅਚਨਚੇਤ ਛੋਹ, ਜਿਵੇਂ ਹੱਥ ਮਿਲਾਉਣਾ ਆਦਿ, ਨਾਲ ਨਹੀਂ ਲਗ ਸਕਦੀ, ਕਿਉਂਕਿ ਇਸ ਰੋਗ ਦਾ ਵਾਈਰਸ ਬਹੁਤ ਨਾਜ਼ੁਕ ਹੁੰਦਾ ਹੈ ਅਤੇ ਮੇਜਬਾਨ ਸਰੀਰ ਤੋਂ ਬਾਹਰ ਜਲਦੀ ਹੀ ਮਰ ਜਾਂਦਾ ਹੈ। ਪਰ ਰੋਗੀ ਵਿਅਕਤੀ ਨਾਲ ਸੈਕਸ, ਕਿਸੇ ਵੀ ਰੂਪ ਵਿਚ, ਖਤਰਨਾਕ ਹੈ ਅਤੇ ਮਰਦਾਂ ਵਿਚ ਸਮਲਿੰਗੀ ਸਰਗਰਮੀਆਂ ਬੇਹੱਦ ਖਤਰਨਾਕ ਹਨ।

ਸੁਭਾਵਿਕ ਹੀ ਹੈ ਕਿ ਪਾਠਕ ਇਹ ਜਾਨਣਾ ਚਾਹੁਣਗੇ ਕਿ ਸਮਲਿੰਗੀ ਸੈਕਸ ਕੁਦਰਤੀ ਸੈਕਸ ਦੇ ਮੁਕਾਬਲੇ, ਇਸ ਰੋਗ ਨੂੰ ਵਿਸ਼ੇਸ਼ ਬੁਲਾਵਾ ਕਿਉਂ ਤੇ ਕਿਸ ਤਰ੍ਹਾਂ ਦਿੰਦਾ ਹੈ ? ਆਓ, ਇਸ ਤੱਥ 'ਤੇ ਵਿਚਾਰ ਕਰੀਏ। ਉਸ ਤਰ੍ਹਾਂ ਦੀਆਂ ਸੈਕਸ ਕਿਰਿਆਵਾਂ, ਜੋ ਸਰੀਰ ਦੀਆਂ ਝਿੱਲੀਆਂ (Body Tissues) ਨੂੰ ਨੁਕਸਾਨ ਪਹੁੰਚਾ ਸਕਦੀਆਂ ਹੋਣ, ਖਾਸ ਕਰ ਖ਼ੂਨ ਵੱਗਣ ਵਾਲੇ ਹਾਲਾਤ ਪੈਦਾ ਕਰ ਸਕਦੀਆਂ ਹੋਣ, ਜ਼ਿਆਦਾ ਖਤਰਨਾਕ ਸਿੱਧ ਹੁੰਦੀਆਂ ਹਨ। ਕਿਉਂਕਿ ਗੁਦਾ (RECTUM) ਦੀ ਝਿੱਲੀ ਏਨੀ ਸਖਤ ਨਹੀਂ ਹੁੰਦੀ ਜਿੰਨੀ ਯੋਨੀ (VAGINA) ਦੀ ਹੁੰਦੀ ਹੈ, ਇਸ ਲਈ ਕੁਦਰਤੀ ਸੈਕਸ ਦੇ ਮੁਕਾਬਲੇ ਮਰਦਾਂ ਵਿਚ ਸਮਲਿੰਗੀ ਕਾਮ ਸਰਗਰਮੀਆਂ ਕਾਰਨ, ਗੁਦਾ ਦੀ ਝਿੱਲੀ ਨੂੰ ਨੁਕਸਾਨ ਪਹੁੰਚਣ ਤੇ ਖ਼ੂਨ ਵਗਣ ਦੇ ਜ਼ਿਆਦਾ ਆਸਾਰ ਹੁੰਦੇ ਹਨ। ਇਸ ਤਰ੍ਹਾਂ ਖ਼ੂਨ ਵਗਣ ਦੀ ਹਾਲਤ ਵਿਚ ਵਾਈਰਸ ਰੋਗੀ ਵਿਅਕਤੀ ਦੇ ਸਰੀਰ ਤੋਂ ਤੰਦਰੁਸਤ ਵਿਅਕਤੀ ਦੇ ਸਰੀਰ ਅੰਦਰ ਪ੍ਰਵੇਸ਼ ਕਰ ਜਾਂਦਾ ਹੈ।

ਕੁਝ ਆਦਤਾਂ, ਜਿਵੇਂ ਸ਼ਰਾਬ ਤੇ ਤੰਬਾਕੂਨੋਸ਼ੀ ਜੋ ਸਰੀਰ ਦੀ ਬਚਾਓ ਪ੍ਰਣਾਲੀ ਨੂੰ ਕਮਜ਼ੋਰ ਕਰਦੀਆਂ ਹਨ, ਇਸ ਰੋਗ ਦੇ ਵਾਈਰਸ ਦੀ ਨਿਪੁੰਨਤਾ ਨੂੰ ਵਧਾਉਂਦੀਆਂ ਹਨ। ਇਹ ਗੱਲ ਸੰਤੋਖ ਦੇਣ ਵਾਲੀ ਹੈ ਕਿ ਇਸ ਰੋਗ ਦੇ ਮੱਛਰ ਆਦਿ ਰਾਹੀਂ ਫੈਲਣ ਦੀ ਹੁਣ ਤੱਕ ਕੋਈ ਰਿਪੋਰਟ ਨਹੀਂ ਮਿਲੀ। ਏਡਜ਼ ਵਾਈਰਸ ਕਿਵੇਂ ਉਤਪੰਨ ਹੋਇਆ ? ਇਸ ਬਾਰੇ ਵਿਗਿਆਨੀਆਂ ਦੇ ਵੱਖ ਵੱਖ ਵਿਚਾਰ ਹਨ। ਵਿਗਿਆਨੀਆਂ ਦਾ ਵਿਚਾਰ ਹੈ ਕਿ ਇਹ ਵਾਈਰਸ ਅਮਰੀਕਾ ਦੀ ਪ੍ਰਯੋਗਸ਼ਾਲਾ ਵਿਚ ਜੇਨੈਟਿਕ ਤਜਰਬਿਆਂ ਦੇ ਫਲਸਰੂਪ ਹੋਂਦ ਵਿਚ ਆਇਆ ਪਰ ਦੁਨੀਆਂ ਦੇ ਹੋਰ ਉਘੇ ਵਿਗਿਆਨੀ ਇਸ ਵਿਚਾਰ ਨਾਲ ਸਹਿਮਤ ਨਹੀਂ। ਏਡਜ਼ ਵਾਈਰਸ ਦੀ ਉਤਪਤੀ ਦੇ ਸਬੰਧ ਵਿਚ, ਮਨੁੱਖੀ ਹੱਥ ਹੋਣ ਦੀ ਸੰਭਾਵਨਾ ਨੂੰ ਲਗਭਗ ਰੱਦ ਕੀਤਾ ਜਾ ਚੁੱਕਾ ਹੈ।

ਵਿਸ਼ਵ ਸਿਹਤ ਸੰਸਥਾ ਨੇ ਚਿਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਕੁਝ ਸਾਲਾਂ ਵਿਚ ਏਡਜ਼ ਵਿਸ਼ਵ ਦੇ ਸਭ ਦੇਸ਼ਾਂ ਵਿਚ ਫੈਲ ਜਾਵੇਗੀ ਹੁਣ ਤੱਕ ਵਿਸ਼ਵ ਦੇ 99 ਦੇਸ਼ਾਂ ਵਿਚ 44,600 ਕੇਸ ਰਿਪੋਰਟ ਕੀਤੇ ਜਾ ਚੁੱਕੇ ਹਨ ਪਰ ਅਸਲੀ ਕੇਸਾਂ ਦੀ ਗਿਣਤੀ 100,000 ਹੋ ਸਕਦੀ ਹੈ। ਅਤੇ ਇਕ ਕਰੋੜ ਦੇ ਕਰੀਬ ਇਸ ਰੋਗ ਦੇ ਕੈਰੀਅਰ ਹੋ ਸਕਦੇ ਹਨ।

ਸੰਨ 1986 ਦੇ ਸ਼ੁਰੂ ਵਿਚ ਖੋਜ ਕੀਤੀ 'ਸੁਰਾਮਿਨ' (SURAMIN) ਨਾਮੀ ਦਵਾਈ, ਕਾਰਗਰ ਸਿੱਧ ਨਹੀਂ ਹੋ ਸਕੀ।

ਅਮਰੀਕਾ ਦੀ ਫੂਡ ਐਂਡ ਡਰੱਗ ਐਡਮਿਨਿਸਟਰੇਸ਼ਨ ਨੇ, ਏਡਜ਼ ਬੀਮਾਰੀ ਦੇ ਇਲਾਜ ਲਈ ਪਹਿਲੀ ਦਵਾਈ, ਜਿਸ ਦਾ ਨਾਂ AZT ਹੈ ਅਤੇ 'ਰਿਟਰੋਵਿਰ' (RETROVIR) ਦੇ ਨਾਂ ਹੇਠ ਮਾਰਕੀਟ ਵਿਚ ਆ ਚੁੱਕੀ ਹੈ, ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਦਵਾਈ ਨੂੰ ਵੇਚਣ ਦੀ ਮਨਜ਼ੂਰੀ ਦਾ ਐਲਾਨ 20 ਮਾਰਚ 1987 ਨੂੰ ਕੀਤਾ ਗਿਆ ਹੈ। ਬੇਸ਼ੱਕ ਇਹ ਦਵਾਈ ਰੋਗ ਤੋਂ ਪੂਰੀ ਤਰ੍ਹਾਂ ਰਾਹਤ ਨਹੀਂ ਦਿਵਾ ਸਕਦੀ, ਫਿਰ ਵੀ ਅਜ਼ਮਾਇਸ਼ ਤੋਂ ਸਿੱਧ ਹੋ ਚੁੱਕਾ ਹੈ ਇਕ ਇਹ ਦਵਾਈ ਰੋਗ ਦੀ ਗੰਭੀਰਤਾ ਨੂੰ ਘਟਾਉਂਦੀ ਹੈ।

ਜ਼ਿਕਰ ਅਕਤੂਬਰ, 1986 ਦਾ ਹੈ। ਇਕ ਭਾਰਤੀ ਚਿਕਿਤਸਕ, ਡਾ. ਐਨ. ਕੇ. ਸ਼ਾਨਮੂਘਾਮ, ਜੋ ਤਾਮਿਲਨਾਡੂ ਦਾ ਰਹਿਣ ਵਾਲਾ ਹੈ, ਨੇ ਏਡਜ਼ ਦੇ ਇਲਾਜ ਲਈ ਇਕ ਦੇਸੀ ਦਵਾਈ ਤਿਆਰ ਕੀਤੀ ਹੈ। ਡਾ. ਸ਼ਾਨਮੂਘਾਮ, ਅਮਰੀਕਾ ਦੇ ਏਡਜ਼ ਪਰੋਗਰਾਮ ਵਿਚ ਸਹਿਯੋਗੀ ਹੈ। 10 ਕਿਲੋ ਦਵਾਈ ਬਤੌਰ ਸੈਂਪਲ (ਨਮੂਨਾ), ਅਮਰੀਕਾ ਦੀਆਂ ਸੰਸਥਾਵਾਂ ਦੀ ਬੇਨਤੀ 'ਤੇ, ਅਜ਼ਮਾਇਸ਼ ਲਈ ਅਮਰੀਕਾ ਭੇਜੀ ਜਾ ਚੁੱਕੀ ਹੈ।

ਗੱਲ ਜੂਨ 1986 ਦੀ ਹੈ। ਇਸ ਰੋਗ ਦਾ ਬਚਾਓ ਟੀਕਾ Anti-AIDS Vaccine) ਤਿਆਰ ਹੋ ਚੁਕਾ ਹੈ। ਖਰਗੋਸ਼ਾਂ 'ਤੇ ਚੂਹਿਆਂ 'ਤੇ ਟੈਸਟ ਕੀਤਾ ਜਾ ਚੁਕਾ ਹੈ। ਇਸ ਸਮੇਂ ਸ਼ਿੰਪੈਨਜ਼ੀ 'ਤੇ ਇਸ ਟੀਕੇ ਦੀ ਅਜ਼ਮਾਇਸ਼ ਹੋ ਰਹੀ ਹੈ। ਮਨੁੱਖ ਦੇ ਨਜ਼ਦੀਕੀ 'ਪੂਰਵਜਾਂ" ਵਿਚ ਬਾਂਦਰ ਜਾਤੀ ਨਾਲ ਸਬੰਧਤ, ਸ਼ਿੰਪੈਨਜ਼ੀ ਹੀ ਇਕ ਅਜਿਹਾ ਜਾਨਵਰ ਹੈ ਜਿਸ ਨੂੰ ਮਨੁੱਖ ਤੋਂ ਬਾਅਦ ਏਡਜ਼ ਬੀਮਾਰੀ ਦੀ ਲਾਗ ਲਗ ਸਕਦੀ ਹੈ।

ਭਾਰਤ ਸਮੇਤ ਏਸ਼ਿਆਈ ਦੇਸ਼ਾਂ ਵਿਚ ਏਡਜ਼ ਦਾ ਪ੍ਰਭਾਵ ਖੇਤਰ, ਹਾਲ ਦੀ ਘੜੀ, ਬਹੁਤ ਘੱਟ ਹੈ, ਇਸ ਲਈ ਸਮਾਂ ਮੰਗ ਕਰਦਾ ਹੈ ਕਿ ਬਿਨਾਂ ਹੋਰ ਦੇਰੀ ਤੋਂ ਲੋੜੀਂਦੇ ਕਦਮ ਚੁਕੇ ਜਾਣ ਤਾਂ ਕਿ ਇਹ ਖੋਟਾ ਰੋਗ ਆਪਣੀਆਂ ਜੜ੍ਹਾਂ ਮਜ਼ਬੂਤ ਨਾ ਕਰ ਸਕੇ। ਇਸ ਪ੍ਰਸੰਗ ਵਿਚ, ਲੋਕਾਂ ਨੂੰ ਇਸ ਰੋਗ ਬਾਰੇ ਲੋੜੀਂਦੀ ਜਾਣਕਾਰੀ, ਸਹੀ ਸੇਧ ਅਤੇ ਆਉਣ ਵਾਲੀ ਤਬਾਹਕੁਨ ਸਥਿਤੀ ਤੋਂ ਸੁਚੇਤ ਕਰਵਾਉਣ ਦੀ ਲੋੜ ਹੈ।

ਨਸ਼ਈਆਂ ਨੂੰ ਸਾਂਝੀਆਂ ਸੂਈਆਂ ਤੇ ਸੁਰਿੰਜਾਂ ਨਾ ਵਰਤਣ ਲਈ ਪ੍ਰੇਰਿਆ ਜਾਵੇ। ਬਲੱਡ ਬੈਂਕਾਂ ਦੇ ਕਰਮਚਾਰੀਆਂ ਨੂੰ ਅਤਿ ਦੀ ਸਾਵਧਾਨੀ ਵਰਤਦਿਆਂ, ਆਧੁਨਿਕ ਤਕਨਾਲੋਜੀ ਦੀ ਵਰਤੋਂ ਕਰਨੀ ਚਾਹੀਦੀ ਹੈ। ਸਭ ਤੋਂ ਵੱਧ ਕੇ, ਗਲਤ ਸੈਕਸ ਆਦਤਾਂ ਨੂੰ ਨੱਥ ਪਾਈ ਜਾਵੇ। ਸੈਕਸ ਸਰਗਰਮੀਆਂ ਨੂੰ ਜਾਇਜ਼ ਸਬੰਧਾਂ ਤੱਕ ਹੀ ਸੀਮਿਤ ਰੱਖਿਆ ਜਾਵੇ। ਚੁੰਮਣ ਰਾਹੀਂ ਬੀਮਾਰੀ ਫੈਲਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਮੁਕਦੀ ਗੱਲ, ਇਕੋ ਸੈਕਸ ਸਾਥੀ ਨਾਲ 'ਬੰਨ੍ਹੇ ਰਹਿਣ' ਵਿਚ ਹੀ ਭਲਾਈ ਹੈ। 'ਮਜ਼ਬੂਰੀ' ਦੀ ਹਾਲਤ ਵਿਚ ਕੰਡੋਮ (ਨਿਰੋਧ) ਦੀ ਵਰਤੋਂ ਸਹਾਈ ਸਿੱਧ ਹੋ ਸਕਦੀ ਹੈ। ਮਰਦਾਂ ਵਿਚ ਸਮਲਿੰਗੀ ਸੈਕਸ ਦੀ ਲਾਅਨਤ ਬਾਰੇ ਤਾਂ ਸੋਚਣਾ ਵੀ 'ਜੁਰਮ' ਹੈ। ਬੇਸਵਾਵਾਂ ਨੂੰ ਮੁੜ ਤੋਂ ਆਮ ਜੀਵਨ ਜੀਉਣ ਦੇ ਯੋਗ ਬਣਾਉਣਾ ਹੋਵੇਗਾ। ਬੇਸ਼ੱਕ ਇਹ ਕੰਮ ਅਸੰਭਵ ਜਾਪਦਾ ਹੈ ਪਰ ਮਨੁੱਖਤਾ ਨੂੰ ਆਉਣ ਵਾਲੇ ਗੰਭੀਰ ਖਤਰਿਆਂ ਤੋਂ ਬਚਾਉਣ ਲਈ ਕੁਝ ਕਰਨਾ ਹੀ ਪਵੇਗਾ।

ਭਾਰਤ, ਇਸ ਸੰਬੰਧ ਵਿਚ (ਹਾਲ ਦੀ ਘੜੀ) ਮੁਕਾਬਲਤਨ ਖੁਸ਼ਕਿਸਮਤ ਹੈ। ਪਰ ਇਸ ਖੁਸ਼ਕਿਸਮਤੀ ਕਾਇਮ ਰੱਖਣ ਲਈ ਜ਼ਰੂਰੀ ਹੈ ਕਿ ਇਸ ਕੌਮੀ ਸਮੱਸਿਆ ਨੂੰ ਜੰਗੀ ਪੱਧਰ 'ਤੇ ਯੋਜਨਾਬਧ ਤਰੀਕੇ ਨਾਲ ਨਜਿੱਠਣ ਲਈ ਫੌਰੀ ਕਦਮ ਚੁਕੇ ਜਾਣ ਕਿਉਂਕਿ ਇਸ ਖੇਤਰ ਵਿਚ ਕਾਰਗਰ ਸਿੱਟਿਆਂ ਦੀ ਪ੍ਰਾਪਤੀ ਲਈ ਜਨਤਾ ਦਾ ਸਹਿਯੋਗ ਅਤਿ ਜ਼ਰੂਰੀ ਹੈ। ਇਸ ਲਈ ਹਰ ਨਾਗਰਿਕ ਦਾ ਇਖਲਾਕੀ ਫਰਜ਼ ਬਣਦਾ ਹੈ ਕਿ ਉਹ ਸਰਕਾਰ ਦੀਆਂ ਨੀਤੀਆਂ ਨੂੰ ਭਰਵਾਂ ਹੁੰਗਾਰਾ ਦੇਵੇ ਅਤੇ ਆਪਣੀ ਜ਼ਿਮੇਵਾਰੀ ਪ੍ਰਤੀ ਅਵੇਸਲਾ ਨਾ ਹੋਵੇ। ਇਸ ਵਿਚ ਹੀ ਉਸ ਦਾ ਆਪਣਾ ਤੇ ਦੇਸ਼ ਦਾ ਭਲਾ ਹੈ।

ਤੂੰ ਵਿਦਾ ਹੋਇਓਂ ਮੇਰੇ ਦਿਲ ਤੇ ਉਦਾਸੀ ਛਾ ਗਈ,
ਪੀੜ ਦਿਲ ਦੀ ਬੂੰਦ ਬਣਕੇ ਅੱਖੀਆਂ ਵਿਚ ਆ ਗਈ

# ਫਿਜੀ ਦੇ ਮਾਮਲੇ ਵਿਚ ਭਾਰਤ ਬੇਬਸ

**ਪ੍ਰੇਮ ਭਾਟੀਆ**

ਪਿਛਲੇ ਦਿਨੀਂ ਫਿਜੀ ਵਿਚ ਜੋ ਕੁਝ ਵਾਪਰਿਆ ਹੈ ਉਸ ਨੇ ਭਾਰਤ ਨੂੰ ਜਾਤੀਵਾਦ ਦੇ ਇਕ ਅਜਿਹੇ ਰੂਪ ਦਾ ਚੇਤਾ ਕਰਵਾਇਆ ਹੈ ਜਿਸ ਬਾਰੇ ਅਸੀਂ ਉਦੋਂ ਤੱਕ ਬੇਧਿਆਨ ਹੋਏ ਰਹਿੰਦੇ ਹਾਂ ਜਦੋਂ ਕੋਈ ਨਵਾਂ ਧੱਕਾ ਲਗਦਾ ਹੈ ਅਤੇ ਇਹ ਚੇਤਾਵਨੀ ਮਿਲਦੀ ਹੈ ਕਿ ਬੀਤੇ ਸਮੇਂ ਦੀ ਦੋਸਤੀ ਭਵਿੱਖ ਦੀ ਦੋਸਤੀ ਲਈ ਗਰੰਟੀ ਨਹੀਂ ਹੋ ਸਕਦੀ। ਹੁਣ ਸਮਾਂ ਹੈ ਕਿ ਅਸੀਂ ਸੱਮਸਿਆ ਦੀ ਅਸਲੀਅਤ ਨੂੰ ਹੋਰ ਚੰਗੀ ਤਰ੍ਹਾਂ ਸਮਝੀਏ ਅਤੇ ਜਾਣ ਲਈਏ ਕਿ ਜਾਤੀਵਾਦ ਟਕਰਾਵਾਂ ਦਾ ਅਧਾਰ ਜ਼ਰੂਰੀ ਨਹੀਂ ਚਮੜੀ ਦਾ ਰੰਗ ਹੀ ਹੋਵੇ।

1960ਵਿਆਂ ਵਿਚ ਪੂਰਬੀ ਅਫਰੀਕਾ ਵਿਚ ਟਿਕੇ ਭਾਰਤੀਆਂ ਨੂੰ ਅਫਸੋਸਨਾਕ ਤਜਰਬਾ ਹੋਣ ਤਕ ਸਾਧਾਰਨ ਤੌਰ 'ਤੇ ਇਹੋ ਸਮਝਿਆ ਜਾਂਦਾ ਰਿਹਾ ਕਿ ਜਾਤੀਵਾਦ ਦਾ ਅਰਥ ਕਾਲੇ ਤੇ ਭੂਰੇ ਰੰਗ ਦੇ ਮਨੁੱਖਾਂ ਪ੍ਰਤੀ ਚਿੱਟੇ ਆਦਮੀ ਦਾ ਈਰਖਾਲੂ ਰਵੱਈਆ ਹੈ ਜਿਨ੍ਹਾਂ ਨੂੰ ਯੂਰਪੀਨਾਂ ਨੇ ਜਿੱਤਿਆ ਤੇ ਗੁਲਾਮ ਬਣਾਇਆ ਸੀ। ਭਾਰਤ ਨੂੰ ਬੜੀ ਹੈਰਾਨੀ ਤੇ ਦੁੱਖ ਹੋਇਆ ਸੀ ਜਦੋਂ ਕੀਨੀਆਂ ਦੀ ਜੋਮੋ ਕਨਿਆਟਾ ਸਰਕਾਰ ਨੇ ਸਿੱਧੇ ਤੇ ਅਸਿੱਧੇ ਤਰੀਕੇ ਨਾਲ ਏਸ਼ਿਆਈਆਂ ਨੂੰ ਦੇਸ਼ ਵਿਚੋਂ ਬਾਹਰ ਧੱਕਣਾ ਸ਼ੁਰੂ ਕਰ ਦਿੱਤਾ, ਹਾਲਾਂ ਕਿ ਜਵਾਹਰ ਲਾਲ ਨਹਿਰੂ ਨੇ ਜੋਮੋ ਕਨਿਆਟਾ ਨੂੰ ਬਰਤਾਨਵੀ ਹਾਕਮਾਂ ਵਿਰੁਧ ਉਸ ਦੇ ਸੰਘਰਸ਼ ਵਿਚ ਨੈਤਿਕ ਤੇ ਪਦਾਰਥਕ ਸਹਾਇਤਾ ਦਿੱਤੀ ਸੀ। ਕੀਨੀਆਂ, ਤਨਜਾਨੀਆ ਤੇ ਯੂਗਾਂਡਾ ਵਿਚ ਭਾਰਤੀ ਤੇ ਪਾਕਿਸਤਾਨੀ ਨਾਗਰਿਕਾਂ ਨੂੰ ਹੀ "ਏਸ਼ਿਆਈ" ਕਿਹਾ ਜਾਂਦਾ ਹੈ।

## ਕੌੜੀ ਸਚਾਈ

ਭਾਰਤ ਵਿਚ ਜਨਤਕ ਰਾਇ ਇਸ ਸਿਆਸੀ ਫਲਸਫੇ ਉਤੇ ਅਧਾਰਤ ਰਹੀ ਹੈ ਕਿ ਸੁਤੰਤਰ ਅਫਰੀਕੀ ਦੇਸ਼ਾਂ ਵਿਚ ਭਾਰਤੀ ਮੂਲ ਦੇ ਲੋਕ ਉਥੋਂ ਦੀਆਂ ਸਰਕਾਰਾਂ ਦੀ ਜ਼ਿੰਮੇਂਵਾਰੀ ਸਨ ਅਤੇ ਸਾਨੂੰ ਸਥਾਨਕ ਭਾਰਤੀਆਂ ਦਾ ਬਹੁਤਾ ਪੱਖ ਲੈ ਕੇ ਨਵੇਂ ਅਫਰੀਕੀ ਹਾਕਮਾਂ ਨੂੰ ਨਾਰਾਜ਼ ਨਹੀਂ ਕਰਨਾ ਚਾਹੀਦਾ। ਪਰ ਅਫਰੀਕੀ ਦੇਸ਼ਾਂ ਨੇ ਜਦੋਂ ਉਥੇ ਟਿਕੇ ਭਾਰਤੀਆਂ ਨੂੰ ਬਾਹਰ ਧੱਕਣਾ ਸ਼ੁਰੂ ਕੀਤਾ ਅਤੇ ਉਨ੍ਹਾਂ ਨੂੰ ਸੰਭਾਲਣ ਲਈ ਬਰਤਾਨੀਆ ਨੇ ਵੀ ਅੱਧ-ਪਚੱਧਾ ਹੁੰਗਾਰਾ ਹੀ ਦਿੱਤਾ ਤਾਂ ਬਹੁਤਾ ਬੋਝ ਭਾਰਤ ਨੂੰ ਹੀ ਚੁਕਣਾ ਪਿਆ। ਇਥੋਂ ਤੱਕ ਕਿ ਕੀਨੀਆਂ ਦੀ ਨਾਗਰਿਕਤਾ ਪ੍ਰਾਪਤ ਕਰ ਚੁਕੇ ਅਤੇ ਬਰਤਾਨਵੀ ਪਾਸਪੋਰਟ ਪ੍ਰਾਪਤ ਭਾਰਤੀਆਂ ਨੇ ਵੀ ਸਾਥੋਂ ਸਹਾਇਤਾ ਦੀ ਮੰਗ ਕੀਤੀ।

'ਏਸ਼ਿਆਈਆਂ" ਪ੍ਰਤੀ ਕਾਲੇ ਅਫਰੀਕਨਾਂ ਦੀ ਵਿਰੋਧਤਾ ਨੇ ਭਾਰਤੀ ਲੋਕਾਂ ਨੂੰ ਇਸ ਕੌੜੀ ਸਚਾਈ ਤੋਂ ਜਾਣੂੰ ਕਰਵਾਇਆ ਕਿ ਕਾਲੇ ਤੇ ਭੂਰੇ ਰੰਗ ਵਿਚ ਵੀ ਫਰਕ ਹੁੰਦਾ ਹੈ ਅਤੇ ਕਾਲੇ ਅਫਰੀਕੀ ਵੀ ਚਮੜੀ ਦੇ ਰੰਗ ਨੂੰ ਆਪਣੇ ਕੌਮੀ ਹਿਤਾਂ ਲਈ ਉਵੇਂ ਹੀ ਵਰਤ ਸਕਦੇ ਹਨ ਜਿਵੇਂ ਦੱਖਣੀ ਅਫਰੀਕਾ, ਯੂਰਪ, ਅਮਰੀਕਾ ਅਤੇ ਹੋਰ ਥਾਵਾਂ ਦੇ ਚਿੱਟੇ ਲੋਕ ਵਰਤਦੇ ਹਨ। ਜਦੋਂ ਮੈਂ ਕੀਨੀਆਂ ਵਿਚ ਹਾਈ ਕਮਿਸ਼ਨਰ ਸੀ ਉਦੋਂ ਭਾਰਤੀ ਮੂਲ ਦੇ ਯੋਗਤਾ ਵਾਲੇ ਨਾਗਰਿਕ ਦੀ ਥਾਂ ਕਾਲੇ ਅਫਰੀਕੀ ਨੂੰ ਉਥੋਂ ਦਾ ਚੀਫ ਜਸਟਿਸ ਨਿਯੁਕਤ ਕੀਤਾ ਗਿਆ। ਇਸ ਨੂੰ ਕਾਲੇ ਮਨੁੱਖ ਦੀ ਜਾਗਰਤੀ ਦਾ ਚਿਨ੍ਹ ਦੱਸਿਆ ਗਿਆ ਜਿਸ ਵਿਚ ਜੋਮੋ ਕਨਿਆਟਾ ਵੀ ਭਾਈਵਾਲ ਸੀ।

## ਬਾਹਰਲੇ ਬੰਦੇ

ਫਿਜੀ ਦੇ ਮਾਮਲੇ ਵੱਲ ਮੁੜੀਏ ਤਾਂ ਪਤਾ ਲਗਦਾ ਹੈ ਕਿ ਉਥੇ ਟਿਕੇ ਭਾਰਤੀਆਂ ਅਤੇ ਸਥਾਨਕ ਮਾਲੇਨੇਸ਼ੀਅਨ ਤੇ ਪੋਲੀਨੇਸ਼ੀਅਨ ਲੋਕਾਂ ਵਿਚਕਾਰ ਰੰਗ ਦਾ ਕੋਈ ਫਰਕ ਨਹੀਂ। ਸਥਾਨਕ ਫਿਜੀ ਲੋਕਾਂ ਨਾਲੋਂ ਭਾਰਤੀਆਂ ਦੀ ਗਿਣਤੀ ਕੁਝ ਕੁ ਜ਼ਿਆਦਾ ਹੈ ਫਿਰ ਵੀ ਦੇਸੀ ਫਿਜੀਅਨਾਂ ਨੇ ਥੋੜ੍ਹੀ ਜਿਹੀ ਫੌਜੀ ਸ਼ਕਤੀ ਦੇ ਸਹਾਰੇ ਚੁਣੇ ਹੋਏ ਭਾਰਤੀ ਪ੍ਰਤੀਨਿਧਾਂ ਨੂੰ ਤਾਕਤ ਵਿਚੋਂ ਲਾਹ ਦਿਤਾ ਅਤੇ ਉਹ ਨਵੇਂ ਸੰਵਿਧਾਨ ਦੀ ਸਹਾਇਤਾ ਨਾਲ ਉਨ੍ਹਾਂ ਨੂੰ ਪਾਸੇ ਰੱਖਣ ਲਈ ਦ੍ਰਿੜ ਹਨ। ਉਨ੍ਹਾਂ ਦੀ ਦਲੀਲ ਸਪਸ਼ਟ ਹੀ ਜਾਤੀਵਾਦ ਉਤੇ ਅਧਾਰਤ ਹੈ ਕਿ ਸਦੀ ਤੋਂ ਵੱਧ ਅਰਸੇ ਤੋਂ ਫਿਜੀ ਵਿਚ ਟਿਕੇ ਭਾਰਤੀ "ਬਾਹਰਲੇ ਬੰਦੇ" ਹਨ ਅਤੇ ਉਨ੍ਹਾਂ ਨੂੰ ਆਪਣੀ ਵੱਧ ਗਿਣਤੀ ਦਾ ਫਾਇਦਾ ਕਦੇ ਨਹੀਂ ਉਠਾਉਣ ਦੇਣਾ।

ਵੱਧ ਗਿਣਤੀ ਦੇ ਹੁੰਦਿਆਂ ਭਾਰਤੀਆਂ ਨੇ ਕਿੱਥੇ ਗਲਤੀ ਕੀਤੀ? ਇਸ ਦੀ ਸਾਫ ਵਿਆਖਿਆ ਇਹੋ ਹੈ ਕਿ ਪਿਛਲੀਆਂ ਆਮ ਚੋਣਾਂ ਸਮੇਂ ਉਹ ਵੱਧ ਗਿਣਤੀ ਵਿਚ ਚੁਣੇ ਗਏ ਅਤੇ ਉਨ੍ਹਾਂ ਨੇ ਸਥਾਨਕ ਪ੍ਰਤੀਨਿਧਾਂ ਨਾਲੋਂ ਵੱਧ ਵਜ਼ੀਰੀਆਂ ਸੰਭਾਲ ਲਈਆਂ। ਇਸੇ ਗੱਲ ਤੋਂ ਸਥਾਨਕ ਲੋਕ ਔਖੇ ਹੋ ਗਏ। ਇਉਂ ਉਨ੍ਹਾਂ ਨੇ ਸੰਵਿਧਾਨ ਅਧੀਨ ਜਮਹੂਰੀ ਹੱਕਾਂ ਦੀ ਵਰਤੋਂ ਕਰਕੇ ਅੱਗੇ ਆਏ ਭਾਰਤੀਆਂ ਨੂੰ ਪਿੱਛੇ ਧੱਕਣ ਦਾ ਫੈਸਲਾ ਕਰ ਲਿਆ ਅਤੇ ਸੰਵਿਧਾਨ ਵਿਚ ਅਜਿਹੀਆਂ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਨਾਲ ਭਾਰਤੀਆਂ ਨੂੰ ਆਪਣੀ ਬਹੁਤੀ ਗਿਣਤੀ ਦਾ ਲਾਭ ਨਹੀਂ ਮਿਲੇਗਾ।

ਫਿਜੀ ਵਿਚ ਹੋਏ ਰਾਜ ਪਲਟੇ ਪਿਛੇ ਸੰਖੇਪ ਵਿਚ ਇਹੋ ਕਹਾਣੀ ਹੈ। ਏਸ ਰਾਜ ਪਲਟੇ ਪਿੱਛੇ ਅਮਰੀਕੀ ਏਜੰਟਾਂ ਦਾ ਹੱਥ ਵੀ ਹੈ ਕਿਉਂਕਿ ਰੋਨਾਲਡ ਰੀਗਨ ਨੂੰ ਫਿਜੀ ਦੇ ਪ੍ਰਧਾਨ ਮੰਤਰੀ ਡਾ. ਤਿਮੋਸ਼ੀ ਬਵਾਦਰਾ ਤੇ ਉਸ ਦੀ ਸਰਕਾਰ ਦੀ ਨਿਰਪੱਖਤਾ ਦੀ ਨੀਤੀ ਪਸੰਦ ਨਹੀਂ ਸੀ। ਅਮਰੀਕੀਆਂ ਦੀ ਨਜ਼ਰ ਵਿਚ ਜੋ ਆਦਰਸ਼ਕ ਸੰਸਾਰ ਪ੍ਰਣਾਲੀ ਹੈ ਉਸ ਵਿਚ ਲੋਕਤੰਤਰ ਅਤੇ ਲੋਕਾਂ ਦੀ ਚੁਣੀ ਹੋਈ ਸਰਕਾਰ ਨੂੰ ਕੇਵਲ ਦੂਜਾ ਸਥਾਨ ਹੀ ਹਾਸਲ ਹੈ। ਪਹਿਲ ਹਮੇਸ਼ਾਂ ਸੰਸਾਰ ਵਿਚਲੇ ਅਮਰੀਕੀ ਹਿਤਾਂ ਨੂੰ ਦਿੱਤੀ ਜਾਂਦੀ ਹੈ। ਫਿਜੀ ਦੀ ਰਾਜਧਾਨੀ ਸੁਵਾ ਵਿਚ ਵਾਪਰੀਆਂ ਘਟਨਾਵਾਂ ਨੇ ਰਾਜੀਵ ਗਾਂਧੀ ਦੀ ਸਰਕਾਰ ਨੂੰ ਉਕਾ ਹੀ ਹੈਰਾਨ ਪਰੇਸ਼ਾਨ ਕਰ ਦਿੱਤਾ ਹੈ। ਮੌਜੂਦਾ ਹਾਲਤਾਂ ਵਿਚ ਇਸ ਨੇ ਉਹੋ ਕੁਝ ਕੀਤਾ ਜੋ ਵੱਧ ਤੋਂ ਵੱਧ ਕੀਤਾ ਜਾ ਸਕਦਾ ਸੀ। ਇਸ ਨੇ ਵਿਦੇਸ਼ ਮੰਤਰਾਲੇ ਦੇ ਦੋ ਰਾਜ ਮੰਤਰੀਆਂ ਨਟਵਰ ਸਿੰਘ ਤੇ ਐਡੂਆਰਡੋ ਫਲੇਰੋ ਨੂੰ ਲੰਡਨ, ਵੈਲਿੰਗਟਨ ਤੇ ਕੈਨਬਰਾ ਗੱਲਬਾਤ ਕਰਨ ਲਈ ਭੇਜਿਆ। ਨਟਵਰ ਸਿੰਘ ਨੇ ਲੰਡਨ ਪਹੁੰਚ ਕੇ ਕਾਮਨਵੈਲਥ ਦੇ ਜਨਰਲ ਸਕੱਤਰ ਸ੍ਰੀਦੱਤ ਰਾਮਫਲ ਨਾਲ ਗੱਲਬਾਤ ਕੀਤੀ ਅਤੇ ਫਲੇਰੋ ਨੇ ਨਿਊਜ਼ੀਲੈਂਡ ਤੇ ਆਸਟਰੇਲੀਆ ਦੇ ਪ੍ਰਧਾਨ ਮੰਤਰੀਆਂ ਨਾਲ ਫਿਜੀ ਅਤੇ ਇਹ ਦੋਵੇਂ ਦੇਸ਼ ਕਾਮਨਵੈਲਥ ਦੇ ਮੈਂਬਰ ਹਨ। ਭਾਰਤੀ ਮੰਤਰੀਆਂ ਵਲੋਂ ਪ੍ਰਧਾਨ ਮੰਤਰੀ ਨੂੰ ਦਿੱਤੀਆਂ ਰਿਪੋਰਟਾਂ ਉਤਸ਼ਾਹਜਨਕ ਨਹੀਂ ਹਨ।

## ਪਾਬੰਦੀਆਂ

ਫਿਜੀ ਦੀ ਪ੍ਰਮੁਖ ਹੁਕਮਰਾਨ ਬਰਤਾਨੀਆ ਦੀ ਮਹਾਂਰਾਣੀ ਹੈ ਜਿਸ ਦੀ ਪ੍ਰਤੀਨਿਧਤਾ ਉਥੋਂ ਦਾ ਗਵਰਨਰ ਸਰ ਪਿਨਈਆ ਗਾਨੀਲੋ ਕਰਦਾ ਹੈ। ਬਰਤਾਨੀਆ ਆਪਣੇ ਕਾਮਨਵੈਲਥ ਦੇ ਮੈਂਬਰ ਫਿਜੀ ਉਪਰ ਆਰਥਿਕ ਪਾਬੰਦੀਆਂ ਲਾਉਣ ਲਈ ਤਿਆਰ ਨਹੀਂ। ਨਿਊਜ਼ੀਲੈਂਡ ਤੇ ਆਸਟਰੇਲੀਆ ਵੀ ਭਾਰਤ ਨਾਲ ਹਮਦਰਦੀ ਦਿਖਾਉਣ ਤੋਂ ਅੱਗੇ ਨਹੀਂ ਗਏ। ਫਿਜੀ ਵਿਚਲੇ ਭਾਰਤੀਆਂ ਨੂੰ ਉਨ੍ਹਾਂ ਨੇ ਸਲਾਹ ਦਿੱਤੀ ਹੈ ਕਿ ਉਹ ਕਿਸੇ ਅਸਰਦਾਰ ਵਿਦੇਸ਼ੀ ਮੱਦਦ ਉਤੇ ਨਿਰਭਰ ਨਾ ਕਰਨ ਸਗੋਂ ਆਪਣਾ ਬਚਾਓ ਆਪ ਕਰਨ। ਜੇ ਕੋਈ ਭਾਰਤੀ ਉਥੋਂ ਨਿਊਜ਼ੀਲੈਂਡ ਜਾਂ ਆਸਟਰੇਲੀਆ ਜਾਣਾ ਚਾਹੁੰਦਾ ਹੈ ਤਾਂ ਉਸ ਨੂੰ ਉਥੇ ਠਾਹਰ ਨਹੀਂ ਮਿਲੇਗੀ

ਇਸ ਸਭ ਕਾਸੇ ਨਾਲ ਭਾਰਤ ਦਾ ਕੀ ਸਬੰਧ ਹੈ? ਫਿਜੀ ਵਿਚਲੇ ਭਾਰਤੀਆਂ ਦੀ ਕਾਨੂੰਨੀ ਜਾਂ ਸੰਵਿਧਾਨਕ ਜ਼ਿਮੇਂਵਾਰੀ ਰਾਜੀਵ ਗਾਂਧੀ ਦੀ ਸਰਕਾਰ ਸਿਰ ਨਹੀਂ। ਫਿਰ ਵੀ ਉਨ੍ਹਾਂ ਦਾ ਭਾਰਤ ਦੇ ਲੋਕਾਂ ਨਾਲ ਨਸਲੀ ਤੇ ਜਜ਼ਬਾਤੀ ਸਬੰਧ ਜ਼ਰੂਰ ਹੈ। ਇਸ ਤੋਂ ਇਲਾਵਾ ਕਾਮਨਵੈਲਥ ਦੇ ਮੈਂਬਰਾਂ ਵਜੋਂ ਅਵਾਸੀਆਂ ਨੂੰ ਮਾਣ ਇਜ਼ਤ ਦੇਣ ਦੀ ਅੰਤਰਰਾਸ਼ਟਰੀ ਨਿਯਮਾਵਲੀ ਵੀ ਹੈ, ਭਾਵੇਂ ਕਾਮਨਵੈਲਥ ਦੇਸ਼ਾਂ ਵਿਚ ਇਸ ਤੋਂ ਪਹਿਲਾਂ ਵੀ ਰਾਜ-ਪਲਟੇ ਹੋਏ ਹਨ।

ਫਿਜੀ ਨੂੰ ਕਾਮਨਵੈਲਥ ਵਿਚੋਂ ਕੱਢਣ ਦਾ ਐਲਾਨ ਵੀ ਹੋ ਸਕਦਾ ਹੈ ਜਿਸ ਦੀ ਬਹੁਤੀ ਸੰਭਾਵਨਾ ਨਹੀਂ। ਇਹ ਵੀ ਜ਼ਰੂਰੀ ਨਹੀਂ ਕਿ ਫਿਜੀ ਸਰਕਾਰ ਇਸ ਦੀ ਬਹੁਤੀ ਪ੍ਰਵਾਹ ਕਰੇ। ਜੇ ਮਸਲਾ ਸੰਯੁਕਤ ਰਾਸ਼ਟਰ ਤੱਕ ਪੁਚਾਇਆ ਜਾਵੇ ਤਾਂ ਕਾਨੂੰਨ ਤੇ ਮਨੁੱਖੀ ਅਧਿਕਾਰਾਂ ਦੀ ਉਚਤਾ ਬਾਰੇ ਕਿੰਨੇ ਸਾਰੇ ਭਾਸ਼ਨ ਸੁਣਨ ਤੋਂ ਬਿਨਾਂ ਹੋਰ ਕੁਝ ਨਹੀਂ ਹੋਣਾ। ਹੋ ਸਕਦਾ ਹੈ ਫਿਜੀ ਦੀ ਨਵੀਂ ਸਰਕਾਰ ਆਪਣੇ ਦੇਸ਼ ਨੂੰ ਗਣਰਾਜ ਘੋਸ਼ਿਤ ਕਰ ਦੇਵੇ ਅਤੇ ਬਰਤਾਨੀਆ ਦੀ ਚੌਧਰ ਤੋਂ ਬੇਮੁਖ ਹੋ ਜਾਵੇ।

## ਮੋੜਵਾਂ ਜਵਾਬ

ਇਸ ਸਥਿਤੀ ਵਿਚ ਭਾਰਤ ਬੇਵਸ ਹੈ। ਇਹ ਉਹੋ ਜਿਹੇ ਦਬਾਅ ਪਾ ਸਕਦਾ ਹੈ ਜਿਹੜੇ ਸੰਭਵ ਹੋਣ ਪਰ ਠੋਸ ਰੂਪ ਵਿਚ ਕੁਝ ਨਹੀਂ ਕਰ ਸਕਦਾ। ਇਹ ਫਿਜੀ ਦੀ ਨਵੀਂ ਸਰਕਾਰ ਨੂੰ ਕੌੜਾ ਫਿੱਕਾ ਬੋਲ ਸਕਦਾ ਹੈ ਪਰ ਇਸ ਨਾਲ ਵੀ ਕਰਨਲ ਰਾਬੂਕਾ ਨੂੰ ਕੋਈ ਫਰਕ ਨਹੀਂ ਪੈਣਾ। ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਵਜੋਂ ਮਿਆਦ ਪੂਰੀ ਕਰਨ ਤੱਕ ਅਜਿਹੀਆਂ ਕੁਝ ਹੋਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਫਿਜੀ ਦੇ ਭਾਰਤੀ ਨੂੰ ਸਲਾਹ ਦਿੱਤੀ ਜਾ ਰਹੀ ਹੈ ਕਿ ਉਹ ਤਕੜਾ ਰਹੇ। ਪਰ ਕੀ ਉਹ ਬਾਹਰਲੀ ਸਹਾਇਤਾ ਤੇ ਹਮਾਇਤ ਤੋਂ ਬਿਨਾਂ ਤਕੜਾ ਰਹਿ ਸਕੇਗਾ? ਇਸ ਦੀ ਬਹੁਤੀ ਸੰਭਾਵਨਾ ਨਹੀਂ। ਉਥੇ ਦਾ ਭਾਰਤੀ ਭਾਈਚਾਰਾ ਤਿੰਨ ਮੁੱਖ ਭਾਗਾਂ ਵਿਚ ਵੰਡਿਆ ਹੋਇਆ ਹੈ: ਪੇਂਡੂ ਵਸੋਂ, ਵਪਾਰੀ ਲੋਕ ਤੇ ਸਰਕਾਰੀ ਨੌਕਰੀਆਂ ਕਰਨ ਵਾਲੇ। ਨਾ ਵਪਾਰੀ ਤੇ ਨਾ ਸਰਕਾਰੀ ਕਰਮਚਾਰੀ ਮੋੜਵਾਂ ਜਵਾਬ ਦੇ ਸਕਦੇ ਹਨ, ਅਤੇ ਪੇਂਡੂ ਵਸੋਂ ਦੀ ਗਿਣਤੀ ਥੋੜ੍ਹੀ ਹੋਣ ਕਰਕੇ ਇਹ ਵਡੇਰੀ ਸ਼ਕਤੀ ਦਾ ਸਾਹਮਣਾ ਨਹੀਂ ਕਰ ਸਕਦੀ। ਫਿਜੀ ਦੀ ਫੌਜ ਵਿਚ 90 ਪ੍ਰਤੀਸ਼ਤ ਤੋਂ ਜ਼ਿਆਦਾ ਸਥਾਨਕ ਲੋਕ ਹਨ। ਭਾਵੇਂ ਪੁਲੀਸ ਵਿਚ 60 ਪ੍ਰਤੀਸ਼ਤ ਤੋਂ ਵੱਧ ਭਾਰਤੀ ਹਨ ਪਰ ਇਨ੍ਹਾਂ ਕੋਲ ਹਥਿਆਰ ਨਹੀਂ ਹੁੰਦੇ।

ਪੰਨਾ 25 ਦੀ ਬਾਕੀ

ਐਥਨਿਕ ਕਮਿਊਨਿਟੀਆਂ ਅਤੇ ਹੋਰ ਕਨੇਡੀਅਨਾਂ ਨੂੰ ਨਾਲ ਲੈ ਕੇ ਪਰਿਵਾਰ ਲਈ ਬੇਸਮੈਂਟ ਸੁਈਟਾਂ ਤੇ ਕਾਮਯਾਬੀ ਵੱਲ ਜਾ ਰਹੇ ਹਾਂ। ਜੁਆਇਸ ਏਰੀਏ ਦੀ ਕਮੇਟੀ ਉਪਰ ਭੀ ਅਸੀਂ ਸਰਗਰਮ ਕੰਮ ਕੀਤਾ ਜਿਸ ਦੇ ਸਿੱਟੇ ਵਜੋਂ ਉਹ ਕਮੇਟੀ ਭੀ ਪਰਿਵਾਰ ਲਈ ਸੁਈਟਾਂ ਦੇ ਹੱਕ ਵਿਚ ਹੋ ਗਈ ਅਤੇ ਹੁਣ ਤਾਂ ਪ੍ਰਸ਼ਨ ਪੱਤਰ ਦੇ ਜਵਾਬ ਨੇ ਕਿ ਕਿਰਾਏਦਾਰਾਂ ਲਈ ਖੁੱਲ੍ਹ ਦਿਓ ਨੇ, ਹੋਰ ਹੌਂਸਲਾ ਦਿੱਤਾ। ਸਾਡੀ ਲੰਬੀ, ਲਗਾਤਾਰ ਮਸਲੇ ਨੂੰ ਸਾਹਮਣੇ ਰੱਖੇ ਕੇ ਤੇ ਲੋਕਾਂ ਨੂੰ ਸਰਗਰਮ ਕਰ ਇਸ ਥਾਂ ਗੱਲ ਪਹੁੰਚ ਗਈ ਹੈ ਕਿ ਹਾਊਜ਼ਿੰਗ ਦੇ ਪ੍ਰਧਾਨ ਤੇ ਸਿਟੀ ਕੌਂਸਲ ਨੇ ਸਿਟੀ ਪਲੈਨਿੰਗ ਨੂੰ ਆਖਿਆ ਹੈ ਕਿ ਪਰਿਵਾਰ ਲਈ ਬੇਸਮੈਂਟ (ਸੈਕੰਡਰੀ) ਸੁਈਟਾਂ ਨੂੰ ਸਾਰੇ ਸ਼ਹਿਰ ਵਿਚ ਕਾਨੂੰਨੀ ਕਰਨ ਲਈ ਪਲੈਨ, ਤਰੀਕੇ ਤੇ ਨਿਯਮ ਤਿਆਰ ਕੀਤੇ ਜਾਣ। ਪਰ ਅਜੇ ਕੌਂਸਲ ਵਿਚ ਕਾਨੂੰਨੀ ਤੌਰ ਤੇ ਬਾਕਾਇਦਾ ਪਾਸ ਕਰਾਉਣ ਲਈ ਦਬਾਅ ਜਾਰੀ ਰੱਖਾਂਗੇ ਕਿ ਕਿਤੇ ਵਿਚ ਹੀ ਨਾ ਰਹਿ ਜਾਏ। ਸਾਵਧਾਨ ਤੇ ਸਰਗਰਮ ਰਹੋ। ਇਹ ਲੋਕਾਂ ਦੀ ਜਿੱਤ ਹੋਵੇਗੀ।

ਪੰਨਾ 22 ਦੀ ਬਾਕੀ

ਕਿਵੇਂ ਨਿਭੇਗੀ? ਕੀਰਤਨ ਕਿਵੇਂ ਹੋਵੇਗਾ?

ਸਾਡੀ ਸ਼ਖਸੀ ਰਹਿਣ ਵੀ ਅਜੇਹੀ ਨਹੀਂ ਕਿ ਕਿਸੇ ਨੂੰ ਉਤਸ਼ਾਹ ਹੋ ਸਕੇ। ਗੁਰੂ ਮਹਾਰਾਜ ਜੀ ਦੇ ਸਰਬ ਸਾਂਝ ਤੇ ਉਚੇ ਉਪਦੇਸ਼, ਬਾਹਰ ਦੇਸਾਂ ਵਿਚ ਪ੍ਰਚਲਤ ਨਹੀਂ ਹੋ ਸਕਣਗੇ, ਜਿੰਨਾ ਚਿਰ ਅਸੀਂ ਆਪਣੀ ਜੀਵਨੀ, ਗੁਰਬਾਣੀ ਅਨੁਸਾਰ ਨਹੀਂ ਢਾਲਦੇ ਅਤੇ ਫਾਲਤੂ ਬੇਲੋੜੀਆਂ ਰਹਤ ਮਰਯਾਦਾ ਤੋਂ ਵੱਖ ਕਰਕੇ ਨਿਰੋਲ ਗੁਰੂ ਦੀ ਸਿਖਿਆ ਨੂੰ ਹੀ ਸਾਹਮਣੇ ਨਹੀਂ ਕਰਦੇ।

ਗੁਰੂ ਨਾਨਕ ਦੇ ਉਪਦੇਸ਼ ਹਰ ਭਾਂਤ ਦੀ ਸ਼ਰ੍ਹਾ ਸ਼ਰੀਅਤ ਤੋਂ ਰਹਿਤ ਹਨ। ਗੁਰਬਾਣੀ ਬਾਹਰਲੇ ਕਰਮ ਕਾਂਡਾਂ ਨੂੰ ਖੰਡਨ ਕਰਦੀ ਹੈ। ਜਗਤ ਗੁਰੂ ਨਾਨਕ ਦੀ ਬਾਣੀ ਸਾਰੀ ਸ੍ਰਿਸ਼ਟੀ ਲਈ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਕਿਸੇ ਇਕ ਮੁਲਕ, ਮਜ਼ਹਬ, ਕੌਮ ਜਾਂ ਫਿਰਕੇ ਦੀ ਵਰਾਸਤ ਨਹੀਂ ਹਰ ਇਕ ਮਨੁਖ ਚਾਹੇ ਉਹ ਕਿਸੇ ਪ੍ਰਾਂਤ, ਦੇਸ, ਨਸਲ, ਮਜ਼ਹਬ, ਰੰਗ ਢੰਗ, ਵਜ੍ਹਾ ਕਤਾ ਦਾ ਕਿਉਂ ਨ ਹੋਵੇ, ਨੂੰ ਗੁਰਬਾਣੀ ਦੇ ਪੜ੍ਹਨ ਸੁਣਨ ਤੇ ਹਰ ਯੋਗ ਤਰੀਕੇ ਨਾਲ ਲਾਭ ਉਠਾਉਣ ਦਾ ਪੂਰਾ ਹੱਕ ਹੈ।

ਆਮ ਕਿਹਾ ਜਾ ਰਿਹਾ ਹੈ ਕਿ ਨੌਜਵਾਨ, ਪਰਚਾਰ ਦੀ ਕਮੀ ਕਰਕੇ ਗੁਰੂ ਘਰ ਤੋਂ ਦੂਰ ਹੋ ਰਹੇ ਹਨ। ਪਰ ਅਜਿਹਾ ਨਹੀਂ।

ਨੌਜਵਾਨ ਗਲਤ ਪ੍ਰਚਾਰ ਕਰਕੇ ਸਿੱਖੀ ਤੋਂ ਦੂਰ ਜਾ ਰਹੇ ਹਨ, ਪਰਚਾਰ ਦੀ ਕਮੀ ਨਹੀਂ।

# ਵੈਨਕੂਵਰ ’ਚ ਘਰ ਅਤੇ ਸੈਕੰਡਰੀ ਸੁਈਟ

**ਗੁਰਨਾਮ ਸਿੰਘ ਸੰਘੇੜਾ**

ਵੈਨਕੂਵਰ (ਬ੍ਰਿਟਿਸ਼ ਕੁਲੰਬੀਆ) ਜੋ ਬੜਾ ਸੁੰਦਰ ਅਤੇ ਪ੍ਰਸਿਧ ਸ਼ਹਿਰ ਹੈ, ਅਜ ਕਲ੍ਹ ਕੈਨੇਡਾ ਅਮਰੀਕਾ ਦੀਆਂ ਮਿਊਂਸਪਲ (ਸ਼ਹਿਰੀ) ਕਮੇਟੀਆਂ ਦੀਆਂ ਹਾਊਜ਼ਿੰਗ (ਘਰਾਂ) ਸੰਬੰਧੀ ਹੁੰਦੀਆਂ ਮੀਟਿੰਗਾਂ ਵਿਚ ਕਾਫੀ ਚਰਚਾ ਦਾ ਵਿਸ਼ਾ ਹੈ। ਅਪਰੈਲ ਵਿਚ ਸਾਰੇ ਕੈਨੇਡਾ ਦੀ ਮੀਟਿੰਗ ਵਿਚ ਸਭ ਹੋਰ ਨੁਮਾਇੰਦਿਆਂ ਨੇ ਵੈਨਕੂਵਰ ਦੀ ਘਰਾਂ ਅਤੇ ਸੈਕੰਡਰੀ ਸੁਈਟਾਂ (ਬੇਸਮੈਂਟ ਸੁਈਟਾਂ) ਦੀ ਵਾਦ ਵਿਵਾਦ ਵਾਲੀ ਨੀਤੀ ਦੀ ਕਰੜੀ ਨੁਕਤਾਚੀਨੀ ਕੀਤੀ। ਉਹਨਾਂ ਮਾਹਰਾਂ ਨੇ ਵੈਨਕੂਵਰ ਦੇ ਨੁਮਾਇੰਦੇ ਨੂੰ ਆਖਿਆ ਕਿ ਘਰ ਲੋਕਾਂ ਲਈ ਅਤੇ ਬਦਲਦੀਆਂ ਲੋੜਾਂ ਅਨੁਸਾਰ ਹੁੰਦੇ ਹਨ ਅਤੇ ਘਰਾਂ ਦੀ ਪਲੈਨ ਨੂੰ ਸਾਰੇ (ਸਮੁੱਚੇ) ਪੱਖਾਂ ਨੂੰ ਇਕਾਈ ਦੇ ਤੌਰ ਤੇ ਵੇਖਦੇ ਹੋਏ ਬਣਾਉਣਾ ਚਾਹੀਦਾ ਹੈ। ਉਸ ਵਿਚ ਸਮਾਜਕ, ਆਰਥਕ, ਫਿਜ਼ੀਕਲ (ਭੌਤਿਕ/ਪਦਾਰਥਕ) ਆਦਿ ਪੱਖਾਂ ਨੂੰ ਸਮੁੱਚੇ ਚੌਖਟੇ ਵਿਚ ਰੱਖਦੇ ਹੋਏ ਪਲੈਨ ਚਾਹੀਦੀ। ਜਨ-ਸੰਖਿਆ ਅਤੇ ਉਸ ਦੇ ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਕੈਨੇਡਾ ਦੇ ਬਹੁਤ ਸਾਰੇ ਅਤੇ ਖਾਸ ਕਰ ਟਰਾਂਟੋ ਆਦਿ ਸੈਕੰਡਰੀ ਸੁਈਟਾਂ ਆਦਿ ਦੇ ਮਸਲੇ ਨੂੰ ਗੰਧਲਾ ਕਰਨ ਦੀ ਥਾਂ ਹਲ ਵਲ ਤੁਰੇ ਹੋਏ ਹਨ। ਵੈਨਕੂਵਰ ਨੂੰ ਸੋਸ਼ਲ ਪਲੈਨਿੰਗ ਅਤੇ ਆਬਾਦੀ ਦੀਆਂ ਲੋੜਾਂ ਦੇ ਅਨੁਕੂਲ ਹੋਣਾ ਪਵੇਗਾ ਕਿਉਂਕਿ ਪਲੈਨ ਇਕੱਲੇ ਇਕੱਲੇ ਏਰੀਆਂ ਨੂੰ ਧਿਆਨ ਵਿਚ ਰੱਖ ਕੇ ਹੋਣੀ ਚਾਹੀਦੀ ਅਤੇ ਕਈ ਪੱਖਾਂ ਤੇ ਸਮੁੱਚੇ ਸ਼ਹਿਰ ਲਈ ਇਕ ਹੀ।

ਵੈਨਕੂਵਰ ਦਾ ਇਹ ਇਕ ਪਰਿਵਾਰ (ਸਿੰਗਲ ਫੈਮਿਲੀ) ਜ਼ੋਨ ਅੱਸੀ ਸਾਲਾਂ ਵਿਚ ਅਜ ਦੀ ਅਵਸਥਾ ਤੇ ਪਹੁੰਚਾ। ਵੈਨਕੂਵਰ ਦਾ ਸੱਤਰ ਫੀ ਸਦੀ ਇਕ ਪਰਿਵਾਰ ਜ਼ੋਨ ਹੈ। ਵੈਨਕੂਵਰ ਦੇ ਪੰਜਾਹ ਫੀ ਸਦੀ ਘਰ ਸ਼ਹਿਰ ਦੀ ਸੱਤਰ ਫੀਸਦੀ ਜ਼ਮੀਨ ਤੇ ਹਨ ਜੋ ਇਕ ਹੀ ਉਪ-ਨਿਯਮ (ਬਾਈ-ਲਾਅ) ਦੇ ਅਨੁਸਾਰ ਹਨ ਜਿਸ ਨਾਲ ਪਲਾਟ ਦਾ ਘੱਟ ਤੋਂ ਘੱਟ ਸਾਈਜ਼, ਇਕੋ ਜ਼ੋਨ, ਸਿੰਗਲ ਪਰਿਵਾਰ ਆਦਿ ਮੁਤਾਬਿਕ ਘਰਾਂ ਦੀ ਉਸਾਰੀ ਹੋ ਸਕਦੀ ਹੈ। ਇਹ ਗੱਲ ਪਹਿਲੇ ਸਮਿਆਂ ਵਿਚ ਠੀਕ ਹੋ ਸਕਦੀ ਹੈ ਕਿਉਂਕਿ ਆਬਾਦੀ ਘੱਟ ਸੀ ਤੇ ਥਾਂ ਕਾਫੀ ਸੀ। ਹੌਲੀ ਹੌਲੀ ਸ਼ਹਿਰ ਦਾ ਜੁਦੇ ਜੁਦੇ ਇਲਾਕਿਆਂ ਵਿਚ ਸਮ-ਕੇਂਦਰੀ (Concentric) ਤੌਰ ਤੇ ਨਹੀਂ ਹੋਇਆ। ਉਸ ਸਮੇਂ ਆਮ ਲੋਕਾਂ ਦੇ ਘਰ ਭੀ ਦਿੱਤੀ ਹੋਈ ਇਜ਼ਾਜਤ ਦੇ ਸਾਈਜ਼ ਤੋਂ ਛੋਟੇ ਬਣੇ। ਹੁਣ ਨਿਯਮਾਂ ਅਨੁਸਾਰ ਨਵੇਂ ਬਣੇ ਘਰ ਪੂਰੇ ਸਾਈਜ਼ ਦੇ ਹਨ। ਇਲਾਕਿਆਂ ਦੀ ਤੇ ਫਿਜ਼ੀਕਲ ਖਾਸੀਅਤ ਬਦਲ ਰਹੀ ਹੈ। ਪਰਿਵਾਰ ਦੀ ਵਿਆਖਿਆ ਬਦਲ ਗਈ। ਪਹਿਲਾਂ ਐਂਗਲੋ ਸੈਕਸਨ ਤਾਂ ਮਾਂ ਬਾਪ ਤੇ ਨਾ-ਬਾਲਗ ਬੱਚੇ ਸਨ ਪਰ ਹੁਣ ਏਸ਼ੀਆ, ਮੱਧ ਪੂਰਬ, ਅਫਰੀਕਾ ਅਤੇ ਇਟਲੀ, ਪੁਰਤਗਾਲ ਆਦਿ ਦੇ ਲੋਕਾਂ ਦੇ ਆਉਣ ਨਾਲ ਬਾਬੇ ਦਾਦੀ ਤੋਂ ਪੁੱਤ ਪੋਤੇ ਤੱਕ ਦਾ ਪਰਿਵਾਰ ਸਿੰਗਲ ਪਰਿਵਾਰ ਹੈ। ਅੱਜ ਵੈਨਕੂਵਰ ਦੇ ਸਕੂਲਾਂ ਦੇ ਪੰਜਾਹ ਫੀਸਦੀ ਉਹ ਬੱਚੇ ਹਨ ਜਿਹਨਾਂ ਦੀ ਮਾਂ ਬੋਲੀ ਅੰਗਰੇਜ਼ੀ ਨਹੀਂ। ਸੋ ਆਬਾਦੀ ਦੇ ਅਤੇ ਹਾਲਾਤ ਦੇ ਅਨੁਸਾਰ ਹੀ ਨਵੇਂ ਘਰ ਬਣਨੇ ਜਾਂ ਪੁਰਾਣਿਆਂ ਵਿਚ ਬਦਲੀ ਹੋਣੀ ਲਾਜ਼ਮੀ ਹੈ।

ਹੁਣ ਆਰਥਕ ਹਾਲਾਤ ਵੱਖਰੇ ਹਨ ਅਤੇ ਸੋਚਣੀ ਭੀ ਬਦਲਦੀ ਹੈ। ਪਹਿਲਾਂ ਘਰ ਵਿਚ ਇਕ ਬਾਥ ਰੂਮ ਹੁੰਦਾ ਸੀ। ਪੰਜਾਹਵਿਆਂ ਵਿਚ ਇਕ ਗਲੀ ਵਿਚ ਸਿਰਫ ਇਕ ਕਾਰ ਹੁੰਦੀ ਸੀ। ਫਰਿਜ਼ ਸਟੋਵ ਭੀ ਅਜ ਵਾਂਗ ਨਹੀਂ। ਦਸਤਕਾਰੀ ਅਤੇ ਪੁਰਾਣੀ ਕਿਸਮ ਦੀ ਮਸ਼ੀਨਰੀ ਸੀ ਜਿਸ ਵਿਚ ਜ਼ਿਆਦਾ ਮਜ਼ਦੂਰਾਂ ਦੀ ਲੋੜ ਸੀ। ਵਿਦਿਆ ਵਿਚ ਪਛੜੇਵਾਂ ਸੀ। ਅਜ ਦੇ ਬਿਜਲਈ ਯੰਤਰ ਨਹੀਂ ਸਨ। ਪਰ ਅਜ ਹਰ ਪਰਿਵਾਰ ਪਹਿਲਾਂ ਨਾਲੋਂ ਘਰ ਬਣਾਉਣ ਅਤੇ ਉਸ ਵਿਚ ਸਹੂਲਤਾਂ ਬਾਰੇ ਵੱਖਰੇ ਤੌਰ ਤੇ ਵੇਖਦਾ ਹੈ। ਘੱਟੋ ਘੱਟ ਦੋ ਤਿੰਨ ਬਾਥ ਰੂਮ, ਟੀ. ਵੀ. ਰੂਮ, ਫੈਮਿਲੀ ਰੂਮ, ਬੈਠਕ, ਕੱਪੜੇ ਧੋਣ ਲਈ ਮਸ਼ੀਨਾਂ ਲਈ ਥਾਂ, ਬੱਚਿਆਂ ਦੇ ਖੇਲਣ ਜਾਂ ਪੜ੍ਹਨ ਲਈ ਕਮਰਾ ਅਤੇ ਦੋ ਕਾਰਾਂ ਦੀ ਗੈਰਿਜ ਆਦਿ ਦੀ ਅਵੱਸ਼ ਲੋੜ ਸਮਝਦਾ ਹੈ। ਪਹਿਲੇ ਸਮੇਂ ਵਿਚ ਵੱਡੇ ਘਰ ਲਈ ਵੱਡਾ ਲੌਟ ਸਸਤਾ ਮਿਲ ਸਕਦਾ ਸੀ। ਪਰ ਹੁਣ ਆਬਾਦੀ ਦੇ ਵਧਣ ਅਤੇ ਨਵੇਂ ਹਾਲਾਤ ਨੂੰ ਧਿਆਨ ਵਿਚ ਨਾ ਰੱਖਦੇ ਹੋਏ ਸਮਾਂ ਵਿਹਾਜ ਚੁੱਕੇ ਨਿਯਮਾਂ ਨੂੰ ਕਾਇਮ ਰੱਖਣਾ ਕਈ ਮਸਲੇ ਖੜ੍ਹੇ ਕਰਦਾ ਹੈ। ਘਰਾਂ ਦੀ ਬਣਤਰ ਨਾਲ ਤਾਂ ਆਬਾਦੀ ਦੀ ਉਮਰ ਦਾ ਭੀ ਸੰਬੰਧ ਹੈ। ਜਿਵੇਂ ਛੋਟੇ ਘਰਾਂ ਵਿਚ ਰਹਿ ਰਹੇ ਅੱਧ ਖੜ ਜਾਂ ਬਜ਼ੁਰਗ ਹੋਰ ਢੰਗ ਨਾਲ ਵੇਖਦੇ ਹਨ ਪਰ ਨਵੀਂ ਪਨੀਰੀ ਅਤੇ ਨੌਜੁਆਨ ਅੱਜ ਦੇ ਢੰਗ ਨਾਲ ਵੇਖਦੇ ਹਨ। ਸਿੰਗਲ ਪਰਿਵਾਰ ਦੇ ਜ਼ੋਨ ਨੂੰ ਵੱਖੋ ਵੱਖਰੇ ਲੋਕ ਵੱਖਰੇ ਢੰਗ ਅਤੇ ਨੁਕਤੇ ਤੋਂ ਵੇਖਦੇ ਤੇ ਆਸ ਰੱਖਦੇ ਹਨ। ਜ਼ਮੀਨ ਘੱਟ ਹੈ ਸੋ ਬਹੁਤ ਮਹਿੰਗੀ ਹੈ ਜਿਸ ਲਈ ਮਹਿੰਗੇ ਭਾਅ ਤੇ ਖਰੀਦੀ ਹੋਈ ਜ਼ਮੀਨ ਉਪਰ ਛੋਟਾ ਘਰ ਪਾਉਣਾ ਆਰਥਕ, ਮਾਇਕ ਪੱਖ ਤੋਂ ਘਾਟੇ ਵਾਲਾ ਸੌਦਾ ਹੈ।

ਕਿਉਂਕਿ ਪੁਰਾਣੀ ਤਰਜ਼ ਦਾ ਸਿੰਗਲ ਪਰਿਵਾਰ ਜ਼ੋਨ ਭਾਰੂ ਹੈ ਸੋ ਲੋਕਾਂ ਦੇ ਰਹਿਣ ਲਈ ਥਾਂ ਦੀ ਘਾਟ ਹੈ। ਕੁਝ ਧਨੀਆਂ ਨੂੰ ਕਈ ਸੁਈਟਾਂ ਤੇ ਅਪਾਰਟਮੈਂਟਾਂ ਦੀ ਖੁੱਲ ਮਿਲਦੀ ਹੈ ਪਰ ਫਿਰ ਭੀ ਕੋਈ ਤੀਹ ਹਜ਼ਾਰ ਪਰਿਵਾਰ "ਇਕ ਪਰਿਵਾਰ" ਵਾਲੇ ਜ਼ੋਨ ਵਿਚ ਬੇਸਮੈਂਟਾਂ ਜਾਂ ਸੈਕੰਡਰੀ ਸੁਈਟ ਵਿਚ ਰਹਿੰਦਾ ਹੈ। ਵੈਨਕੂਵਰ ਦੀ ਕੌਂਸਲ ਨੇ ਇੰਨੇ ਕਿਰਾਏਦਾਰ ਜਾਂ ਬੇਸਮੈਂਟ ਸੁਈਟਾਂ ਵਿਚ ਰਹਿੰਦੇ ਲੋਕਾਂ ਦੇ ਮਸਲੇ ਨੂੰ ਇਨਸਾਨੀ ਪੱਖ ਤੋਂ ਵੇਖਣ ਦੀ ਥਾਂ ਇਕ ਸ਼ੈਅ ਅਤੇ ਇਕ ਮਸਲੇ ਦੇ ਤੌਰ ਤੇ ਵੇਖ ਕੇ ਡੰਡਾ ਫੜ ਲਿਆ। ਕਈ ਨਸਲਵਾਦੀਆਂ ਅਤੇ ਅਪਾਰਟਮੈਂਟ ਦੇ ਮਾਲਕਾਂ ਨੇ ਆਪਣੇ ਪੱਖ ਤੋਂ ਜ਼ੋਰ ਪਾਇਆ। ਨਾਮ-ਮਾਤਰ ਗਿਣਤੀ ਦੇ ਆਖੇ ਤੇ 22 ਅਕਤੂਬਰ 1986 ਤੋਂ ਨਵੇਂ ਘਰਾਂ ਵਿਚ ਦੂਜੀ ਕਿਚਨ ਬਣਾਉਣ ਤੇ ਪਾਬੰਦੀ ਲਾ ਦਿੱਤੀ। ਕਈ ਗੈਰ ਜ਼ਿੰਮੇਵਾਰ ਤੇ ਨਸਲਵਾਦੀ ਧਾਰਾ ਦੇ ਲੋਕ ਇਹ ਭੀ ਆਖਦੇ ਹਨ ਕਿ ਪਰਿਵਾਰ ਕਿੰਨੇ ਬੰਦਿਆਂ ਦਾ ਹੈ, ਉਸ ਵਾਰੇ ਉਪ-ਨਿਯਮ ਬਣਾਉ ਜਿਵੇਂ "ਮਾਂ ਬਾਪ ਤੇ 18 ਸਾਲ ਤੋਂ ਥੱਲੇ ਚਾਰ ਬੱਚੇ ਉਹਨਾਂ ਇਹ ਭੀ ਧੁਮਾਇਆ ਕਿ ਭਾਰੀ ਬਹੁ-ਗਿਣਤੀ ਲੋਕ ਬੇਸਮੈਂਟ ਸੁਈਟਾਂ ਦੇ ਵਿਰੁੱਧ ਹਨ। ਪਰ ਇਹ ਗਲਤ ਸਾਬਤ ਹੋਇਆ ਜਿਵੇਂ ਜੁਆਇਸ ਏਰੀਏ ਵਿਚ ਹਰ ਘਰ ਵਿਚ ਵੱਡੇ ਪ੍ਰਸ਼ਨ ਪੱਤਰ ਤੋਂ ਸਾਬਤ ਹੋਇਆ। ਕੁਝ ਸਟਰੀਟਾਂ ਤੋਂ ਬਿਨਾਂ ਇਸ ਇਲਾਕੇ ਦੇ ਬਹੁ-ਗਿਣਤੀ ਲੋਕਾਂ ਨੇ ਆਖਿਆ ਹੈ ਕਿ ਘਰਾਂ ਵਿਚ ਕਿਰਾਏ ਤੇ ਦੇਣ ਲਈ ਸੁਈਟਾਂ ਤੇ ਬੇਸਮੈਂਟ ਸੁਈਟਾਂ ਦੀ ਇਜ਼ਾਜਤ ਦਿਤੀ ਜਾਂ ਪਰ ਉਸ ਲਈ ਪਰਮਿਟ ਲਵੇ ਅਤੇ ਕੁਝ ਵਾਧੂ ਟੈਕਸ ਹੋਣ। (ਪ੍ਰਸ਼ਨ ਪੱਤਰ ਦੇ ਨਤੀਜਿਆਂ ਵਾਰੇ ਅਗਲੇ ਹਫਤੇ)।

ਵੈਨਕੂਵਰ ਕੌਂਸਲ ਨੇ 1984 ਵਿਚ ਇਕ ਵੈਨਕੂਵਰ ਪਲੈਨ ਬਣਾਈ ਸੀ ਕਿ ਘਰਾਂ ਦੇ ਮਸਲੇ ਨੂੰ ਕੰਮ, ਦਸਤਕਾਰੀ, ਟਰਾਂਸਪੋਰਟ, ਦਫਤਰਾਂ ਦੀ ਥਾਂ, ਆਬਾਦੀ-ਗਿਣਤੀ ਤੇ ਬਦਲਦਾ ਖਾਸਾ, ਪਾਣੀ ਦਾ ਨਿਕਾਸ ਅਤੇ ਆਮ ਲੋਕਾਂ ਲਈ ਪਹੁੰਚ (ਮਾਇਕ ਤੌਰ ਤੇ) ਅੰਦਰ ਘਰ ਆਦਿ। ਸੰਘਣੀ ਆਬਾਦੀ ਅਤੇ ਖਾਸ ਇਲਾਕੇ ਅਤੇ ਖਾਲੀ ਪਈ ਜ਼ਮੀਨ ਨੂੰ ਥੋੜੀ ਕੀਮਤ ਵਾਲੇ ਘਰਾਂ, ਟਾਊਨ ਹਾਊਸ ਆਦਿ ਲਈ ਵਰਤਣਾ। ਹਾਊਜ਼ਿੰਗ ਪ੍ਰੋਗਰਾਮ ਲਈ :— (1) ਘਰਾਂ ਦੀ ਹੋਰ ਉਸਾਰੀ; ਇਲਾਕਿਆਂ ਵਿਚ ਵਧ ਰਹੀ ਆਬਾਦੀ ਅਤੇ ਉਸ ਦੀ ਖਾਸੀਅਤ (ਵੱਡਾ ਸਾਂਝਾ ਪਰਿਵਾਰ ਜਾਂ ਕਿਰਾਏਦਾਰ ਤੇ ਉਸ ਦੀ ਹਾਲਤ) ਅਤੇ ਤੀਜੇ ਸੋਸ਼ਲ ਹਾਊਜ਼ਿੰਗ (ਸਸਤੇ)। "ਵੈਨਕੂਵਰ ਪਲੈਨ" ਨੇ ਇਸ ਗਲ ਤੇ ਵੇਖਣਾ ਸੀ ਕਿ ਕਿਹੜੇ ਇਲਾਕੇ ਸੰਘਣੀ ਆਬਾਦੀ ਲਈ ਹੋਣ, ਕਿਹੜੀ ਨਵੀਂ ਥਾਂ ਤੇ ਘਰ ਬਣਾਏ ਜਾਣ (ਜਿਵੇਂ ਚੈਂਪਲੇਨ ਹਾਈਟਸ ਤੇ ਕੀਤਾ)। ਅਤੇ ਏਰੀਆ ਜਾਂ ਥਾਂ ਭੀ ਉਹ ਹੋਵੇ ਜਿਥੇ ਪਾਣੀ ਦਾ ਨਿਕਾਸ (ਸੁਅਰ) ਆਦਿ ਹੋਵੇ। ਪਬਲਿਕ ਖਰਚ ਘੱਟ ਤੋਂ ਘੱਟ, ਏਰੀਏ ਦੀ ਕਮਿਊਨਿਟੀ ਉਸ ਪਲੈਨ ਨੂੰ ਸਵੀਕਾਰ ਕਰੇ, ਉਥੇ ਵੱਧ ਤੋਂ ਵੱਧ ਬੰਦੇ ਰਹਿ ਸਕਣ ਅਤੇ ਏਰੀਏ ਦੀ ਕਮਿਊਨਿਟੀ ਦੀ ਬਦਲਦੀ ਨੁਹਾਰ ਅਤੇ ਲੋੜਾਂ ਨੂੰ ਭੀ ਧਿਆਨ ਵਿਚ ਰੱਖਿਆ ਜਾਵੇ। ਇਹ ਭੀ ਹੈ ਕਿ ਸੈਕੰਡਰੀ ਸੁਈਟਾਂ ਦੇ ਮਸਲੇ ਨੂੰ ਭੀ ਉਸਾਰੂ ਢੰਗ ਨਾਲ ਲੋਕ ਪੱਖ ਤੋਂ ਹੱਲ ਕੀਤਾ ਜਾਵੇ। ਏਰੀਏ ਦੀ ਦਿੱਖ ਸੋਹਣੀ ਬਣੇ। ਸ਼ਹਿਰ ਦੀ ਕੌਂਸਲ ਨੂੰ ਇਹ ਜ਼ਰੂਰ ਵੇਖਣਾ ਚਾਹੀਦਾ ਹੈ ਕਿ ਉਹ ਘਰ ਜਿਹਨਾਂ ਵਿਚ ਅਖੌਤੀ "ਗੈਰ ਕਾਨੂੰਨੀ" ਸੁਈਟ ਹਨ, ਉਹਨਾਂ ਉਪਰ ਸ਼ਹਿਰ ਦਾ ਕੋਈ ਖਰਚ ਨਹੀਂ। ਕੂੜਾ ਚੁੱਕਣ ਅਤੇ ਹੋਰ ਆਮ ਸਰਵਿਸਿਜ਼ ਉਪਰ ਨਾਮ-ਮਾਤਰ ਵਾਧੂ ਖਰਚ ਹੈ ਜੋ ਸੁਈਟਾਂ ਵਾਲਿਆਂ ਤੋਂ ਲਿਆ ਜਾ ਸਕਦਾ ਹੈ। ਜਾਂ ਜੇ ਸੇਹਤ ਤੇ ਅੱਗ ਲੱਗਣ ਦੇ ਪੱਖ ਤੋਂ ਠੀਕ ਨਹੀਂ, ਉਹਨਾਂ ਨੂੰ ਠੀਕ ਕਰਨ ਲਈ ਆਖ ਸਕਦੀ ਹੈ। ਸ਼ਹਿਰ ਦੇ ਵੱਖੋ ਵੱਖਰੇ ਮਹਿਕਮੇ ਨੇ ਜੋ ਖਰਚ ਤੇ ਵਿਸਥਾਰ ਦੱਸੇ ਹਨ ਉਸ ਅਨੁਸਾਰ ਘਰਾਂ ਵਿਚ ਸੈਕੰਡਰੀ ਸੁਈਟਾਂ ਤੇ ਬੇਸਮੈਂਟ ਵਿਚ ਪਰਿਵਾਰ ਰਹਿਣ ਨਾਲ ਉਸ ਏਰੀਏ ਦੇ ਗੰਦੇ ਪਾਣੀ ਦੇ ਨਿਕਾਸ ਤੇ ਭਾਰ ਪੈਣ ਤੋਂ ਬਿਨਾਂ ਕੋਈ ਖਾਸ ਅਸਰ ਨਹੀਂ। ਪਰ ਕਾਰਾਂ ਦੀ ਪਾਰਕਿੰਗ ਆਦਿ ਦੀ ਗੰਭੀਰ ਸਮੱਸਿਆ ਦੱਸੀ ਗਈ ਹੈ। ਸੋ ਇਹ ਰੌਲਾ ਵੋਟ ਮਸਲਾ ਭੀ ਹੈ। ਘੱਟ ਤਨਖਾਹ ਵਾਲੇ ਲੋਕਾਂ ਦਾ ਭੀ ਸੋਚਣਾ ਜ਼ਰੂਰੀ ਹੈ। ਕ੍ਰਿਰਾਏਦਾਰਾਂ ਨੇ ਭੀ ਕਿਤੇ ਰਹਿਣਾ ਹੈ। ਕੌਂਸਲ ਇਹ ਕਿਉਂ ਜ਼ੋਰ ਦਿੰਦੀ ਹੈ ਕਿ ਬੇਸਮੈਂਟਾਂ ਵਿਚੋਂ ਕੱਢ ਕੇ ਅਪਾਰਟਮੈਂਟ ਵਿਚ ਵਾੜੇ ਜਾਣ? ਧਨੀਆਂ ਦੀ ਜਮਾਤੀ ਸਾਂਝ। ਘਰਾਂ ਦੀ ਵੰਡ ਅਤੇ ਜਿਸ ਢੰਗ ਨਾਲ ਜ਼ੋਨਿੰਗ ਹੈ "ਉਹ ਗਲਤ, ਅਯੋਗ ਅਤੇ ਨਾ ਬਰਾਬਰੀ ਵਾਲੀ ਹੈ (ਪਲੈਨਿੰਗ ਡੀਪਾਰਟਮੈਂਟ) ਨਵੀਂ ਖਾਲੀ ਥਾਂ ਤੇ ਬਹੁਤ ਸਾਰੇ ਘਰ ਬਣਾਉਣਾ ਜਾਂ ਪੁਰਾਣੇ ਨੂੰ ਢਾਅ ਕੇ ਨਵਾਂ ਬਣਾਉਣਾ ਆਰਥਕ (ਮਾਇਕ) ਪੱਖ ਤੋਂ ਸਸਤਾ ਪੈਂਦਾ ਹੈ। ਪੁਰਾਣੀ ਥਾਂ ਸਾਰੀਆਂ ਸਰਵਿਸਿਜ਼ ਪਹਿਲਾਂ ਹੀ ਹੁੰਦੀਆਂ ਹਨ (ਇਥੋਂ ਤੱਕ ਕਿ ਟਰਾਂਸਪੋਰਟ) ਅਤੇ ਨਵੀਂ ਥਾਂ ਤੇ ਇਕੱਠੀਆਂ ਨੂੰ ਬਣਾਉਣਾ ਭੀ ਸਸਤਾ ਪੈਂਦਾ ਹੈ। ਪੁਰਾਣੇ ਛੋਟੇ ਢਾਹੇ ਜਾ ਰਹੇ ਘਰਾਂ ਦੀ ਥਾਂ ਨਵੇਂ ਘਰਾਂ ਕਿਚਨ ਅਤੇ ਸੈਕਿੰਡ ਸੁਈਟ ਦੀ ਖੁੱਲ੍ਹ ਦੇਣਾ ਭੀ ਸਿਟੀ ਲਈ ਲਾਭਦਾਇਕ ਹੈ। ਚੰਗੀ ਹਾਲਤ ਵਾਲੇ ਪੁਰਾਣੇ ਘਰਾਂ ਵਿਚ ਭੀ ਨਿਯਮ ਅਨੁਸਾਰ ਇਜ਼ਾਜਤ ਦੇਣਾ ਠੀਕ ਰਹੇਗਾ। ਇਕ ਏਰੀਏ ਵਿਚ ਹੀ ਕਈ ਕਿਸਮ ਦੇ ਸਿੰਗਲ ਪਰਿਵਾਰ ਤੋਂ ਬਹੁ-ਪਰਿਵਾਰ ਤਕ ਦੇ ਘਰ ਬਣਾਏ ਜਾ ਸਕਦੇ ਹਨ। ਇਸ ਕੰਮ ਲਈ ਸਿੰਗਲ ਪਰਿਵਾਰ ਜ਼ੋਨ ਨੂੰ ਬਦਲਣਾ ਜ਼ਰੂਰੀ ਹੈ ਜਿਸ ਲਈ ਕੌਂਸਲ ਤੇ ਦਬਾਅ ਪਾਇਆ ਜਾ ਰਿਹਾ ਹੈ। ਇਕ ਉਚ ਕੋਟੀ ਦੇ ਸਮਾਜਿਕ ਪਲੈਨਰ ਨੇ ਦੱਸਿਆ ਕਿ ਉਹ ਇਹ ਜਾਨਣਾ ਚਾਹੁੰਦੀ ਹੈ ਕਿ ਸੰਗਲ ਪਰਿਵਾਰ ਜ਼ੋਨ ਦੀ ਕਾਢ ਵਾਲਾ ਬੰਦਾ ਕੌਣ ਸੀ ਅਤੇ ਇਹ ਇਕ ਫਜ਼ੂਲ ਕਿਸਮ ਦਾ ਜ਼ੋਨ ਹੈ। ਘਰਾਂ ਦੇ ਸਾਈਜ਼ ਦੇ ਮਸਲੇ ਤੇ ਭੀ ਉਹ ਵੱਡੇ (ਪਰ ਬਹੁਤ ਹੀ ਵੱਡੇ ਨਹੀਂ) ਘਰ ਦੇ ਹੱਕ ਵਿਚ ਹੈ।

ਇਕ ਸਟੱਡੀ ਨੇ ਇਹ ਭੀ ਸਾਬਤ ਕੀਤਾ ਕਿ ਪੁਰਾਣੇ ਛੋਟੇ ਘਰ ਢਾਹੁਣ ਨਾਲ ਤੇ ਨਵੇਂ ਬਣਨ ਨਾਲ ਆਮ ਤਨਖਾਹ ਵਾਲੇ ਘਰ ਤੋਂ ਵਾਂਝੇ ਨਹੀਂ ਹੁੰਦੇ। ਵੱਡੇ ਘਰ ਵਿਚ ਬੇਸਮੈਂਟ ਵਿਚ ਪਰਿਵਾਰ ਜਾਂ ਕਿਰਾਏਦਾਰ ਦੇ ਰਹਿਣ ਨਾਲ ਤਿੰਨ ਧਿਰਾਂ ਨੂੰ ਮੱਦਦ ਹੁੰਦੀ ਹੈ — ਘਰ ਵਾਲੇ ਨੂੰ, ਬੇਸਮੈਂਟ ਵਿਚ ਰਹਿਣ ਵਾਲੇ ਨੂੰ ਅਤੇ ਸਿਟੀ ਨੂੰ (ਕਿਰਾਏਦਾਰ ਦਾ ਫਿਕਰ ਨਹੀਂ ਅਤੇ ਸਗੋਂ ਕਾਨੂੰਨੀ ਇਜ਼ਾਜਤ ਦੇ ਕੇ ਜੰਨ ਸੰਖਿਆ ਦੇ ਆਧਾਰ ਤੇ ਫੈਡਰਲ ਸਰਕਾਰ ਤੋਂ ਵੱਧ ਗਰਾਂਟ ਮਿਲਦੀ ਹੈ)। ਸ਼ਹਿਰ ਦੀਆਂ ਸੇਵਾਵਾਂ ਤੇ ਭੀ ਹੋਰ ਖਰਚ ਨਹੀਂ ਕਰਨਾ ਪੈਂਦਾ। ਸੈਕੰਡਰੀ ਸੁਈਟਸ ਦੀ ਖੁੱਲ੍ਹ ਨਾਲ ਘੱਟ ਤਨਖਾਹ ਵਾਲਿਆਂ, ਬਜ਼ੁਰਗਾਂ, ਵਿਦਿਆਰਥੀਆਂ, ਸਿੰਗਲ ਮਾਵਾਂ, ਬੇ-ਰੁਜ਼ਗਾਰਾਂ ਆਦਿ ਨੂੰ ਸਹਾਇਤਾ ਹੁੰਦੀ ਹੈ। ਵੈਨਕੂਵਰ ਵਿਚ ਪੰਜਾਹ ਹਜ਼ਾਰ ਹੋਰ ਯੂਨਿਟ ਬਣਨੇ ਚਾਹੀਦੇ ਹਨ ਜਿਸ ਨਾਲ ਦੋ ਲੱਖ ਸੱਠ ਹਜ਼ਾਰ ਯੂਨਿਟ ਹੋ ਜਾਣਗੇ। ਅਤੇ ਵੈਨਕੂਵਰ ਦੀ ਪੂਰੀ ਉਨਤੀ ਲਈ ਘਰਾਂ ਦੇ ਸਟੌਕ ਵਿਚ ਪੰਜਾਹ ਫੀਸਦੀ ਵਾਧਾ ਹੋਣਾ ਚਾਹੀਦਾ ਹੈ। (ਵੈਨਕੂਵਰ ਪਲੈਨ) ਭਾਵ ਪੰਜਾਹ ਫੀਸਦੀ ਹੋਰ ਘਰ ਬਣਨੇ ਚਾਹੀਦੇ ਹਨ। ਗਰੇਟਰ ਵੈਨਕੂਵਰ ਵਿਚ ਘਰਾਂ ਦਾ ਅਠਵੰਜਾ ਫੀਸਦੀ ਵਾਧਾ (ਇਕ ਲੱਖ ਦਸ ਹਜ਼ਾਰ) ਹੋਇਆ। ਵੈਨਕੂਵਰ ਸ਼ਹਿਰ ਦਫਤਰਾਂ ਦੀ ਥਾਂ ਵਿਚ ਤਿਗਣਾ ਵਾਧਾ ਹੋਣ ਦੀ ਸੰਭਾਵਨਾ ਹੈ। ਸੋ ਆਬਾਦੀ ਭੀ ਵਧੇਗੀ।

ਸੋ ਸਿਟੀ ਕੌਂਸਲ ਨੂੰ ਚਾਹੀਦਾ ਹੈ ਕਿ ਬਦਲਦੀ ਕਮਿਊਨਿਟੀ ਦੀਆਂ ਬਦਲਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਘਰਾਂ ਦੀ ਬਣਤਰ ਵਾਰੇ ਇਜ਼ਾਜਤ ਦੇਣੀ ਚਾਹੀਦੀ ਹੈ। ਇਲਾਕੇ ਦੀ ਨੁਹਾਰ ਵੇਖਣੀ ਹੈ। ਸਮੇਂ ਨਾਲ ਲੋੜਾਂ ਬਦਲਦੀਆਂ ਹਨ। ਕੌਂਸਲ ਸੋਚ ਰਹੀ ਹੈ ਕਿ ਇਕੱਲੇ ਇਕੱਲੇ ਹਲਕੇ ਵਾਰੇ ਵੱਖਰੀ ਵੱਖਰੀ ਪਲੈਨ ਹੋਵੇ ਤੇ ਜ਼ੋਨਿੰਗ ਭੀ ਉਸ ਅਨੁਸਾਰ। ਪਲੈਨਿੰਗ ਵਾਲੇ ਘਰਾਂ ਦੀ ਉਚਾਈ ਘਟਾਉਣ ਅਤੇ ਕੁਝ ਹਿਸਾ ਜ਼ਮੀਨ ਵਿਚ ਕਰਨ ਲਈ ਸੋਚ ਰਹੇ ਹਨ। ਕੀ ਗੈਰਜ ਘਰ ਨਾਲ ਲਗਦੀ ਹੋਵੇ ਜਾਂ ਜੁਦੀ ਪਿਛਲੀ ਗਲੀ ਤੇ। ਗਲੀ ਤੇ ਘਰ ਦੇ ਅੱਗੇ 24 ਫੁੱਟ ਦੀ ਥਾਂ ਨੂੰ ਘਟਾਉਣ ਅਤੇ ਪਿਛਲਾ ਯਾਰਡ ਵੱਡਾ ਛੱਡਣ ਵਾਰੇ ਵਿਚਾਰ ਹੋ ਰਹੀ ਹੈ। ਇਹ ਭੀ ਹੈ ਕਿ ਪਿਛਲੇ ਸਾਰੇ ਯਾਰਡ ਨੂੰ ਪਿਛਲੀ ਗਲੀ ਤੱਕ ਸੀਮੇਂਟ ਕਰਨ ਦੀ ਖੁੱਲ੍ਹ ਨਾ ਦੇਣ ਦੀ ਭੀ ਸਕੀਮ ਹੈ। ਘਰ ਦੀ ਛੱਤਣ ਦੀ ਥਾਂ ਨੂੰ ਘਟਾਉਣ ਦੀ ਤਜਵੀਜ਼ ਪੱਕੀ ਕਰ ਰਹੇ ਹਨ। ਪਰ ਇਸ ਨਾਲ ਛੋਟੇ ਲਾਟਾਂ ਵਾਲਿਆਂ ਤੇ ਜ਼ਿਆਦਾ ਮਾੜਾ ਅਸਰ ਪਏਗਾ। ਛੋਟੇ ਲਾਟ ਤੇ ਘਰ ਦਾ ਸਾਈਜ਼ ਘਟਾਉਣ ਵਾਲੇ ਅਸੀਂ ਸਿਟੀ ਨੂੰ ਮਿਲੇ ਤਾਂ ਉਹ ਮੁੜ ਵਿਚਾਰ ਕਰਨ ਲਈ ਤਿਆਰ ਹੈ। ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਲੋਕ ਕਿੰਨੇ ਚੇਤੰਨ ਹਨ ਅਤੇ ਸਿਟੀ ਕੌਂਸਲ ਨੂੰ ਕਿੰਨੀਆਂ ਚਿੱਠੀਆਂ ਆਦਿ ਲਿਖਦੇ ਹਨ।

ਪਲੈਨਿੰਗ ਵਾਲੇ ਇਹ ਭੀ ਸੋਚ ਰਹੇ ਹਨ ਕਿ ਜੁਦੇ ਜੁਦੇ ਇਲਾਕੇ ਵਿਚ, ਗਲੀ ਵਿਚ ਕਿਹੋ ਜਿਹੇ ਘਰ ਹਨ ਅਤੇ ਉਸ ਅਨੁਸਾਰ ਨਵੇਂ ਘਰ ਲਈ ਇਜ਼ਾਜਤ ਹੋਵੇ। ਉਸ ਦੇ ਅਨੁਸਾਰ ਹੀ ਜ਼ੋਨ। ਹੁਣ ਘਰਾਂ ਦੇ ਸਾਈਜ਼ ਵਾਰੇ ਮਸਲਾ ਆਉਣ ਵਾਲਾ ਹੈ। ਬੇਸਮੈਂਟ ਸੁਈਟਾਂ ਦੇ ਮਸਲੇ ਤੇ ਕਈ ਪਿੱਛੇ ਖਿਚੂ, ਅਪਾਰਟਮੈਂਟਾਂ ਵਾਲੇ ਅਤੇ ਨਸਲਵਾਦੀ ਸਰਗਰਮ ਹਨ ਕਿ ਪਰਿਵਾਰ ਲਈ ਭੀ ਬੇਸਮੈਂਟ ਸੁਈਟ ਦੀ ਇਜ਼ਾਜਤ ਨਾ ਮਿਲੇ। ਪਰ ਈਸਟ ਇੰਡੀਅਨ ਵਰਕਰਜ਼ ਦੀਂ ਸੁਚੱਜੀ ਮੁਹਿੰਮ ਅਤੇ ਭਾਰਤੀਆਂ, ਹੋਰ

ਬਾਕੀ ਪੰਨਾ 24 ’ਤੇ

# ਪਾਕਿਸਤਾਨ ਵਿਚ ਮੰਦਰਾਂ ਅਤੇ ਗੁਰਦੁਆਰਿਆਂ ਦੀ ਮੰਦੀ ਹਾਲਤ

**ਹਰਬੀਰ ਸਿੰਘ ਭੰਬਰ**

ਪਿਛਲੇ ਦਿਨਾਂ ਵਿਚ ਪਾਕਿਸਤਾਨ ਵਿਚ ਅਨੇਕਾਂ ਹਿੰਦੂ ਮੰਦਰਾਂ ਉਤੇ ਜਨੂੰਨੀ ਮੁਸਲਮਾਨਾਂ ਵਲੋਂ ਹਮਲੇ ਕਰਨ ਜਾਂ ਬੇਅਦਬੀ ਕਰਨ ਦੀਆਂ ਖਬਰਾਂ ਆਈਆਂ ਹਨ। ਹਿੰਦੂਆਂ ਉਤੇ ਵੀ ਹਮਲੇ ਕੀਤੇ ਗਏ। ਸ੍ਰੀ ਰਾਮ ਜਨਮ ਭੂਮੀ ਦੇ ਦੁਆਰ ਇਕ ਅਦਾਲਤ ਵਲੋਂ ਖੋਲ੍ਹੇ ਜਾਣ ਉਤੇ ਭਾਰਤ ਵਿਚ ਹੋਏ ਪ੍ਰਤੀਕਰਮ ਦਾ ਪਾਕਿਸਤਾਨ ਵਿਚ ਵੀ ਅਸਰ ਪਿਆ ਹੈ ਜਦੋਂ ਕਦੀ ਵੀ ਭਾਰਤ ਵਿਚ ਹਿੰਦੂ ਮੁਸਲਮ ਫਸਾਦ ਹੋਏ ਜਾਂ ਫਿਰਕੂ ਤਣਾਅ ਵਧਿਆ, ਇਸਦਾ ਅਸਰ ਪਾਕਿਸਤਾਨ 'ਤੇ ਵੀ ਪੈਂਦਾ ਰਿਹਾ।

ਦੇਸ਼ ਦੀ ਵੰਡ ਸਮੇਂ ਅਗਸਤ 1947 ਵਿਚ ਲੱਖਾਂ ਹੀ ਹਿੰਦੂਆਂ ਅਤੇ ਸਿੱਖਾਂ ਨੂੰ ਪਾਕਿਸਤਾਨ ਕਹਿਲਾਉਣ ਵਾਲੇ ਹਿੱਸੇ ਨੂੰ ਛੱਡ ਕੇ ਭਾਰਤ ਆਉਣਾ ਪਿਆ। ਉਹ ਜਿਥੇ ਆਪਣੇ ਘਰ, ਕਾਰੋਬਾਰ, ਜ਼ਮੀਨ, ਜਾਇਦਾਦਾਂ ਛੱਡ ਕੇ, ਲੁੱਟ ਪੁੱਟ ਕੇ, ਆਪਣੇ ਪਰਿਵਾਰ ਦੇ ਕਈ ਮੈਂਬਰ ਜਨੂੰਨੀ ਮੁਸਲਮਾਨਾਂ ਤੋਂ ਸ਼ਹੀਦ ਕਰਾਕੇ ਇਧਰ ਆਏ, ਉਥੇ ਉਹ ਆਪਣੇ ਹਜ਼ਾਰਾਂ ਹੀ ਇਤਿਹਾਸਕ ਮੰਦਰ ਅਤੇ ਗੁਰਦੁਆਰੇ ਉਧਰ ਮਜ਼ਬੂਰਨ ਛੱਡ ਆਏ ਹਨ। ਇਨ੍ਹਾਂ ਸਾਰੇ ਗੁਰਦੁਆਰਿਆਂ ਅਤੇ ਮੰਦਰਾਂ ਦੀ ਦੇਖ ਭਾਲ ਪਾਕਿਸਤਾਨ ਸਰਕਾਰ ਵਲੋਂ ਬਣਾਇਆ ਗਿਆ "ਔਕਾਫ ਬੋਰਡ" ਕਰ ਰਿਹਾ ਹੈ।

ਸ੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ ਅਤੇ ਲਾਹੌਰ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਨ ਲਈ ਮੈਂ ਭਾਰਤ ਤੋਂ ਜਾਣ ਵਾਲੇ ਯਾਤਰੀਆਂ ਦੇ ਜਥੇ ਨਾਲ ਤਿੰਨ ਵਾਰੀ ਪਾਕਿਸਤਾਨ ਗਿਆ ਹਾਂ। ਮੈਂ ਵੇਖਿਆ ਕਿ ਉਧਰਲੇ ਮੰਦਰ ਅਤੇ ਗੁਰਦੁਆਰੇ ਵੀਰਾਨ ਪਏ ਹਨ। ਸੁੰਨਸਾਨ ਪਏ ਹਨ-ਉਨ੍ਹਾਂ ਦੀ ਹਾਲਤ ਚੰਗੀ ਨਹੀਂ ਹੈ-ਖਾਸ ਕਰ ਮੰਦਰ ਤਾਂ ਢਹਿ ਢੇਰੀ ਹਾਲਤ ਵਿਚ ਪਏ ਹਨ ਅਤੇ ਸਮੇਂ ਦੇ ਬੀਤਣ ਨਾਲ ਢਹਿ ਢੇਰੀ ਹੋ ਜਾਣਗੇ-ਪਹਿਲਾਂ ਖੰਡਰਾਤ ਬਣ ਜਾਣਗੇ ਅਤੇ ਹੌਲੀ ਹੌਲੀ ਇਹ ਖੰਡਰਾਤ ਵੀ ਅਲੋਪ ਹੋ ਜਾਣਗੇ। ਇਸ ਸਮੇਂ ਪਾਕਿਸਤਾਨ ਵਿਚ ਹਿੰਦੂਆਂ ਅਤੇ ਸਿੱਖਾਂ ਦੀ ਆਬਾਦੀ ਨਾ-ਮਾਤਰ ਹੈ। ਸੂਬਾ ਸਿੰਧ ਵਿਚ ਕਈ ਲੱਖ ਹਿੰਦੂ ਰਹਿੰਦੇ ਹਨ ਜੋ ਗੁਰਪੁਰਬਾਂ ਸਮੇਂ ਸ੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ ਅਤੇ ਗੁ. ਡੇਹਰਾ ਸਾਹਿਬ ਲਾਹੌਰ ਦੇ ਦਰਸ਼ਨਾਂ ਨੂੰ ਆਉਂਦੇ ਰਹਿੰਦੇ ਹਨ। ਸਿੱਖਾਂ ਦੀ ਆਬਾਦੀ ਤਾਂ ਨਾ-ਮਾਤਰ ਹੈ। ਪਿਸ਼ਾਵਰ ਅਤੇ ਕੋਹਾਟ ਦੇ ਇਲਾਕੇ ਵਿਚ ਕੁਝ ਸਿਖ ਪਰਿਵਾਰ ਰਹਿੰਦੇ ਹਨ, ਉਹ ਕਈ ਵਾਰੀ ਅਫਗਾਨਿਸਤਾਨ ਵੀ ਚਲੇ ਜਾਂਦੇ ਹਨ। ਇਹ ਪੰਜਾਬੀ ਜਾਂ ਉਰਦੂ ਬਿਲਕੁਲ ਨਹੀਂ ਬੋਲ ਸਕਦੇ ਅਤੇ ਆਮ ਤੌਰ 'ਤੇ ਪਸ਼ਤੋ ਹੀ ਬੋਲਦੇ ਹਨ। ਪਿਸ਼ਾਵਰ ਦੇ ਇਲਾਕੇ ਵਿਚ ਅਨੇਕਾਂ ਹਿੰਦੂ ਪਰਿਵਾਰ ਵੀ ਹਨ। ਸਿੰਧ ਦੇ ਹਿੰਦੂ ਆਰਥਿਕ ਪੱਖੋਂ ਕਾਫੀ ਖੁਸ਼ਹਾਲ ਹਨ। ਉਨ੍ਹਾਂ ਦੇ ਵਪਾਰ ਤੇ ਸਾਰੇ ਕਾਰੋਬਾਰ ਚੰਗੇ ਹਨ। ਇਹ ਹਿੰਦੂ ਮੁਸਲਮਾਨਾਂ ਨੂੰ ਵਿਆਜ 'ਤੇ ਪੈਸੇ ਵੀ ਉਧਾਰ ਦਿੰਦੇ ਰਹਿੰਦੇ ਹਨ। (ਮੁਸਲਮਾਨ ਵਿਆਜ 'ਤੇ ਪੈਸੇ ਉਧਾਰ ਨਹੀਂ ਦਿੰਦੇ)।

ਦੇਸ਼ ਦੀ ਵੰਡ ਪਿਛੋਂ ਭਾਰਤ ਤੇ ਪਾਕਿਸਤਾਨ ਵਿਚਕਾਰ ਧਾਰਮਿਕ ਅਸਥਾਨਾਂ ਦੀ ਯਾਤਰਾ ਬਾਰੇ ਜੋ ਸਮਝੌਤਾ ਹੋਇਆ ਸੀ, ਉਸ ਅਨੁਸਾਰ ਸਿੱਖ ਯਾਤਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਦੇ ਮੌਕੇ 'ਤੇ ਸ੍ਰੀ ਨਨਕਾਣਾ ਸਾਹਿਬ, ਵਿਸਾਖੀ ਵੇਲੇ ਹਸਨ ਅਬਦਾਲ ਵਿਖੇ ਪੰਜਾ ਸਾਹਿਬ, ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ ਵੇਲੇ ਗੁ. ਡੇਹਰਾ ਸਾਹਿਬ ਲਾਹੌਰ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਸਮੇਂ ਜੂਨ ਦੇ ਆਖਰੀ ਹਫਤੇ ਮਹਾਰਾਜੇ ਦੀ ਸਮਾਧ ਦੀ ਯਾਤਰਾ 'ਤੇ ਆ ਸਕਦੇ ਹਨ। ਇਨ੍ਹਾਂ ਗੁਰਦੁਆਰਿਆਂ ਦੀਆਂ ਯਾਤਰਾ ਲਈ ਹਿੰਦੂ ਵੀ ਜਾ ਸਕਦੇ ਹਨ ਅਤੇ ਹੁਣ ਤੱਕ ਜਥੇ ਨਾਲ ਜਾ ਰਹੇ ਹਨ।



ਸ਼ਹੀਦ ਗੰਜ

ਪਾਕਿਸਤਾਨ ਦੇ ਮੁਸਲਮਾਨ ਭਾਰਤ ਵਿਚ ਮੁਸਲਮਾਨਾਂ ਦੇ ਪੰਜ ਧਾਰਮਿਕ ਅਸਥਾਨਾਂ (ਪੰਜਾਬ ਵਿਚ ਕੇਵਲ ਰੋਜ਼ਾ ਸ਼ਰੀਫ ਸਰਹਿੰਦ) ਦੀ ਯਾਤਰਾ ਲਈ ਆ ਸਕਦੇ ਸਨ। ਪਾਕਿਸਤਾਨ ਦੇ ਵਰਤਮਾਨ ਰਾਸ਼ਟਰਪਤੀ ਜਨਰਲ ਜ਼ਿਆ ਨੇ ਪਹਿਲੇ ਹੁਕਮਰਾਨਾਂ ਨਾਲੋਂ ਭਾਰਤ ਦੇ ਯਾਤਰੀਆਂ ਨੂੰ ਨਿਰਸੰਦੇਹ ਬਹੁਤ ਸਹੂਲਤਾਂ ਦਿੱਤੀਆਂ ਹਨ। ਸਿਖ ਹੁਣ ਕੇਵਲ ਇਕੋ ਵਾਰੀ ਸ੍ਰੀ ਨਨਕਾਣਾ ਸਾਹਿਬ, ਸ੍ਰੀ ਪੰਜਾ ਸਾਹਿਬ ਅਤੇ ਡੇਹਰਾ ਸਾਹਿਬ ਦੇ ਗੁਰਧਾਮਾਂ ਦੀ ਯਾਤਰਾ ਕਰ ਸਕਦੇ ਹਨ। ਅੱਗੇ ਯਾਤਰੀ ਪੰਜਵੇਂ ਦਿਨ ਭਾਰਤ ਮੁੜਦੇ ਸਨ, ਹੁਣ ਦਸ ਦਿਨਾਂ ਪਿਛੋਂ। ਉਨ੍ਹਾਂ ਨੇ ਹਿੰਦੂਆਂ ਨੂੰ ਕਟਾਸਰਾਜ ਦੇ ਪਵਿੱਤਰ ਅਸਥਾਨ ਦੀ ਯਾਤਰਾ ਦੀ ਆਗਿਆ ਵੀ ਦੇ ਦਿੱਤੀ ਹੈ। ਇਸੇ ਤਰ੍ਹਾਂ ਪਾਕਿਸਤਾਨ ਤੋਂ ਪਹਿਲੀ ਵਾਰੀ 500 ਹਿੰਦੂਆਂ ਦਾ ਇਕ ਜਥਾ ਮੱਧ ਪ੍ਰਦੇਸ਼ ਦੇ ਇਕ ਮੰਦਰ ਦੀ ਯਾਤਰਾ ਲਈ 28 ਮਾਰਚ ਨੂੰ ਭਾਰਤ ਆਇਆ ਸੀ।

ਮੈਂ ਆਪਣੀ ਯਾਤਰਾ ਦੌਰਾਨ ਵੇਖਿਆ ਹੈ ਕਿ ਕੇਵਲ ਉਹ ਗੁਰਦੁਆਰੇ, ਜਿਨ੍ਹਾਂ ਦੇ ਦਰਸ਼ਨਾਂ ਲਈ ਸਿਖ ਯਾਤਰੀ ਅਕਸਰ ਜਾਂਦੇ ਰਹਿੰਦੇ ਹਨ, ਦੀ ਹਾਲਤ ਕੁਝ ਚੰਗੀ ਕਹਿ ਸਕਦੇ ਹਾਂ। ਉਥੇ ਔਕਾਫ ਬੋਰਡ ਵਲੋਂ ਕਾਫੀ ਸਟਾਫ ਤਾਇਨਾਤ ਕੀਤਾ ਹੋਇਆ ਹੈ। ਨਨਕਾਣਾ ਸਾਹਿਬ ਵਿਖੇ ਗੁਰਦੁਆਰਾ ਜਨਮ ਅਸਥਾਨ ਤੋਂ ਬਿਨਾਂ ਬਾਕੀ ਛੇ ਗੁਰਦੁਆਰਿਆਂ ਦੀ ਹਾਲਤ ਕੋਈ ਚੰਗੀ ਨਹੀਂ ਹੈ। ਇਨ੍ਹਾਂ ਦੀ ਮਾੜੀ ਮੋਟੀ ਮੁਰੰਮਤ ਅਤੇ ਗੁਰਪੁਰਬਾਂ ਸਮੇਂ ਜਦੋਂ ਸਿੱਖ ਯਾਤਰੀ ਜਾਣੇ ਹੋਣ, ਸਫੈਦੀ ਆਦਿ ਤਾਂ ਕਰਦੇ ਰਹਿੰਦੇ ਹਨ ਪਰ ਇਸ ਨੂੰ ਸੇਵਾ ਸੰਭਾਲ ਨਹੀਂ ਕਿਹਾ ਜਾ ਸਕਦਾ। ਕਈ ਗੁਰਦੁਆਰਿਆਂ ਵਿਚ ਤਾਂ ਬਿਜਲੀ ਆਦਿ ਵੀ ਨਹੀਂ ਲੱਗੀ-ਜੇ ਸਵਿੱਚਾਂ ਆਦਿ ਵੀ ਟੁੱਟੀਆਂ ਹਨ ਤਾਂ ਇਵੇਂ ਹੀ ਪਈਆਂ ਹਨ। ਬਾਕੀ ਗੁਰਦੁਆਰੇ ਜੋ 1947 ਤੋਂ ਹੁਣ ਤੱਕ ਬੰਦ ਪਏ ਹਨ, ਦੀਆਂ ਇਮਾਰਤਾਂ ਦੀ ਹਾਲਤ ਦਿਨੋਂ ਦਿਨ ਖਸਤਾ ਹੁੰਦੀ ਜਾ ਰਹੀ ਹੈ ਅਤੇ ਸਮੇਂ ਦੇ ਫੇਰ ਨਾਲ ਢਹਿ ਢੇਰੀ ਹੋ ਜਾਣਗੀਆਂ। ਇਸ ਗੱਲ ਦੀ ਤਾਂ ਉਕਾ ਹੀ ਆਸ ਨਹੀਂ ਹੈ ਕਿ ਔਕਾਫ ਬੋਰਡ ਇਨ੍ਹਾਂ ਇਮਾਰਤਾਂ ਦੀ ਮੁਰੰਮਤ ਕਰਾਏਗਾ ਜਾਂ ਗਿਰ ਜਾਣ ਦੀ ਸੂਰਤ ਵਿਚ ਨਵੀਆਂ ਇਮਾਰਤਾਂ ਉਸਾਰੇਗਾ। ਭਾਵੇਂ ਗੁਰਦੁਆਰਿਆਂ ਅਤੇ ਮੰਦਰਾਂ ਦੇ ਨਾਂ ਭਾਰੀ ਜਾਇਦਾਦਾਂ ਲੱਗੀਆਂ ਹੋਈਆਂ ਹਨ। ਮੰਦਰਾਂ ਦਾ ਵੀ ਇਹੀ ਹਾਲ ਹੋਏਗਾ।

ਪਾਕਿਸਤਾਨ ਵਿਚ ਮੰਦਰਾਂ ਦੀ ਹਾਲਤ ਬਹੁਤ ਹੀ ਮੰਦੀ ਹੈ। ਇਹ ਵੀ 1947 ਤੋਂ ਬੰਦ ਹੀ ਪਏ ਹਨ। ਔਕਾਫ ਬੋਰਡ ਨੇ ਕਦੀ ਇਨ੍ਹਾਂ ਅਸਥਾਨਾਂ ਦੀ ਬਹੁਕਰ ਬਾਰੀ ਵੀ ਨਹੀਂ ਕੀਤੀ ਹੋਣੀ। ਸ੍ਰੀ ਨਨਕਾਣਾ ਸਾਹਿਬ ਵਿਖੇ ਇਕ ਮੰਦਰ (ਇਸ ਗਲੀ ਨੂੰ ਹੁਣ ਤੱਕ ਵੀ ਮੰਦਰ ਵਾਲੀ ਗਲੀ ਕਿਹਾ ਜਾਂਦਾ ਹੈ) ਵੇਖਿਆ, ਜਿਸ ਵਿਚ ਜਲੰਧਰ ਜ਼ਿਲੇ ਦੇ ਬੂਆ ਪਿੰਡ ਤੋਂ ਗਿਆ ਇਕ ਮੁਸਲਮਾਨ ਪਰਿਵਾਰ ਰਹਿ ਰਿਹਾ ਹੈ। ਮੰਦਰ ਉਪਰਲੀ ਮੰਜ਼ਲ ਉਤੇ ਹੈ। ਮੈਂ ਵੇਖਿਆ ਸੀ ਕਿ ਹਨੂਮਾਨ ਦੀ ਮੂਰਤੀ ਹਾਲੇ ਸਹੀ ਸਲਾਮਤ ਸੀ। ਉਸੇ ਪਰਿਵਾਰ ਨੇ ਮੈਨੂੰ ਦੱਸਿਆ ਸੀ ਕਿ ਨਨਕਣਾ ਸਾਹਿਬ ਵਿਚ ਇਕ ਹੋਰ ਮੰਦਰ ਵੀ ਹੈ, ਜਿਸ ਵਿਚ ਭਾਰਤੀ ਪੰਜਾਬ ਤੋਂ ਗਿਆ ਇਕ ਪਰਿਵਾਰ ਰਹਿ ਰਿਹਾ ਹੈ।

ਹਸਨ ਅਬਦਾਲ (ਜ਼ਿਲਾ ਅਟਕ), ਜਿਥੇ ਪੰਜਾ ਸਾਹਿਬ ਦਾ ਇਕੋ ਇਕ ਇਤਿਹਾਸਕ ਗੁਰਦੁਆਰਾ ਹੈ, ਵਿਖੇ ਮੈਂ ਦੋ ਮੰਦਰ ਵੇਖੇ ਹਨ, ਜੋ ਚਾਰੇ ਪਾਸਿਉਂ ਚਾਰ ਦੀਵਾਰੀ ਕਰਕੇ ਬੰਦ ਕਰ ਦਿੱਤੇ ਗਏ ਹਨ। ਲਾਗਲੇ ਕਮਰਿਆਂ ਵਿਚ ਜਾਂ ਭਾਰਤ ਤੋਂ ਗਏ ਮੁਸਲਮਾਨ ਪਰਿਵਾਰ ਰਹਿ ਰਹੇ ਹਨ ਜਾਂ ਦੁਕਾਨਾਂ ਹਨ, ਜੋ ਔਕਾਫ ਬੋਰਡ ਵਲੋਂ ਨਾ-ਮਾਤਰ ਕਿਰਾਏ 'ਤੇ ਦਿੱਤੀਆਂ ਗਈਆਂ ਹਨ, ਫਿਹ ਵੀ ਔਕਾਫ ਬੋਰਡ ਨੂੰ ਇਨ੍ਹਾਂ ਤੋਂ ਆਮਦਨੀ ਤਾਂ ਹੁੰਦੀ ਹੈ।



ਗੁਰਦੁਆਰਾ ਪੰਜਾ ਸਾਹਿਬ

ਆਪਣੀ ਪਾਕਿਸਤਾਨ ਦੀ ਯਾਤਰਾ ਦੌਰਾਨ ਮੈਂ ਜਥੇ ਦੇ ਲੀਡਰ ਨਾਲ ਪ੍ਰਧਾਨ ਜ਼ਿਆ-ਉਲ-ਹੱਕ ਨੂੰ ਮਿਲਣ ਗਿਆ ਸੀ। ਪੰਜਾ ਸਾਹਿਬ ਤੋਂ ਰਾਵਲਪਿੰਡੀ-ਇਸਲਾਮਾਬਾਦ ਨੂੰ ਜਾਂਦੇ ਹੋਏ ਅਸੀਂ ਘੰਟਾ ਦੋ ਘੰਟੇ ਟੈਕਸਲਾ ਰੁਕੇ ਸੀ। ਟੈਕਸਲਾ, ਜਿੱਥੇ ਸਾਡੀ ਪੁਰਾਣੀ ਸਭਿਅਤਾ ਜਨਮੀ ਤੇ ਪਨਪੀ। ਮਹਿੰਜਦੜੋ ਵਿਖੇ ਸਾਡੀ ਪੁਰਾਣੀ ਸੰਸਕ੍ਰਿਤੀ ਬਾਰੇ ਇਕ ਬਹੁਤ ਵੱਡਾ ਅਜਾਇਬ ਘਰ ਹੈ। ਟੈਕਸਲਾ ਵਿਖੇ ਅਨੇਕਾਂ ਹੀ ਮੰਦਰ ਹਨ ਬੜੇ ਹੀ ਪ੍ਰਾਚੀਨ ਅਤੇ ਇਤਿਹਾਸਕ ਮਹੱਤਤਾ ਵਾਲੇ-ਪਰ ਸਭ ਦੀ ਹਾਲਤ ਹਸਨ ਅਬਦਾਲ ਦੇ ਮੰਦਰਾਂ ਵਰਗੀ ਹੀ ਹੈ। ਇਹੋ ਹਾਲਤ ਮੈਂ ਲਾਹੌਰ ਘੁੰਮਦਿਆਂ ਅਨੇਕਾਂ ਮੰਦਰਾਂ ਦੀ ਦੇਖੀ। ਲਾਹੌਰ ਗੁਰਦੁਆਰਾ ਡੇਹਰਾ ਸਾਹਿਬ ਤੋਂ

ਬਾਕੀ ਪੰਨਾ 27 'ਤੇ

# "ਛੜੇ ਦੇ ਬੁੱਘਤੂ 'ਚੋਂ ਵਜਦੇ ਖਾਲਿਸਤਾਨੀ ਨਾਅਰੇ"

**(ਕੈਲਗਰੀ ਵਿਚ ਮਨਾਈ ਗਈ "ਵਿਸਾਖੀ ਨੈਟ" ਦੀ ਸੰਖੇਪ ਰਿਪੋਰਟ)**

**ਹਰਮੇਸ਼ ਕੌਰ ਜੋਧੇ, ਕੈਲਗਰੀ**

ਪਿਛਲੇ ਦਿਨੀਂ 11 ਅਪਰੈਲ ਨੂੰ ਇਕ ਸਥਾਨਿਕ ਗਰੁਪ ਵਲੋਂ ਕੀਤੇ ਗਏ ਲਚਰਤਾ ਨਾਲ ਲੱਥਪੱਥ ਪਰੋਗਰਾਮ ਵਿਚ ਖਾਲਿਸਤਾਨ ਦੇ ਨਾਅਰੇ ਸੁਣਾਈ ਦਿੱਤੇ।

'ਵੱਜਦਾ ਛੜੇ ਦਾ ਬੁਘਤੂ ਕਹਿੰਦਾ ਕਹਿੰਦਾ .......'

'ਭਾਬੀ ਨੀ ਤੇਰੀ ਭੈਣ ਦਾ ਨੱਖਰਾ ਬੜਾ ਪਿਆਰਾ .......'

'ਦੋ ਛੜਿਆਂ ਦੀ ਇਕ ਢੋਲਕੀ ਰੋਜ਼ ਰਾਤ ਨੂੰ ਖੜਕੇ .........'

ਗੱਲ ਕੀ ਤੁਸੀਂ ਪੰਜਾਬ 'ਚ ਵਜਦੇ ਗੰਦੇ ਰਿਕਾਰਡਾਂ ਜਾਂ ਕਿਸੇ ਵੀ ਹੋਰ ਥਾਂ ਤੋਂ ਵੱਧ ਤੋਂ ਵੱਧ ਕੋਈ ਲੱਚਰ ਬੋਲ ਕਿਆਸ ਕਰ ਸਕਦੇ ਹੋ, ਇਸ ਪਰੋਗਰਾਮ ਵਿਚ ਸਭੇ ਹੀ ਸੁਣਨ ਨੂੰ ਮਿਲੇ। ਭੰਗੜਾਂ ਤੇ ਗਿੱਧਾ ਪਾਉਂਦੇ ਲੱਗਭਗ ਸਾਰੇ ਹੀ 'ਕਲਾਕਾਰ' ਨਸ਼ੇ ਪਾਣੀ ਨਾਲ ਰੱਜੇ ਹੋਏ, ਸਿਰੇ ਦੀ ਅਸ਼ਲੀਲਤਾ, ਕੰਜਰਵਾਦ ਤੇ ਢੀਠਤਾ ਦਾ ਪ੍ਰਤੱਖ ਵਿਖਾਵਾ ਕਰ ਰਹੇ ਸਨ। ਜਿਥੇ ਪ੍ਰਵਾਰਾਂ ਨਾਲ ਆਏ ਬੈਠੇ ਪੰਜਾਬੀ ਭੈਣ-ਭਰਾ, ਮਾਂ-ਪਿਉ ਤੇ ਧੀਆਂ-ਪੁੱਤ ਸ਼ਰਮ ਨਾਲ ਨੀਵੀਆਂ ਪਾਏ ਬੈਠੇ ਸਨ ਉਥੇ ਹਾਲ ਦੀਆਂ ਸਭ ਤੋਂ ਪਿਛਲੀਆਂ ਸੀਟਾਂ 'ਤੇ ਬੈਠੇ ਜਾਂ ਫਿਰ ਕੰਧਾਂ ਬੰਨਿਆਂ ਨਾਲ ਢੋਹਾਂ ਲਾਈ ਤੇ ਹੱਥਾਂ ਤੇ ਡੱਬਾਂ 'ਚ ਬੀਅਰਾਂ ਦੇ ਬੱਤੇ ਅੜਾਈ ਮੰਡੀਰਬਾਧਾ ਸੀਟੀਆਂ ਤੇ ਬੁਲਬਲੀਆਂ ਮਾਰ ਰਿਹਾ ਸੀ ਤੇ ਹਰ ਆਉਂਦੀ ਜਾਂਦੀ ਨੂੰ ਠਿਠ ਕਰ ਰਹੇ ਇਸ ਛੋਕਰਬਾਧੇ ਨੇ ਔਰਤਾਂ ਦਾ Gates 'ਚੋਂ ਲੰਘਣਾ ਮਹਾਲ ਕੀਤਾ ਹੋਇਆ ਸੀ। ਇਸ ਗੱਲ ਦੀ ਤਸਦੀਕ ਲਈ SAIT HALL ਜਿਥੇ ਕਿ ਇਹ ਪਰੋਗਰਾਮ ਹੋਇਆ) ਦੇ ਪ੍ਰਬੰਧਕਾਂ ਨੂੰ ਪੁਛੋ ਕਿ ਉਹਨਾਂ ਨੂੰ ਕਿੰਨੀਆਂ ਕੁ ਬੀਅਰ ਦੀਆਂ ਤੇ ਪੱਕੀ ਦੀਆਂ ਬੋਤਲਾਂ ਤੇ ਗਲਾਸੀਆਂ ਹਾਲ 'ਚੋਂ ਹੀ ਸੀਟਾਂ ਥੱਲਿਓਂ ਇਕੱਠੀਆਂ ਕਰਨੀਆਂ ਪਈਆਂ ਪਰੋਗਰਾਮ ਖਤਮ ਹੋਣ ਮਗਰੋਂ।

ਅੱਜ ਪੰਜਾਬ ਤਾਂ ਸੜ ਰਿਹਾ ਹੈ, ਪੰਜਾਬੀਅਤ ਵਲੂੰਦਰੀ ਜਾ ਰਹੀ ਹੈ ਅੱਜ ਪੰਜਾਬ 'ਚ ਰੋਟੀ ਰੋਜ਼ੀ ਦਾ ਪ੍ਰਬੰਧ ਕਰਦੇ ਮਜ਼ਬੂਰੀ ਵਸ ਜੇ ਕੋਈ ਪੁਤਰ ਘਰੋਂ ਬਾਹਰ ਜਾਂਦਾ ਹੈ ਤਾਂ ਉਸ ਦੀ ਮਾਂ ਨੂੰ ਫਿਕਰ ਹੈ, ਜੇ ਕੋਈ ਖਾਵੰਦ ਘਰੋਂ ਬਾਹਰ ਜਾਂਦਾ ਹੈ ਤਾਂ ਉਸ ਦੀ ਸੁਆਣੀ ਨੂੰ ਫਿਕਰ ਹੈ, ਜੇ ਕੋਈ ਬਾਪ ਘਰੋਂ ਬਾਹਰ ਜਾਂਦਾ ਹੈ ਤਾਂ ਉਸ ਦੇ ਬੱਚਿਆਂ ਨੂੰ ਫਿਕਰ ਹੈ ਕਿ ਉਹ ਘਰ ਵਾਪਿਸ ਸੁਖੀਂ ਸਾਂਦੀ ਪਰਤੇਗਾ ਵੀ ਨਹੀਂ। ਉਹਨਾਂ ਨੂੰ ਸਹਿਮ ਹੈ ਕਿ ਉਹ ਕਿਸੇ ਬੰਬ ਕਾਂਡ ਦਾ ਸ਼ਿਕਾਰ ਹੀ ਨਾ ਹੋ ਜਾਵੇ — ਕਿਤੇ ਅਤਿਵਾਦੀਆਂ ਦੇ ਹੱਥੋਂ ਹੀ ਨਾ ਮਾਰਿਆ ਜਾਵੇ — ਕਿਤੇ ਪੁਲਿਸ ਜਾਂ ਸੀ. ਆਰ. ਪੀ. ਦੇ ਹੱਥੋਂ ਹੀ ਨਾ 'ਮੁਕਾਬਲੇ' 'ਚ ਮਾਰ ਦਿੱਤਾ ਜਾਵੇ। ਅੱਜ ਦੇ ਪੰਜਾਬ ਵਿਚ ਸਾਡੀਆਂ ਧੀਆਂ ਭੈਣਾਂ ਦੀਆਂ ਇਜ਼ਤਾਂ ਬਦਮਾਸ਼ਾਂ, ਸਮਗਲਰਾਂ, ਪੁਲਿਸ ਅਤੇ ਸੀ. ਆਰ. ਪੀ. ਹੱਥੋਂ ਸੁਰੱਖਿਅਤ ਨਹੀਂ ਤੇ ਇਹ ਆਪਣੇ ਆਪ ਨੂੰ ਪੰਜਾਬੀ ਅਖਵਾਉਣ ਵਾਲੇ ਬੇਸ਼ਰਮ ਲੋਕ ਸਿਰੇ ਦੀ ਢੀਠਤਾ ਨਾਲ ਗਾ ਰਹੇ ਸਨ 'ਖੋਲ੍ਹ ਕੇ ਬੋਤਲ ਦਾ ਡੱਟ ਬੱਕਰੇ ਬੁਲਾਉਂਦਾ ਜੱਟ ਢੂੰਘੀਆਂ ਭਰਦਾ ਜੱਟ ਜਾਵੇ ਮੇਲੇ ਨੂੰ ... ਵਗੈਰਾ ਵਗੈਰਾ'। ਕੀ ਇਹ ਪੰਜਾਬੀਅਤ ਨਾਲ ਬਹੁਤ ਵੱਡਾ ਭੱਦਾ ਮਜ਼ਾਕ ਨਹੀਂ ?!

ਜਦ ਕੁਝ ਕੁ ਭੱਦਰ ਪੁਰਸ਼ਾਂ ਨੇ ਅੱਜ ਦੇ ਪੰਜਾਬ ਨਾਲ ਸਬੰਧਤ ਦੋ ਗੀਤ 'ਲਾਠੀ, ਗੋਲੀ, ਕਰਫਿਊ, ਦਹਿਸ਼ਤ ਰਿਹਾ ਨਾ ਕੋਈ ਹਿਸਾਬ ਇਹ ਮੱਚਦਾ ਪੰਜਾਬ ਦੋਸਤੋ' ਅਤੇ 'ਉੱਠੋ ਸਾਂਭੋ ਆਪਣਾ ਪੰਜਾਬ ਸਾਥੀਓ - ਲਹੂ ਵਿਚ ਭਿੱਜਿਆ ਗੁਲਾਬ ਸਾਥੀਓ' ਕਹੇ ਤਾਂ ਗੰਭੀਰ ਅਤੇ ਬਹੁਗਿਣਤੀ ਸਰੋਤਿਆਂ ਨੂੰ ਲੱਗਾ ਕਿ ਇਥੇ ਆਉਣ ਦਾ ਕੁਝ ਤਾਂ ਮੁੱਲ ਮੁੜਿਆ ਹੈ। ਇਹਨਾਂ ਗੀਤਾਂ ਦੇ ਬੁਲਾਰਿਆਂ ਨੇ ਹੀ ਗੀਤ ਕਹਿਣ ਤੋਂ ਪਹਿਲਾਂ ਕੁਝ ਖਰੀਆਂ ਖਰੀਆਂ ਕਹੀਆਂ ਕਿ ਅੱਜ ਜੋ ਅਸੀਂ ਇਹ ਭੰਗੜੇ ਗਿੱਧੇ ਪਾ ਰਹੇ ਹਾਂ ਇਹ ਸਾਨੂੰ ਸ਼ੋਭਦੇ ਨਹੀਂ .... ਸ਼ਾਂਤੀ ਪੂਰਬਕ ਤੇ ਪੂਰੀ ਗੰਭੀਰਤਾ ਨਾਲ ਇਹ ਗੀਤ ਸੁਣ ਕੇ ਤੇ ਇਹਨਾਂ ਦੇ ਅਸਰ ਤੋਂ ਪ੍ਰਭਾਵਤ ਹੋ ਕੇ ਜਦ ਅਗਲੀ ਆਈਟਮ ਲੱਚਰਵਾਦੀਆਂ ਦੇ ਗਿੱਧੇ ਦੀ ਹਲਕੀ ਫੁਲਕੀ ਤੇ ਕਮਜ਼ੋਰ ਪੇਸ਼ਕਾਰੀ ਕਰਕੇ ਤਾੜੀਆਂ ਤੇ ਸੀਟੀਆਂ ਨਹੀਂ ਸਨ ਮਾਰ ਰਹੇ ਤਾਂ ਲੱਚਰ ਪ੍ਰਬੰਧਕਾਂ ਨੂੰ ਤਰੇਲੀਆਂ ਛੁੱਟ ਰਹੀਆਂ ਸਨ ਕਿ 'ਹੈਂ, ਇਹ ਕੀ ....!'

ਅਖੀਰ 'ਚ ਅੱਧਾ ਗਿੱਧਾ ਲੰਘ ਜਾਣ ਤੇ ਇਹਨਾਂ ਨਿਰਾਸ਼ ਪ੍ਰਬੰਧਕਾਂ ਨੂੰ ਆਪ ਹੀ ਸਟੇਜ ਤੋਂ ਪਿਛਲੇ ਮਾਈਕਾਂ ਤੋਂ ਚਾਂਗਰਾਂ/ਤਾੜੀਆਂ ਤੇ ਸੀਟੀਆਂ ਮਾਰਨੀਆਂ ਪਈਆਂ।

ਫਿਰ ਛੜੇ ਦੇ ਬੁੱਘਤੂ ਗੀਤ ਕਹਿਣ ਸਮੇਂ ਤੇ ਹੋਰ ਗਰੁਪ ਸੌਂਗਸ ਕਹਿਣ ਸਮੇਂ ਨਸ਼ਈ ਦਰਸ਼ਕਾਂ ਵਲੋਂ ਖਾਲਿਸਤਾਨ ਦੇ ਨਾਅਰੇ ਵਜਦੇ ਰਹੇ

ਉਂਝ ਇਸ ਲੱਚਰ ਗਰੁਪ ਨੇ ਆਪਣਾ ਨਾਮ ਬਹੁਤ ਚੁਣ ਕੇ ਰਖਿਆ ਹੈ — 'ਸ਼ੇਰੇ ਪੰਜਾਬ ਆਰਟਸ'। ਸ਼ੇਰੇ ਪੰਜਾਬ ਅਖਵਾਉਂਦਾ ਰਣਜੀਤ ਸਿੰਘ ਇਕ ਪੁਜ ਕੇ ਲੱਚਰ ਬੰਦਾ ਸੀ ਇਹ ਤਾਂ ਸਾਬਤ ਹੋ ਗਿਆ ਹੈ। (ਉਸ ਦੀਆਂ 13 ਰਾਣੀਆਂ ਸਨ, ਧਿਆਨ ਸਿੰਘ ਡੋਗਰਾ ਲੜਕੀਆਂ ਮੁਹਈਆਂ ਕਰਦਾ ਸੀ — ਉਸੇ ਦੇ ਇਕ ਦਰਬਾਰੀ ਸੁਚੇਤ ਸਿੰਘ ਦੇ ਮਰਨ ਤੇ ਉਸ ਦੀਆਂ 300 ਪਤਨੀਆਂ ਸਤੀ ਕੀਤੀਆਂ ਗਈਆਂ ਸਨ — ਹਵਾਲਾ 'ਖਾਲਸਾ ਰਾਜ' — ਗਜਿੰਦਰ ਸਿੰਘ) ਪਰ ਰਣਜੀਤ ਸਿੰਘ ਦਾ ART (ਕਲਾ) ਨਾਲ ਭਲਾ ਕੀ ਸਬੰਧ ਸੀ, ਇਹ ਤਾਂ ਇਹੀ ਜਾਨਣ।

ਸਾਹਿਤ ਪ੍ਰੇਮੀਆਂ ਲਈ ਇਕ ਹੋਰ ਰੌਚਕ ਗੱਲ ਕਿ ਪਰੋਗਰਾਮ ਦੇ ਸ਼ੁਰੂ 'ਚ ਇਕ ਬਜ਼ੁਰਗ ਨੇ 'ਦੇਹ ਸ਼ਿਵਾ ਵਰ ਮੋਹੇ ਇਹੈ' ਵਾਲਾ ਅੱਧਾ ਕੁ ਸ਼ਬਦ (ਅਧੂਰਾ) ਬੋਲਿਆ — ਉਹ ਹੀ ਬਜ਼ੁਰਗ ਬਾਅਦ ਵਿਚ ਸਭੇ ਹੀ ਲੱਚਰ ਗੀਤਾਂ 'ਚ ਮਿਊਜ਼ਕ ਦੇ ਰਿਹਾ ਸੀ (ਨਾਲ ਹੀ ਉਸ ਦਾ ਸਪੁੱਤਰ ਵੀ ਢੋਲਕੀ ਵਜਾ ਰਿਹਾ ਹੈ) ਬਾਅਦ 'ਚ ਪਤਾ ਲਗਾ ਕਿ ਇਸ ਬਜ਼ੁਰਗ ਦਾ ਨਾਮ ਮਾਸਟਰ ਕਸ਼ਮੀਰਾ ਸਿੰਘ ਚਮਨ ਹੈ। ਜਿਸ ਬਾਰੇ ਮੈਂ ਪੜ੍ਹਿਆ ਸੀ ਕਿ ਇਸ ਨੂੰ ਕਿਸੇ ਸੰਸਥਾ ਨੇ 'ਨੰਦ ਲਾਲ ਨੂਰਪੁਰੀ' ਅਵਾਰਡ ਹੁਣੇ ਹੁਣੇ ਦਿੱਤਾ ਹੈ। ਉਸ ਮਹਾਨ ਕਲਕਾਰ (ਨੰਦ ਲਾਲ ਨੂਰਪੁਰੀ) ਜੋ ਸਾਰੀ ਉਮਰ ਪੰਜਾਬੀਅਤ ਦੀ ਸੇਵਾ ਕਰਦਾ ਰਿਹਾ ਤੇ ਜਿਸ ਨੇ ਲੱਚਰਵਾਦ ਦਾ ਅਮਲੀ ਵਿਰੋਧ ਕੀਤਾ (ਕਿਸੇ ਵੀ ਲੱਚਰ ਰਚਨਾ ਦੀ ਬਜਾਏ ਸਾਫ ਸੁਥਰੇ ਗੀਤ ਲਿਖ ਕੇ) ਉਸ ਦੇ ਨਾਮ ਤੇ ਮਿਲੇ ਇਨਾਮ ਦੀ 'ਕਦਰ' ਚਮਨ ਜੀ ਕਿੰਨੇ ਵਧੀਆ ਤਰੀਕੇ ਨਾਲ ਕਰ ਰਹੇ ਸਨ ਤੇ ਨਾਲੇ ਭਾਗੀਦਾਰ ਬਣ ਰਹੇ ਸਨ ਉਸ ਖਾਲਿਸਤਾਨ ਦੇ ਨਾਅਰਿਆਂ 'ਚ ਜਿਸ ਵਿਚ ਨੰਦ ਲਾਲ ਜਿਹੇ ਪੰਜਾਬੀਆਂ ਨੂੰ ਇਹ ਕਹਿਣ ਦਾ ਕੋਈ ਹੱਕ ਨਹੀਂ ਹੋਏਗਾ 'ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ ....' ਕਿਉਂਕਿ ਉਹ ਇਕ ਹਿੰਦੂ ਹੈ। ..... ਚਮਨ ਜੀ ਨੂੰ ਸੋਚਣਾ ਚਾਹੀਦਾ ਸੀ/ਹੈ।

ਇਹ ਵਿਸਾਖੀ ਦਾ ਮਹਾਨ ਤੇ ਸ਼ੁਭ ਦਿਹਾੜਾ ਜਿਸ ਦਿਨ ਖਾਲਸੇ ਦੀ ਸਥਾਪਨਾ ਕੀਤੀ ਗਈ ਸੀ, ਲੱਚਰਾਂ ਨੇ ਵਿਸਾਖੀ ਨਾਈਟ ਬਣਾ ਲਈ ਹੈ।

ਇਹ ਵਿਸਾਖੀ ਦਾ ਪਰੋਗਰਾਮ ਨਾ ਤਾਂ ਖਾਲਸੇ ਦੀ ਵਿਸਾਖੀ ਸਾਂ ਤੇ ਨਾ ਹੀ ਪੰਜਾਬੀਆਂ ਦੀ ਵਿਸਾਖੀ ਸੀ ਬਲਕਿ ਨਚਾਰੂ ਕੰਜਰਾਂ ਦੀ 'ਵਿਸਾਖੀ ਨੈਟ' ਹੀ ਸੀ।

ਪ੍ਰਬੰਧਕਾਂ ਤੋਂ ਨਿਰਾਸ਼ ਲੋਕ ਸਿਰਫ ਪੰਜਾਬ ਵਾਲੇ ਸਮੂਹ-ਗਾਨ, ਸਕਿਟਾਂ ਅਤੇ ਇਕ ਗੀਤ ਡਾਨਸ ਨੂੰ ਹੀ ਚੰਗਾ ਸਲਾਹੁੰਦੇ ਤੇ ਆਉਣ ਦਾ ਮੁੱਲ ਮੁੜ ਗਿਆ — ਕਹਿੰਦੇ ਘਰਾਂ ਨੂੰ ਵਾਪਿਸ ਆ ਗਏ।

ਅਸਾਨੂੰ, ਲੋਕਾਂ ਨੂੰ ਜਿਥੇ ਇਹ ਚਾਹੀਦਾ ਹੈ ਕਿ ਅਸੀਂ ਇਹਨਾਂ ਗੰਦੇ ਅਤੇ ਲੱਚਰ ਪਰੋਗਰਾਮਾਂ ਦਾ ਡਟ ਕੇ ਵੱਧ ਤੋਂ ਵੱਧ ਵਿਰੋਧ ਕਰੀਏ ਤੇ ਅਜਿਹੇ ਪਰੋਗਰਾਮ ਕਰਵਾਉਣ ਵਾਲਿਆਂ ਨੂੰ ਫਿਟਲਾਹਨਤਾਂ ਪਾਈਏ ਉਥੇ ਚਾਹੀਦਾ ਹੈ ਕਿ ਚੰਗੇ, ਸਾਫ ਸੁਥਰੇ, ਭਰਾਤਰੀ ਸਾਂਝ ਦੀ ਖੁਸ਼ਬੂ ਨਾਲ ਮਹਿਕਦੇ ਪੰਜਾਬੀਅਤ ਦੀ ਸ਼ਾਨ ਵਧਾਉਂਦੇ ਪ੍ਰਵਾਰਕ ਪਰੋਗਰਾਮ ਕਰਨ ਵਾਲੇ ਕਲਾ ਤੇ ਕਲਚਰਲ ਗਰੁਪ/ਕਾਮੇ ਅੱਗੇ ਆਉਣ ਤੇ ਆਪਣੇ ਲੋਕਾਂ ਨੂੰ ਵਧੀਆ ਸਭਿਆਚਾਰਕ ਪਰੋਗਰਾਮ ਦੇਣ।

---

ਸਤਿਕਾਰਯੋਗ ਸੰਪਾਦਕ ਜੀ

ਪ੍ਰਣਾਮ

ਆਪਣੀ ਇਕ ਮਿੰਨੀ ਕਹਾਣੀ ਅਤੇ ਕੈਲਗਰੀ ਵਿਚ ਹੋਏ ਇਕ ਸਭਿਆਚਾਰਕ ਪ੍ਰੋਗਰਾਮ ਦੀ ਰਿਪੋਰਟ ਭੇਜ ਰਹੀ ਹਾਂ। ਕਹਾਣੀ ਯੋਗ ਸਮਝੋ ਤਾਂ ਛਾਪ ਦੇਣੀ। ਰਿਪੋਰਟ ਭਾਵੇਂ ਥੋੜ੍ਹੀ ਜਿਹੀ ਲੇਟ ਹੀ ਹੋ ਗਈ ਹੈ ਫਿਰ ਵੀ ਮੇਰੀ ਜਾਚੇ ਜ਼ਰੂਰ ਛਾਪੀ ਜਾਣੀ ਚਾਹੀਦੀ ਹੈ ਕਿਉਂਕਿ ਇਸ ਵਿਚ ਪਿਛਾਂਖੜ ਲੱਚਰ ਅਤੇ ਬਜਾਰੂ ਸਭਿਆਚਾਰ ਜਿਸ ਨੂੰ 'ਪੰਜਾਬੀ ਸਭਿਆਚਾਰ' ਦਾ ਨਾਮ ਦਿੱਤਾ ਜਾ ਰਿਹਾ ਹੈ, ਦਾ ਵਿਰੋਧ ਕੀਤਾ ਗਿਆ ਹੈ ਅਤੇ ਸਾਫ ਸੁਥਰਾ, ਸਿਹਤਮੰਦ ਅਤੇ ਅਗਾਂਹਵਧੂ ਸਾਹਿਤ ਸਭਿਆਚਾਰ ਦੀ ਪਰੋੜ੍ਹਤਾ ਕੀਤੀ ਗਈ ਹੈ।

ਸਨੇਹ ਨਾਲ

ਹਰਮੇਸ਼ ਕੌਰ ਜੋਧੇ, ਕੈਲਗਰੀ।

---

ਪੰਨਾ 26 ਦੀ ਬਾਕੀ

ਬਿਨਾਂ ਬਾਕੀ ਸਾਰੇ ਇਤਿਹਾਸਕ ਗੁਰਦੁਆਰਿਆਂ ਦੀ ਵੀ ਇਹੋ ਖਸਤਾ ਹਾਲਤ ਹੈ। ਕਈ ਤਾਂ ਢਹਿ ਢੇਰੀ ਹੋਏ ਪਏ ਹਨ।

ਗੁਰਪੁਰਬਾਂ ਸਮੇਂ ਸਿੰਧ ਅਤੇ ਪਾਕਿਸਤਾਨ ਦੇ ਬਾਕੀ ਹਿੱਸਿਆਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂ ਪਰਿਵਾਰ ਇਨ੍ਹਾਂ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਆਉਂਦੇ ਹਨ।

ਸਿੰਧੀ ਹਿੰਦੂ ਗੁਰੂ ਨਾਨਕ ਦੇਵ ਜੀ ਦੀ ਬੜੀ ਹੀ ਪੂਜਾ ਕਰਦੇ ਹਨ। ਭਾਵੇਂ ਇਨ੍ਹਾਂ ਦਿਨਾਂ ਵਿਚ ਪਾਕਿਸਤਾਨ ਦੀ ਸੀ.ਆਈ.ਡੀ. ਦੇ ਅਨੇਕਾਂ ਹੀ ਬੰਦੇ ਗੁਰਦੁਆਰਿਆਂ ਅੰਦਰ ਫਿਰਦੇ ਰਹਿੰਦੇ ਹਨ ਤਾਂ ਵੀ ਮੈਂ ਮੌਕਾ ਵੇਖਕੇ ਇਨ੍ਹਾਂ ਹਿੰਦੂਆਂ ਨਾਲ ਉਨ੍ਹਾਂ ਦੇ ਰਹਿਣ-ਸਹਿਣ, ਜ਼ਿੰਦਗੀ, ਪਾਸਿਤਾਨ ਵਿਚ ਪੇਸ਼ ਆਉਂਦੀਆਂ ਮੁਸ਼ਕਲਾਂ ਬਾਰੇ ਪੁੱਛਗਿੱਛ ਕਰਦਾ ਹੀ ਰਿਹਾ ਹਾਂ।

ਆਮ ਹਿੰਦੂਆਂ ਤਾਂ ਮੈਨੂੰ ਇਹੋ ਕਿਹਾ, "ਅਸੀਂ ਅਮਨਪਸੰਦ ਸ਼ਹਿਰੀ ਹਾਂ ਅਤੇ ਦੇਸ਼ ਦੇ ਕਾਨੂੰਨ ਅੰਦਰ ਰਹਿੰਦੇ ਹਾਂ, ਸਾਨੂੰ ਕੋਈ ਤਕਲੀਫ ਨਹੀਂ ਸਿੰਧੀ ਹਿੰਦੂਆਂ ਤਾਂ ਇਹ ਵੀ ਕਿਹਾ ਸੀ ਕਿ ਉਨ੍ਹਾਂ ਨੂੰ ਪੂਰੀ ਤਰ੍ਹਾਂ ਧਾਰਮਿਕ ਆਜ਼ਾਦੀ ਹੈ। ਹਾਂ, ਮੈਨੂੰ ਇਹ ਵੀ ਦੱਸਿਆ ਗਿਆ ਕਿ ਜਿੱਥੇ ਹਿੰਦੂ ਘੱਟ ਗਿਣਤੀ ਵਿਚ ਹਨ—ਜਾਂ ਵਸੋਂ ਕਾਫੀ ਘੱਟ ਹੈ, ਉਥੇ ਉਨ੍ਹਾਂ ਨੂੰ ਧਾਰਮਿਕ ਆਜ਼ਾਦੀ ਨਹੀਂ। ਉਨ੍ਹਾਂ ਦੀਆਂ ਧੀਆਂ, ਨੂੰਹਾਂ ਨੂੰ ਵੀ ਮੁਸਲਮਾਨ "ਗੁੰਡੇ" ਤੰਗ ਕਰਦੇ ਰਹਿੰਦੇ ਹਨ। ਸਾਰੇ ਸਿੰਧ ਵਿਚ ਹਾਲੇ ਵੀ ਬਾਲ ਵਿਆਹ ਦਾ ਰਿਵਾਜ ਹੈ। ਕੁਝ ਬਜ਼ੁਰਗ ਸਿੰਧੀਆਂ ਨੇ ਮੈਨੂੰ ਦੱਸਿਆ ਕਿ ਮੁਸਲਮਾਨਾਂ ਤੋਂ ਆਪਣੀਆਂ ਨੌਜਵਾਨ ਲੜਕੀਆਂ ਨੂੰ ਬਚਾਉਣ ਲਈ ਉਹ ਬਾਲ ਅਵਸਥਾ ਵਿਚ ਹੀ ਵਿਆਹ ਕਰ ਦਿੰਦੇ ਹਨ।

ਕੁਝ ਨੌਜਵਾਨਾਂ ਨੇ ਮੈਨੂੰ ਦੱਸਿਆ ਕਿ ਮੁਸਲਮਾਨ ਮੁੰਡੇ ਹਿੰਦੂ ਲੜਕੀਆਂ ਨਾਲ ਤਾ ਇਸ਼ਕ ਲੜਾਂਦੇ ਰਹਿੰਦੇ ਹਨ, ਪਰ ਜੇ ਕਿਤੇ ਕਿਸੇ ਹਿੰਦੂ ਮੁੰਡੇ ਦਾ ਮੁਸਲਮਾਨ ਲੜਕੀ ਨਾਲ ਪਿਆਰ ਹੋ ਜਾਏ ਤਾਂ ਮੁਸਲਮਾਨ ਬਹੁਤ ਤੰਗ-ਪ੍ਰੇਸ਼ਾਨ ਕਰਦੇ ਹਨ।

ਸਿਆਲਕੋਟ ਦੇ ਇਕ ਬ੍ਰਾਹਮਣ ਮੁੰਡੇ ਨੇ ਮੈਨੂੰ ਨਨਕਾਣਾ ਸਾਹਿਬ ਵਿਖੇ ਕਿਹਾ, "ਸਰਦਾਰ ਜੀ, ਇੰਦਰਾ ਗਾਂਧੀ ਨੂੰ ਕਹੋ ਕਿ ਸਾਨੂੰ ਹਿੰਦੂਸਤਾਨ ਬੁਲਾ ਲੈਣ (ਸ੍ਰੀਮਤੀ ਇੰਦਰਾ ਗਾਂਧੀ ਉਦੋਂ ਜ਼ਿੰਦਾ ਸਨ) ਇਥੇ ਮੁਸਲਮਾਨ ਤੰਗ ਕਰਦੇ ਹਨ। ਸਾਡੇ ਮੰਦਰਾਂ ਦੀਆਂ ਮੂਰਤੀਆਂ ਤੋੜ ਜਾਂਦੇ ਹਨ।" ਮੇਰੇ ਪੁੱਛਣ 'ਤੇ ਉਸ ਦੱਸਿਆ ਕਿ ਸਿਆਲਕੋਟ ਹਿੰਦੂਆਂ ਦੇ 35-40 ਪਰਿਵਾਰ ਰਹਿੰਦੇ ਹਨ।

ਇਕ ਪਾਕਿਸਤਾਨੀ ਅਧਿਕਾਰੀ ਨੇ ਮੈਨੂੰ ਬੜੇ ਮਾਣ ਨਾਲ ਕਿਹਾ ਸੀ, "ਜਦੋਂ ਤੋਂ ਪਾਕਿਸਤਾਨ ਹੋਂਦ ਵਿਚ ਆਇਆ ਹੈ, ਇਥੇ ਇਕ ਵਾਰੀ ਵੀ ਫਿਰਕੂ ਫਸਾਦ ਨਹੀਂ ਹੋਏ।" ਉਨ੍ਹਾਂ ਦੋਸ਼ ਲਗਾਇਆ ਸੀ ਕਿ ਭਾਰਤ, ਜੋ ਆਪਣੇ ਆਪ ਨੂੰ ਸੈਕੂਲਰ ਦੇਸ਼ ਅਖਵਾਉਂਦਾ ਹੈ, ਵਿਚ ਮੁਸਲਮਾਨ ਤੇ ਹੋਰ ਘੱਟ ਗਿਣਤੀ ਵਾਲੇ ਲੋਕ ਮਹਿਫੂਜ਼ ਨਹੀਂ ਹਨ ਅਤੇ ਆਏ ਦਿਨ ਉਥੇ ਫਿਰਕੂ ਫਸਾਦ ਹੋਏ ਹੀ ਰਹਿੰਦੇ ਹਨ। ਇਸ ਲਈ ਉਹ ਕੇਵਲ ਰ.ਸ. ਸ. ਜਾਂ ਜਨਸੰਘ (ਹੁਣ ਬੀ.ਜੇ.ਪੀ.) ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ-ਇਸ ਲਈ ਭਾਰਤੀ ਹਿੰਦੂਆਂ ਨੂੰ ਬੜੀ ਹੀ ਨਫਰਤ ਕਰਦੇ ਹਨ।

ਪਾਕਿਸਤਾਨ ਵਿਚ ਪਿਛਲੇ ਦਿਨੀਂ ਮੰਦਰਾਂ ਦੀ ਸਾੜ ਫੂਕ, ਬੇਅਦਬੀ ਅਤੇ ਹਿੰਦੂਆਂ ਉਤੇ ਹੋਏ ਹਮਲਿਆਂ ਨੇ ਅਸਲੀਅਤ ਸਾਹਮਣੇ ਲੈ ਆਂਦੀ ਹੈ।

ਪਾਕਿਸਤਾਨ ਵਿਚ ਪਏ ਇਨ੍ਹਾਂ ਵੀਰਾਨ ਮੰਦਰਾਂ ਅਤੇ ਗੁਰਦੁਆਰਿਆਂ ਅਤੇ ਇਸੇ ਤਰ੍ਹਾਂ ਭਾਰਤ ਦੇ ਕਈ ਸੂਬਿਆਂ ਵਿਚ ਵੀਰਾਨ ਪਈਆਂ ਮਸਜਿਦਾਂ ਲਈ ਜ਼ਿੰਮੇਵਾਰ ਉਸ ਸਮੇਂ ਦੇ ਜਨੂੰਨੀ ਤੇ ਸਵਾਰਥੀ ਲੀਡਰ ਹਨ, ਜਿਨ੍ਹਾਂ ਆਪਣੇ ਸੌੜੇ ਤੇ ਸਵਾਰਥੀ ਹਿੱਤਾਂ ਅਤੇ ਗੱਦੀਆਂ 'ਤੇ ਛੇਤੀ ਕਾਬਜ਼ ਹੋਣ ਲਈ ਦੇਸ਼ ਦੇ ਦੋ ਟੋਟੇ ਕੀਤੇ। ਇਨ੍ਹਾਂ ਨੂੰ ਸਾਡਾ ਇਤਿਹਾਸ ਕਦੀ ਮੁਆਫ ਨਹੀਂ ਕਰੇਗਾ। ਦੇਸ਼ ਦੇ ਮੌਜੂਦਾ ਵਿਸਫੋਟਿਕ ਹਾਲਾਤ ਨੂੰ ਵੇਖਦਿਆਂ, ਸਾਨੂੰ ਦੇਸ਼ ਦੀ ਵੰਡ ਅਤੇ ਇਸਦੇ ਕਾਰਨਾਂ ਦੀ ਘੋਖ ਪੜਤਾਲ ਕਰਕੇ ਸਿੱਖਿਆ ਲੈਣੀ ਚਾਹੀਦੀ ਹੈ।

(ਕੈਲਗਰੀ ਵਿਚ 'ਵਿਸਾਖੀ ਨਾਈਟ' ਬਾਰੇ ਇਕ ਬਹੁਤ ਹੀ ਪਛੜ ਕੇ ਪੁਜੀ ਰਿਪੋਰਟ ਅਸੀਂ ਇਥੇ ਇਸ ਲਈ ਛਾਪ ਰਹੇ ਹਾਂ ਕਿ ਇਸ ਵਿਚ ਲੱਚਰ ਗੀਤਾਂ ਅਤੇ ਅਸ਼ਲੀਲਤਾ ਦੇ ਵਿਰੁੱਧ ਤਕੜੀ ਦਲੇਰ ਆਵਾਜ਼ ਉਠਾਈ ਗਈ ਹੈ। ਉਂਝ ਅਸੀਂ ਇਸ ਵਿਚ ਵਰਤੀ ਸ਼ਬਦਾਵਲੀ ਅਤੇ ਹੋਰ ਕਈ ਵਿਚਾਰਾਂ ਨਾਲ ਸਹਿਮਤ ਨਹੀਂ ਹਾਂ। ਜੇ ਕੋਈ ਸੰਬੰਧਿਤ ਸਜਣ ਇਸ ਬਾਰੇ ਕੋਈ ਭਾਵ ਪੂਰਤ ਪ੍ਰਤੀਕਰਮ ਦੇਣਾ ਚਾਹੇ ਅਸੀਂ ਉਹ ਵੀ ਛਾਪਾਂਗੇ। — ਸੰਪਾਦਕ)

# ਐਨ. ਡੀ. ਪੀ. ਨੇਤਾ ਹਾਰਕੋਰਟ ਦਾ ਭਾਰਤੀ ਕਮਿਊਨਿਟੀ ਨਾਲ ਵਿਚਾਰ ਵਟਾਂਦਰਾ



— ਮਿ: ਮਾਈਕ ਹਾਰਕੋਰਟ ਦਾ ਸਵਾਗਤ ਕਰਨ ਵੇਲੇ ਮਿ: ਖੁਸ਼ਪਾਲ ਗਿੱਲ, ਨਾਲ ਖੜੇ ਹਨ ਪਰਲਾਦ ਗਿੱਲ



ਪਰਲਾਦ ਗਿੱਲ, ਸ਼ਿਰਲੀ ਚੈਨ, ਮੋਅ ਸਹੋਤਾ ਅਤੇ ਮਿ: ਅਟਵਾਲ

ਬਰਨਬੀ — ਪਿਛਲੇ ਹਫਤੇ ਐਨ. ਡੀ. ਪੀ. ਦੇ ਨੇਤਾ ਮਿ: ਮਾਈਕ ਹਾਰਕੋਰਟ ਅਤੇ ਮਿ: ਮੋਅ ਸਹੋਤਾ ਦੇ ਵਿਕਟੋਰੀਆ ਤੋਂ ਪਧਾਰਨ ਦੇ ਮੌਕੇ ਤੇ ਬਰਨਬੀ ਵਿਚ ਮਿ: ਖੁਸ਼ਪਾਲ ਗਿੱਲ (ਜੋ ਵੈਨ ਸਿਟੀ ਦੇ ਡਾਇਰੈਕਟਰ ਹਨ) ਦੀ ਰਿਹਾਇਸ਼ ਵਿਚ ਇਕ ਸਵਾਗਤੀ ਸ਼ਾਮ ਦਾ ਪ੍ਰਬੰਧ ਕੀਤਾ ਗਿਆ ਇਸ ਮੌਕੇ ਤੇ ਐਨ. ਡੀ. ਪੀ. ਦੇ ਸਰਗਰਮ ਮੈਂਬਰ ਅਤੇ ਸਮਰਥਕ ਵੈਨਕੂਵਰ, ਬਰਨਬੀ ਤੋਂ ਬਿਨਾਂ ਸਰੀ, ਨਿਊਵੈਸਟ ਆਦਿ ਇਲਾਕਿਆਂ ਤੋਂ ਪਹੁੰਚੇ ਹੋਏ ਸਨ। ਲਗਭਗ ਹਰ ਕਿੱਤੇ ਵਾਲੇ ਸੱਜਣਾਂ ਦੀ ਗਹਿਮਾ ਗਹਿਮੀ ਸੀ। ਇਸ ਇਕੱਠ ਦਾ ਮੁਖ ਮਕਸਦ ਐਨ. ਡੀ. ਪੀ. ਲੀਡਰਸ਼ਿਪ ਵਲੋਂ ਭਾਰਤੀ ਕਮਿਊਨਿਟੀ ਨਾਲ ਭਖਦੇ ਮਸਲਿਆਂ ਬਾਰੇ ਆਪਣੀ ਪਾਲਸੀ ਦੀ ਜਾਣਕਾਰੀ ਦੇਣ ਤੋਂ ਬਿਨਾਂ ਭਵਿਖ ਵਿਚ ਕਰਨ ਵਾਲੇ ਕੰਮਾਂ ਬਾਰੇ ਵਿਚਾਰ ਵਟਾਂਦਰਾ ਕਰਕੇ ਸੁਝਾਅ ਲੈਣਾਂ ਵੀ ਸੀ। ਮੁਖ ਮਹਿਮਾਨਾਂ ਦੀ ਆਮਦ ਤੋਂ ਬਾਦ ਹਾਜ਼ਰ ਸਜਣਾਂ ਨਾਲ ਵਾਕਫੀ ਕਰਾਈ ਗਈ।

ਇਸ ਸ਼ਾਮ ਦੀ ਸ਼ੁਰੂਆਤ ਮਿ: ਖੁਸ਼ਪਾਲ ਗਿੱਲ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਹਿਕੇ ਕੀਤੀ। ਉਨ੍ਹਾਂ ਕਿਹਾ ਕਿ ਸਾਡੀ ਕਮਿਊਨਿਟੀ 'ਚ ਬਹੁ ਗਿਣਤੀ ਹਮੇਸ਼ਾਂ ਮਜ਼ਦੂਰ ਪੱਖੀ ਪਾਰਟੀ ਦੇ ਨਾਲ ਰਹੀ ਹੈ। ਮਿ: ਮਾਈਕ ਹਾਰਕੋਰਟ ਨੇ ਆਪਣੇ ਸ਼ਬਦਾਂ ਵਿਚ ਸੋਕਰਡ ਸਰਕਾਰ ਦੇ ਮਾਰੂ ਰੁਝਾਣਾਂ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਬਨਣ ਸਮੇਂ ਮਜ਼ਦੂਰਾਂ ਦੇ ਹਿੱਤਾਂ ਦਾ ਖਿਆਲ ਰੱਖਿਆ ਜਾਵੇਗਾ ਇਸ ਸਾਲ ਪਾਰਟੀ ਦੀ ਕਨਵੈਨਸ਼ਨ ਦੇ ਮੁਖ ਮਤਿਆਂ ਵਿਚ ਵੀ ਨਸਲਵਾਦ ਦਾ ਵਿਰੋਧ ਕਰਨ ਤੇ ਹਰ ਵਿਰਸੇ ਦੇ ਲੋਕਾਂ ਵਿਚ ਇਕ ਸੁਰਤਾ ਲਿਆਉਣ ਤੇ ਜ਼ੋਰ ਦਿੱਤਾ ਗਿਆ ਸੀ। ਅਸੀਂ ਕਮਿਊਨਿਟੀ ਵਿਚ ਵੱਖ ਵੱਖ ਥਾਵਾਂ ਤੇ ਅਜਿਹੇ ਇਕੱਠ ਕਰ ਰਹੇ ਹਾਂ। ਇਸ ਤੋਂ ਬਿਨਾਂ ਧਾਰਮਕ ਥਾਵਾਂ ਤੇ ਜਾ ਕੇ ਵੀ ਲੋਕਾਂ ਨੂੰ ਮਿਲਦੇ ਹਾਂ। ਤੁਹਾਡੀ ਕਮਿਊਨਿਟੀ ਦਾ ਨੌਜਵਾਨ ਨੇਤਾ ਮੋਅ ਸਹੋਤਾ ਬਹੁਤ ਹੋਣਹਾਰ ਹੈ। ਸਾਡੀ ਪਾਰਟੀ ਦੇ ਮੁਖ ਕਾਨੂੰਨੀ ਕੰਮ ਇਹੀ ਕਰਦਾ ਹੈ। ਸਾਡੀ ਸਰਕਾਰ ਵੇਲੇ ਅਟਾਰਨੀ ਜਨਰਲ ਭਾਰਤੀ ਕਮਿਊਨਿਟੀ ਵਿਚੋਂ ਹੋਵੇਗਾ। ਜੋ ਕਿ ਦਿਨ ਦੂਰ ਨਹੀਂ ਹੈ।

ਭਾਰਤੀ ਕਮਿਊਨਿਟੀ ਦੇ ਜੰਮਪਲ ਮਿ: ਮੋਅ ਸਹੋਤਾ (ਐਮ ਐਲ ਏ) ਨੇ ਕਿਹਾ ਕਿ ਅਸੀਂ ਪਿਛਲੇ ਦਿਨਾਂ 'ਚ ਕਮਿਊਨਿਟੀ ਨਾਲ ਸਬੰਧਤ ਮੰਗਾਂ ਤੇ ਜ਼ੋਰ ਦਿੰਦੇ ਆਏ ਹਾਂ ਜਿਵੇਂ ਦਾਹੜੀ ਕੇਸ ਰੱਖ ਕੇ ਪੁਲੀਸ ਵਿਚ ਭਰਤੀ ਹੋ ਸਕਣਾ ਆਦਿ। ਇਸ ਤੋਂ ਬਿਨਾਂ ਭਵਿਖ ਵਿਚ ਵੀ ਬੀ. ਸੀ. ਦੇ ਸਾਰੇ ਹਿਸਿਆਂ ਵਿਚ ਜਾਕੇ ਕਮਿਊਨਿਟੀ ਦੇ ਵੱਖ ਵੱਖ ਵਿਚਾਰਾਂ ਵਾਲੇ ਲੋਕਾਂ ਨੂੰ ਮਿਲਾਂਗੇ।

ਐਨ. ਡੀ. ਨੇਤਾਵਾਂ ਦੇ ਭਾਸ਼ਨਾਂ ਤੋਂ ਬਾਦ ਉਨ੍ਹਾਂ ਵਿਚਾਰ ਵਟਾਂਦਰੇ ਵਜੋਂ ਹਾਜ਼ਰ ਸੱਜਣਾਂ ਦੇ ਸੁਝਾਅ ਪੁਛੇ ਕਿ ਕਿਸ ਤਰ੍ਹਾਂ ਅਸੀਂ ਤੁਹਾਡੀਆਂ ਲੋੜਾਂ ਅਨੁਸਾਰ ਨੇੜ ਭਵਿਖ ਵਿਚ ਤੁਹਾਡੀ ਭਲਾਈ ਕਰ ਸਕਦੇ ਹਾਂ। ਬਹਿਸ ਦੀ ਸ਼ੁਰੂਆਤ ਮਿ: ਪਰਲਾਦ ਗਿੱਲ ਨੇ ਕੀਤੀ। ਬਾਦ ਵਿਚ ਮਿ: ਸੁਰਿੰਦਰ ਸੰਘਾ, ਮਿ: ਗੁਰਦੀਪ ਸਿੰਘ ਅਟਵਾਲ, ਮਿ: ਬੇਅੰਤ ਸਿੰਘ ਸੇਖੋਂ ਤੇ ਕਈ ਹੋਰ ਸੱਜਣਾਂ ਨੇ ਆਪਣੇ ਆਪਣੇ ਨੁਕਤਿਆਂ ਤੋਂ ਸੁਝਾਅ ਦਿਤੇ। ਕੇਟਰਿੰਗ ਦਾ ਪ੍ਰਬੰਧ ਫਾਈਵ ਰਿਵਰਜ਼ ਫਿਸ਼ ਵਾਲੇ ਮਿ: ਸ਼ਾਹਗੀਰ ਸਿੰਘ ਗਿੱਲ ਵਲੋਂ ਕੀਤਾ ਗਿਆ ਸੀ।

# ਏਕ ਜੋਤ ਦੋਇ ਮੂਰਤੀ

ਰਾਮ ਸਿੰਘ ਢਿੱਲੋਂ ਸਰੀ (ਗੋਰਾਇਆ)

ਮਜ਼੍ਹਬੀ - ਥੀਊਰੀ ਮੁਜਬ, ਰੱਬ ਨੇ ਪਹਿਲਾਂ ਆਪਣੀ ਸ਼ਕਤੀ ਦਵਾਰਾ ਆਦਮ (ਆਦਮੀ) ਬਣਾਇਆ ਤੇ ਫੇਰ ਦੁਨੀਆਂ ਦੇ ਵਾਧੇ ਲਈ, ਆਦਮੀ ਦੇ ਸਰੀਰ ਦੀ ਇਕ ਪੱਸਲੀ ਕੱਢ, ਓਹਦਾ ਉਮਰ-ਸਾਥੀ, ਈਵ, ਭਾਵ ਔਰਤ ਬਣਾਈ। ਔਰਤ ਚੂੰਕਿ ਮਰਦ ਦੇ ਹੀ ਸਰੀਰ ਦਾ ਇਕ ਅੰਗ ਹੈ ਜਿਹਨੂੰ ਕਿ ਅਰਧੰਗੀ ਭਾਵ ਅੱਧਾ ਸਰੀਰ ਵੀ ਆਖਦੇ ਹਨ ਸੋ ਇਨ੍ਹਾਂ ਦੇ ਆਪਸੀ ਪਿਆਰ ਦਾ ਹੋਣਾ ਕੁਦਰਤੀ ਹੈ ਤੇ ਇਹ ਅਮਲ ਵਿਚ, ਏਕ ਜੋਤ ਦੋਇ ਮੂਰਤੀ ਪ੍ਰਤੱਖ ਹੈਨ। ਜੇ ਕੋਈ ਜੋੜਾ ਇਕ ਜੋਤ ਬਣਕੇ ਨਹੀਂ ਰਹਿ ਸਕਦਾ ਤਾਂ ਇਹ ਬਦਕਿਸਮਤੀ ਹੀ ਆਖੀ ਜਾ ਸਕਦੀ ਹੈ।

ਇਨਸਾਨ, ਚੂੰਕਿ ਇਕੱਲਾ ਹੀ ਏਸ ਸੰਸਾਰ ਵਿਚ ਆਉਂਦਾ ਹੈ ਤੇ ਇਕੱਲਾ ਹੀ ਤੁਰ ਜਾਂਦਾ ਹੈ, ਕਿੱਧਰੇ ਮਰਦ ਪਹਿਲਾਂ ਤੁਰ ਜਾਂਦਾ ਹੈ ਤੇ ਕਿਧਰੇ ਓਹਦਾ ਵਿਰੋਧੀ ਲਿੰਗ ਔਰਤ ਤੁਰ ਜਾਂਦੀ ਹੈ ਤੇ ਵਸਦੇ ਰਸਦੇ ਘਰ ਦੇ ਖੁਸ਼ੀ ਦੇ ਖੇੜੇ ਨੂੰ ਉਦਾਸ, ਵੀਰਾਨ ਤੇ ਜਿੰਦ-ਹੀਨ ਕਰ ਚਲਦੀ ਬਣਦੀ ਹੈ। ਇਕੱਲੇ ਮਰਦ ਨੂੰ ਔਰਤ ਦਾ ਸਾਥ ਇਕ ਸਟੇਜੀ-ਡਰਾਮਾ ਜਾਪਣ ਲਗ ਪੈਂਦਾ ਹੈ, ਭਾਵੇਂ ਓਹ ਸਾਥ 10 ਸਾਲ ਨਿਭਿਆ ਹੋਵੇ ਤੇ ਭਾਵੇਂ 30-35 ਸਾਲ ਤੇ ਭਾਵੇਂ ਇਸ ਤੋਂ ਵੀ ਵਧੇਰੇ। ਪਰ ਹਮੇਸ਼ਾਂ ਯਾਦ ਰੱਖੋ, ਤੁਸੀਂ ਇਕੱਲੇ ਨਹੀਂ ਜੀਹਦੇ ਨਾਲ ਇਹ ਭਾਣਾ ਵਰਤਿਆ ਹੈ, ਮਿਲੀਅਨਜ਼ ਨਾਲ ਅਜ ਤੋਂ ਪਹਿਲਾਂ ਵਰਤ ਚੁਕਾ ਹੈ ਤੇ ਮਿਲੀਅਨਜ਼ ਨਾਲ ਅਗੋਂ ਵਰਤਣਾ ਵੀ ਅਵੱਸ਼ ਹੈ।

ਧੀਆਂ-ਪੁਤਰਾਂ ਤੇ ਅਗੋਂ ਉਨ੍ਹਾਂ ਦੇ ਪ੍ਰਵਾਰ-ਫੁਲਵਾੜੀ ਭਾਵੇਂ ਜਿੰਨੀ ਵੀ ਸੋਹਣੀ, ਪਿਆਰੀ, ਆਗਿਆਕਾਰ ਤੇ ਦਰਦਵੰਡਾਊ ਕਿਉਂ ਨਾ ਹੋਣ, ਮਰਦ ਦੀ ਅਰਧੰਗੀ-ਘਾਟ, ਘਰ, ਬਾਹਰ ਹਰ ਸਮੇਂ ਮਰਦ ਨੂੰ ਵੱਢ ਵੱਢ ਖਾਂਦੀ ਰਹਿੰਦੀ ਹੈ ਤੇ ਸਰੀਰ ਨੂੰ ਜਿਵੇਂ ਘੁਣ ਲਗਦਾ ਜਾਂਦਾ ਬੰਦਾ ਮਹਿਸੂਸ ਕਰਦਾ ਹੈ।

ਆਪਣੇ ਕਬੀਲਦਾਰ ਮਿਤਰ-ਪਿਆਰਿਆਂ ਦਾ ਮੇਲਜੋਲ ਵੀ ਜਿਵੇਂ ਮਰਦ ਨੂੰ ਚੰਗਾ ਨਹੀਂ ਲਗਦਾ ਤੇ ਇਹ ਤੰਤਾ ਹੌਲੀ ਹੌਲੀ ਕਿਰਦਾ, ਭੁਰਦਾ, ਘਟਦਾ ਘਟਦਾ ਜਿਵੇਂ ਬੰਦ ਹੀ ਹੋ ਜਾਂਦਾ ਹੈ। ਔਰਤ ਮਰਦ ਦੀ ਤੇ ਮਰਦ ਔਰਤ ਦੀ ਇੱਜ਼ਤ ਹੋਇਆ ਕਰਦਾ ਹੈ; ਜਿਹੜੀ ਮੇਲ ਮਿਲਾਪ ਖੁਲ੍ਹ ਡੁਲ੍ਹ ਇਕ ਜੋੜੇ ਦੀ ਸ਼ਕਲ ਵਿਚ ਵਿਅਕਤੀ ਐਨਜੌਇ ਕਰਦਾ ਆਇਆ ਹੈ, ਏਸ ਪਖੋਂ ਓਹਨੂੰ ਇਕੱਲੇ ਇਕੈਹਰੇ ਨੂੰ ਗਲ-ਘੋਟੂ ਆਉਂਦਾ ਮਹਿਸੂਸ ਹੋਣ ਲਗ ਜਾਂਦਾ ਹੈ ਤੇ ਓਹਦੇ ਮਿੱਤਰ-ਦੋਸਤ ਪਰਵਾਰ ਵੀ ਰੰਡੇ ਵਿਅਕਤੀ ਨੂੰ ਸ਼ੱਕ ਦੀ ਨਜ਼ਰ ਦੇਖਣ ਲੱਗ ਜਾਂਦੇ ਹਨ, ਕਿਉਂ ਜੋ ਸਾਡੀ ਭਾਈਚਾਰਕ ਸੋਚ ਕਰੈਕਟਰ-ਹੀਣ ਹੈ ਤੇ ਅਸੀਂ ਦੂਜੇ ਨੂੰ ਆਪਣੀ ਐਨਕ ਨਾਲ ਹੀ ਜੱਦਾਂ ਪੁਸ਼ਤਾਂ ਤੋਂ ਦੇਖਣ ਦੇ ਆਦੀ ਹੋ ਚੁਕੇ ਹਾਂ, ਸਾਡੀ ਅੰਦਰਲੀ ਐਨਕ ਸ਼ੱਕ-ਰਹਿਤ ਨਹੀਂ ਹੈ।

ਵਿਛੜੀ ਰੂਹ ਦੇ ਵਿਯੋਗ ਵਿਚ ਜਿੰਨੀ ਮਰਜ਼ੀ ਓਹਦੇ ਨਾਮ ਦੀ ਮਾਲਾ ਫੇਰੋ, ਅੰਤਰ-ਧਿਆਨ ਹੋ, ਓਹਦੀ ਮੂਰਤ ਮਨ-ਨੇਤਰਾਂ ਅਗੇ ਲਿਆ ਓਹਦੇ ਨਾਲ ਗੱਲਾਂ ਕਰਨ ਦੀ ਜਿੰਨੀ ਮਰਜ਼ੀ ਕੋਸ਼ਿਸ਼ ਕਰੋ, ਸ਼ਾਹਜਹਾਨ ਬਾਦਸ਼ਾਹ ਬੁਢੇਪੇ ਤੋਂ ਵੀ ਅਗੇਤਰਾ ਓਹਦੀ ਯਾਦ ਵਿਚ ਮਨ, ਚੇਹਰੇ ਤੇ ਸਰੀਰ ਤੇ ਝੁਰੜੀਆਂ ਪਾ ਲਵੇ, ਅੱਖਾਂ ਦੇ ਭਰਵੱਟੇ ਤੇ ਝੰਮਣਾਂ ਨੂੰ ਧੌਲੇ ਵੱਗੇ ਕਰ, ਨੀਵੀਂ ਪਾ, ਗੁਆਚੀ ਗੁਆਚੀ ਨਜ਼ਰੇ ਲਕੋ ਬੇਸ਼ਕ ਝਾਕਦੇ ਰਹੇ, ਓਸ ਵਿਛੜੀ ਰੂਹ ਨੂੰ ਕੋਈ ਤਸੱਲੀ ਨਹੀਂ ਕੋਈ ਲਾਭ ਨਹੀਂ, ਓਹਨੂੰ ਕੋਈ ਖਰਾਜ ਤੈਹਸੀਨ ਨਹੀਂ, ਕਿਉਂ ਜੋ ਓਹ ਤੇ, "ਜਿਉਂ ਜਲ ਮੇਂ ਜਲ ਆਏ ਖਟਾਨਾਂ, ਤਿਉਂ ਜੋਤੀ ਸੰਗ ਜੋਤ ਸਮਾਨਾਂ" ਓਹਦਾ ਸਾਥ ਤੇ ਓਹਦੇ ਆਖਰੀ ਸਾਹ ਤੱਕ ਹੀ ਮਹਿਦੂਦ ਸੀ, ਸੋ ਝੂਰੇਮਾ, ਸਰੀਰ ਨੂੰ ਘੁਣ ਲਾਉਣਾ ਵਿਅਰਥ ਹੈ, ਉਸ ਵਿਛੜੀ ਰੂਹ ਨੂੰ ਕਤਅੱਨ ਕੋਈ ਲਾਭ ਨਹੀਂ, ਅਲਬੱਤਾ ਜੀਉਂਦੀ-ਜਾਨ ਨੂੰ ਨੁਕਸਾਨ ਜ਼ਰੂਰ ਹੈ।

ਹਿੰਦੁਸਤਾਨ ਦਾ ਇਕ ਮੁਸਲਮਾਨ ਬਾਦਸ਼ਾਹ ਹੋਇਆ ਹੈ, ਬੜਾ ਹੀ ਖੁਦਾ-ਤਰਸ, ਸਤਜੁਗੀ ਮਹਾਂਪੁਰਸ਼ ਸੀ, ਓਹ ਆਪਣੇ ਆਪ ਨੂੰ ਦੇਸ਼ ਦਾ ਕਾਬਜ਼-ਹਾਕਮ ਹੋਣ ਦੀ ਬਜਾਏ ਪਰਜਾ ਦਾ ਰਾਖਾ-ਚੌਂਕੀਦਾਰ ਸਮਝਦਾ ਸੀ। ਓਹ ਰਾਜ-ਖਜ਼ਾਨੇ ਨੂੰ ਪਰਜਾ ਦੀ ਮਲਕੀਅਤ ਦੱਸਦਾ ਤੇ ਇਸਦਾ ਇਕ ਇਕ ਟਕਾ, ਦੇਸ਼ ਤੇ ਪਰਜਾ ਦੀ ਬੇਹਤਰੀ ਲਈ ਖਰਚਦਾ। ਓਹ ਪੰਜ-ਵਕਤਾ ਨਮਾਜ਼ੀ ਸੀ ਤੇ ਓਹਦੀ ਇਕੋ ਹੀ ਸ਼ਾਦੀ ਸੀ, ਦੋਵੇਂ ਮੀਆਂ-ਬੀਵੀ ਆਪਣਾ ਨਿਰਬਾਹ, ਟੋਪੀਆਂ ਤੇ ਮੁੱਸਲੇ (ਵਛਾਕੇ ਨਮਾਜ਼ ਪੜ੍ਹਨ ਵਾਲੀ ਛੋਟੀ ਦਰੀ ਜਾਂ ਗਲੀਚਾ ਜੇਹਾ) ਬੁਣਕੇ ਤੇ ਉਨ੍ਹਾਂ ਉਪਰ ਕਸ਼ੀਦਾ-ਕਾਰੀ ਕਰਕੇ, ਵੇਚ-ਵੱਟਕ ਨਾਲ ਰਾਸ਼ਨ ਤੇ ਪਹਿਨਣ ਆਦਿ ਚੀਜ਼ਾਂ ਮੁੱਲ ਖਰੀਦਦੇ ਤੇ ਕਾਗਜ਼ਾਂ ਉਪਰ ਕੁਰਾਨ ਸ਼ਰੀਫ ਦੀਆਂ ਇਆਇਤਾਂ (ਸ਼ਲੋਕ) ਲਿਖ, ਲੋਕਾਂ ਵਿਚ ਮੁਫਤ ਵੰਡਦੇ ਭਾਵ ਜਨਤਾ ਨੂੰ ਸਿਧੇ-ਰਾਹ ਪਾਉਣ ਤੇ ਦਸਾਂ ਨੌਹਾਂ ਦੀ ਕਿਰਤ ਆਦਿ ਵਿਚ ਵਿਸ਼ਵਾਸ ਰੱਖਣ ਲਈ ਖੁਦਾ ਦਾ ਵਾਸਤਾ ਪਾਉਂਦੇ। ਏਰੇ ਹੀ ਬੱਸ ਨਹੀਂ ਓਹ ਆਪਣੀ ਦਸਾਂ ਨੌਹਾਂ ਦੀ ਕਮਾਈ ਵਿਚੋਂ ਜ਼ਕਾਤ (ਸਿਖਾਂ ਦੇ ਦਸਵੰਧ ਵਾਂਗ ਗਿਆਰਵਾਂ ਹਿੱਸਾ) ਕੱਢ, ਖੈਰਾਇਤ ਵਜੋਂ ਲੋੜਕੂਆਂ ਵਿਚ ਵੰਡਦਾ। ਓਹਦੀ ਮਲਿਕਾ, ਉਪਰੋਕਤ ਮੇਹਨਤ-ਮਜ਼ੂਰੀ ਹਿੱਸਾ ਪਾਉਣ ਤੋਂ ਇਲਾਵਾ, ਆਪਣੇ ਖਾਵੰਦ ਲਈ, ਬੜੇ ਪ੍ਰੇਮ ਨਾਲ ਦਾਲਾਂ ਸਬਜ਼ੀਆਂ ਚੁਗ-ਬਣਾ, ਆਪਣੇ ਹੱਥੀਂ ਇਕ ਵਧੀਆ ਖਾਨਸਾਮੇਂ ਵਾਂਗ ਤਿਆਰ ਕਰ ਤੇ ਪਰੋਸ ਦੋਵੇਂ ਇਕੱਠੇ ਬੈਠ ਖਾਂਦੇ ਤੇ ਖਾਣੇ ਦੀ ਇਕ ਇਕ ਗਰਾਹੀ ਦਾ ਸਵਾਦ ਮਾਣਦੇ ਤੇ ਅੱਲਾ-ਤਆਲਾ ਦੀ ਰਹਿਮਤ ਦਾ ਲੱਖ ਲੱਖ ਸ਼ੁਕਰ ਕਰਦੇ, ਓਹ ਬਾਦਸ਼ਾਹ ਲਿਖਦਾ ਹੈ, "ਔਰਤ, ਮਰਦ ਦੀ ਇੱਜ਼ਤ ਤੇ ਈਮਾਨ ਹੈ, ਜੇ ਅੱਲਾ ਤਆਲਾ, ਕਿਸੇ ਗਲੋਂ ਤੁਹਾਡੇ ਨਾਲ ਨਾਰਾਜ਼ ਹੋ ਤੁਹਾਡਾ ਇਹ ਈਮਾਨ ਤੁਹਾਥੋਂ ਛੀਨ(ਖੋਹ) ਲੈਂਦਾ ਹੈ ਤੇ ਜੇ ਤੁਸੀਂ ਚਾਹੁੰਦੇ ਹੋ ਤੁਹਾਡਾ ਭਾਈਚਾਰਕ ਕਾਰਵਿਹਾਰ ਬਦਸਤੂਰ ਕਾਇਮ ਰਹੇ, ਭਾਈਚਾਰੇ ਦੀਆਂ ਨਜ਼ਰਾਂ 'ਚ ਤੁਸੀਂ ਗਿਰ ਨਾ ਜਾਵੋ, ਤੁਹਾਡੀ 25-30 ਸਾਲਾਂ ਦੀ ਭਾਈਚਾਰਕ ਕੀਤੀ ਕਮਾਈ ਅਜਾਈਂ ਨਾ ਜਾਏ, ਲੋਕੀ ਤੁਹਾਨੂੰ ਸ਼ੱਕ ਦੀ ਨਜ਼ਰੇ ਝਾਕ ਤੁਹਾਡੇ ਵੱਲ ਉਂਗਲਾਂ ਜਾਂ ਨਕ ਬੁੱਲ੍ਹ ਨਾ ਕੱਢਣ ਤਾਂ ਹੌਂਸਲਾ ਕਰਕੇ ਜੇਰਾ ਕਰਕੇ ਆਪਣੇ ਇੱਜ਼ਤ-ਈਮਾਨ ਦੀ ਤਲਾਸ਼ ਕਰੋ ਕੋਈ ਹੋਰ ਉਮਰ-ਸਾਥੀ ਲੱਭੋ, ਪਰ ਹਮੇਸ਼ਾਂ ਖਿਆਲ ਰੱਖੋ, ਉਮਰ-ਸਾਥੀ ਹਮ-ਉਮਰਾ ਹੋਣਾ ਅਤਿ-ਜ਼ਰੂਰੀ ਹੈ। ਤੁਹਾਡਾ ਇਹ ਹੌਂਸਲਾ-ਅਮਲ, ਹੋ ਸਕਦਾ ਕਿਸੇ ਨੂੰ ਨਾ ਵੀ ਚੰਗਾ ਲੱਗੇ, ਪਰ ਕੇਵਲ ਇਕ ਵਾਰ ਤੇ ਬੜੇ ਥੋੜੇ ਚਿਰ ਲਈ, ਪਰ ਤੁਸੀਂ ਬਾਕੀ ਸਾਰੀ ਉਮਰ ਭਾਈਚਾਰੇ ਦੀਆਂ ਉਂਗਲਾਂ ਤੋਂ ਬਚ ਜਾਓਗੇ ਤੇ ਤੁਹਾਡਿਆਂ ਵਿਚ ਤੁਹਾਡਾ ਬਣਿਆ ਵਕਾਰ ਬਦਸੂਤਰ ਕਾਇਮ ਰਹੇਗਾ।" ਓਹ ਬਾਦਸ਼ਾਹ ਕਹਿੰਦਾ ਹੈ।

ਕਿਧਰੇ ਓਹ ਰੱਬ-ਸਰੂਪ ਬਾਦਸ਼ਾਹ ਤੇ ਕਿਧਰੇ ਅਜੋਕੇ ਬਾਦਸ਼ਾਹ ਤੇ ਬਾਦਸ਼ਾਹਾਂ ਵਰਗੇ ਹੀ ਧਨਾਢ, ਜਿਹੜੇ ਇਕ ਪਾਸੇ ਤਾਂ ਜਨਤਾ ਦੇ ਗਲ ਘੁੱਟ, ਉਨ੍ਹਾਂ ਦੀ ਰੋਟੀ ਦੀ ਬੁਰਕੀ ਵੀ ਖੋਹਣੋ ਝਿਜਕਦੇ ਨਹੀਂ ਤੇ ਦੂਜੇ ਬੰਨੇ ਧਰਮ ਅਸਥਾਨਾਂ ਨੂੰ ਮੋਟੇ ਦਾਨ ਕਰਕੇ ਆਪਣੇ ਪਾਪਾਂ ਤੇ ਪਰਦਾ ਪਾਉਣ ਦਾ ਅਡੰਬਰ ਰਚਦੇ ਸ਼ਰਮਾਂਦੇ ਨਹੀਂ।

ਮੇਰਾ ਲਿਖਿਆ ਕੋਈ ਅੱਖਰ ਜੇ ਕਿਸੇ ਨੂੰ ਨਾਗਵਾਰ ਗੁਜ਼ਰਿਆ ਹੋਵੇ ਤਾਂ ਖਿਮਾਂ ਦਾ ਜਾਚਕ ਹਾਂ।

## ਨਜ਼ਮ ਮੈਂ ਜੋ ਸੜ ਰਿਹਾ ਹਾਂ


ਜੋਗਾ ਸਿੰਘ

ਮਨ ਤਾਂ ਬਹੁਤ ਕਰਦਾ ਹੈ ਕਿ ਤੱਕੀ ਹੀ ਜਾਵਾਂ
ਉਡਦੀਆਂ ਕੂੰਜਾਂ, ਦੌੜਦੇ ਘੋੜੇ, ਸ਼ੂਕਦੇ ਦਰਿਆ, ਵਹਿੰਦੀਆਂ ਨਦੀਆਂ
ਸੁੱਤੀਆਂ ਝੀਲਾਂ, ਅਥਾਹ ਸਹਿਰਾ, ਤੇ ਵਸਦੇ ਰਸਦੇ ਤੇ ਹੱਸਦੇ ਘਰ।

ਪਰ ਕਮਬਖਤ ਨਜ਼ਰ ਹੈ ਕਿ—ਆਪਣੇ ਹੀ ਪੈਰਾਂ ਦੇ ਪੋਟਿਆਂ ਤੋਂ
ਅਗਾਂਹ ਜਾਣ ਦੀ ਜੁੱਰਅਤ ਨਹੀਂ ਕਰਦੀ
ਮੈਂ ਪੋਟਿਆਂ ਵੱਲ ਤੱਕਦਾ ਸੋਚ ਰਿਹਾ ਹਾਂ—
ਕਿ ਸੂਰਜ ਹੁਣ ਮੇਰੇ ਸਿਰ ਉਤੋਂ
ਕਿੰਨੇ ਨੇਜ਼ਿਆਂ ਦੀ ਵਿੱਥ ਉਤੇ ਹੋਵੇਗਾ?
ਕਿਉਂ ਜੁ ਮੈਨੂੰ ਆਪਣਾ ਹੀ ਪਰਛਾਵਾਂ ਨਹੀਂ ਦਿਸਦਾ!
ਤੇ ਯਾਦ ਆਉਂਦੇ ਹਨ ਮੁਹੱਰਮ ਦੇ ਉਹ ਦਿਨ
ਜਦੋਂ ਕਰਬਲਾ ਨੂੰ ਯਾਦ ਕਰਕੇ ਲੋਕ, ਛਾਤੀਆਂ ਪਿਟਦੇ, ਲਹੂ-ਲੁਹਾਣ ਹੁੰਦੇ
ਨੰਗੇ ਪੈਰੀਂ ਭਖਦੇ ਕੋਲਿਆਂ ਉਤੋਂ ਦੀ ਤੁਰਦੇ ਹਨ!

ਪਰ ਮੈਂ ਤਾਂ ਭਖਦੇ ਕੋਲਿਆਂ ਉਤੇ ਖੜ੍ਹਾ ਹਾਂ
ਤੇ ਇਕ-ਟਕ ਸੜਦੇ ਪੋਟਿਆਂ ਨੂੰ ਸਿਰਫ ਦੇਖ ਰਿਹਾ ਹਾਂ!
ਮੇਰੀਆਂ ਸਭ ਗਿਆਨ-ਇੰਦਰੀਆਂ ਸੁੰਨ ਹਨ
ਨੱਕ ਨੂੰ ਸੜਦੇ ਮਾਸ ਤੱਕ ਦੀ ਬੂ ਤੱਕ ਨਹੀਂ ਆਉਂਦੀ!
ਅੱਖਾਂ ਪਾਸੇ ਦੀ ਖੂਬਸੂਰਤੀ ਨਹੀਂ;
ਸਗੋਂ ਸੜਦੇ ਪੋਟਿਆਂ, ਪਾਤਲੀਆਂ ਨੂੰ ਤੱਕ ਰਹੀਆਂ ਹਨ!
ਕੰਨਾਂ ਨੂੰ ਹਵਾ ਤੱਕ ਦੀ ਆਵਾਜ਼ ਨਹੀਂ ਸੁਣਦੀ!
ਹੋਠਾਂ ਨੂੰ ਮਹਿਸੂਸ ਨਹੀਂ ਹੁੰਦਾ ਕਿ, ਇਹਨਾਂ ਉਤੇ ਸਿੱਕਰੀ ਜੰਮੀ ਹੈ
ਜਾਂ ਕਿਸੇ ਸੁਰਾ ਨਾਲ ਲਬਰੇਜ਼ ਹਨ!
ਜ਼ਹਨ 'ਚ ਖਿਆਲ ਤੱਕ ਨਹੀਂ ਆ ਰਿਹਾ ਕਿ—
ਸੂਰਜ ਇਸ ਵੇਲੇ ਮੇਰੇ ਸਿਰ ਉਤੋਂ
ਸਿਰਫ ਸਵਾ ਨੇਜ਼ੇ ਦੀ ਵਿੱਥ ਉਤੇ ਬਲ ਰਿਹਾ ਹੈ!

ਬੱਸ, ਇਸ ਘੜੀ ਮੈਂ, ਭਖਦੇ ਕੋਲਿਆਂ ਉਤੇ ਖੜ੍ਹਾ
ਜ਼ੱਰਾ-ਜ਼ੱਰਾ ਸੜ ਰਿਹਾ ਹਾਂ!
ਤੇ ਸੜਦੇ ਪੋਟਿਆਂ ਤੇ ਪਾਤਲੀਆਂ ਨੂੰ, ਸਿਰਫ ਤੱਕ ਰਿਹਾ ਹਾਂ!
ਮੈਂ, ਕਿ ਜਿਸ ਕੋਲ ਇਸ ਘੜੀ, ਆਪਣਾ ਪਰਛਾਵਾਂ ਵੀ ਨਹੀਂ ...।




## ਪ੍ਰਾਣ ਦੀਆਂ ਕੀ ਰੀਸਾਂ

ਬੁੱਢੇ ਹੋ ਜਾਣ ਦੇ ਬਾਵਜੂਦ ਜੋ ਬੁੱਢੇ ਬਿਲਕੁਲ ਨਹੀਂ ਜਾਪਦੇ, ਅਜਿਹੇ ਐਕਟਰਾਂ ਵਿਚ ਦੇਵ ਆਨੰਦ ਤੋਂ ਬਾਅਦ ਪ੍ਰਾਣ ਦਾ ਨਾਂ ਆਉਂਦਾ ਹੈ। ਉਹ 60 ਵਰ੍ਹਿਆਂ ਤੋਂ ਉਪਰ ਦਾ ਹੋ ਚੁੱਕਾ ਹੈ ਪਰ ਅਜੇ ਵੀ ਮੇਕਅੱਪ ਵਿਚ ਸਕਰੀਨ ਉਪਰ ਮਸੀਂ 45-50 ਵਰ੍ਹਿਆਂ ਦਾ ਲਗਦਾ ਹੈ। ਉਹਦੀ ਚਾਲ ਵਿਚ ਪਹਿਲਾਂ ਵਾਲੀ ਫੁਰਤੀ ਹੈ ਤੇ ਆਵਾਜ਼ ਵੀ ਉਸੇ ਤਰ੍ਹਾਂ ਦੀ ਗੜ੍ਹਕਦੀ ਹੈ ਜਿਵੇਂ 50ਵਿਆਂ 'ਚ ਉਭਰਦੀ ਸੀ।

ਭਾਰਤੀ ਫਿਲਮਾਂ ਵਿਚ ਸੈਂਕੜੇ ਖਲਨਾਇਕ ਆਏ ਤੇ ਆਉਂਦੇ ਰਹਿਣਗੇ। ਪਰ ਪ੍ਰਾਣ ਨੇ ਜੋ ਗੂੜ੍ਹੀਆਂ ਪੈੜਾਂ ਕਰ ਦਿੱਤੀਆਂ ਹਨ, ਉਨ੍ਹਾਂ ਨੂੰ ਮਿਟਾਉਣਾ ਮੁਸ਼ਕਲ ਹੀ ਨਹੀਂ ਅਸੰਭਵ ਹੈ। ਹੋ ਸਕਦੇ ਸਮਾਂ ਪਾ ਕੇ ਕੇ. ਐਨ ਸਿੰਘ ਤੇ ਸ਼ੇਖ ਮੁਖਤਾਰ ਵਰਗਿਆਂ ਦਾ ਖਲਨਾਇਕੀ ਦੇ ਇਤਿਹਾਸ 'ਚ ਜ਼ਿਕਰ ਮੱਧਮ ਪੈ ਜਾਵੇ ਪਰ ਉਨ੍ਹਾਂ ਦੇ ਹੀ ਸਮਿਆਂ ਤੋਂ ਚਲੇ ਆ ਰਹੇ ਪ੍ਰਾਣ ਦਾ ਸਥਾਨ ਸੁਰੱਖਿਅਤ ਹੈ ਤੇ ਨਿਸਚਿਤ ਹੈ।

ਐਕਟਰ ਉਹੀਓ ਹੰਢਦਾ ਜੋ ਅਦਾਕਾਰੀ ਵਿਚ ਮੌਲਿਕ ਹੋਵੇ ਤੇ ਨਿਵੇਕਲਾ ਵੀ। ਪ੍ਰਾਣ ਵਿਚ ਇਹ ਦੋਵੇਂ ਖੂਬੀਆਂ ਹਨ। ਫਿਲਮ ਲਾਈਨ ਵਿਚ ਪੈਣ ਤੋਂ ਪਹਿਲਾਂ ਪ੍ਰਾਣ ਸ਼ਿਮਲੇ ਵਿਚ ਫੋਟੋਗ੍ਰਾਫੀ ਦਾ ਕੰਮ ਕਰਦਾ ਹੁੰਦਾ ਸੀ। ਸੰਨ 1939 ਵਿਚ ਲੇਖਕ-ਨਿਰਦੇਸ਼ਕ ਵਲੀ ਸਾਹਿਬ ਨਾਲ ਉਹਦਾ ਅਚਾਨਕ ਸੰਪਰਕ ਹੋਇਆ। ਵਲੀ ਸਾਹਿਬ ਨੇ ਕਿਹਾ ਤੂੰ ਇਹ ਧੰਦਾ ਛੱਡ ਤੇ ਫਿਲਮਾਂ ਵਿਚ ਚਲਾ ਜਾਹ। ਪਰ ਉਹ ਮੰਨਣ ਨੂੰ ਤਿਆਰ ਨਹੀਂ ਸੀ। ਉਹਨੀਂ ਦਿਨੀਂ ਉਹ ਫੋਟੋਗਰਾਫੀ ਤੋਂ 200 ਰੁਪਏ ਮਹੀਨੇ ਦੇ ਕਮਾ ਲੈਂਦਾ ਸੀ। ਪਰ ਹੌਲੀ ਹੌਲੀ ਐਸੀ ਖੁਤਖੁਤੀ ਲਗੀ ਕਿ ਲਾਹੌਰ ਦੀ ਫਿਲਮ ਨਗਰੀ ਵਿਚ ਜਾ ਵੜਿਆ। ਉਥੇ ਉਸ ਨੇ 30 ਰੁਪਏ ਮਹੀਨੇ 'ਤੇ ਬਤੌਰ ਐਕਟਰ ਨੌਕਰੀ ਸ਼ੁਰੂ ਕੀਤੀ। ਕਿੱਥੇ 200 ਰੁਪਏ ਤੇ ਕਿੱਥੇ ਤੀਹ ਰੁਪਏ। ਪਰ ਸ਼ੌਂਕ ਦਾ ਕੋਈ ਮੁੱਲ ਨਹੀਂ। ਉਦੋਂ ਫਿਲਮ ਕੰਪਨੀਆਂ ਹੁੰਦੀਆਂ ਸਨ ਜੋ ਐਕਟਰ ਭਰਤੀ ਕਰ ਲੈਂਦੀਆਂ ਸਨ ਤੇ ਇਉਂ ਬੱਝਵੀਂ ਤਨਖਾਹ ਉਪਰ ਕੰਮ ਕਰਵਾਉਂਦੀਆਂ ਸਨ।

ਹਿੰਦੀ ਫਿਲਮਾਂ ਦੇ ਇਸ ਉਘੇ ਖਲਨਾਇਕ ਪ੍ਰਾਣ ਦੀ ਪਹਿਲੀ ਫਿਲਮ ਹਿੰਦੀ ਨਹੀਂ ਬਲਕਿ ਪੰਜਾਬੀ ਸੀ ਜਿਸ ਨੂੰ ਡੀ. ਐਮ. ਪੰਚੋਲੀ ਨੇ ਬਣਾਇਆ ਸੀ। ਫਿਲਮ ਦਾ ਨਾਂ 'ਯਮਲਾ ਜੱਟ' ਸੀ। ਪ੍ਰਾਣ ਇਸ ਦਾ ਹੀਰੋ ਸੀ ਤੇ ਅੰਜਨਾ ਹੀਰੋਇਨ। ਅਗਾਂਹ ਜਾ ਕੇ ਵੀ ਪ੍ਰਾਣ ਨੇ ਹੀਰੋ ਵਜੋਂ 'ਖਾਨਦਾਨ', 'ਪਿਲਪਿਲੀ ਸਾਹਿਬ' ਤੇ 'ਸ਼ੀਸ਼ੇ ਦੀ ਦੀਵਾਰ' ਆਦਿ ਫਿਲਮਾਂ ਕੀਤੀਆਂ। ਓਦੂੰ ਬਾਅਦ ਦੇਸ਼ ਦੇ ਟੋਟੇ ਹੋ ਗਏ। ਲਾਹੌਰ ਨੂੰ ਛੱਡਣਾ ਪਿਆ। ਉਹਨੇ ਏਧਰ ਆ ਕੇ ਪਹਿਲਾਂ ਤਾਂ ਹੋਰ ਕੋਈ ਧੰਦਾ ਕਰਨ ਦੀ ਸੋਚੀ ਪਰ ਫਿਲਮਾਂ ਦਾ ਪੱਕ ਚੁਕਾ ਸੁਆਦ ਉਸਨੂੰ ਬੰਬਈ ਲੈ ਗਿਆ। ਇਕ ਸਾਲ ਬੰਬਈ ਵਿਚ ਪ੍ਰਾਣ ਨੂੰ ਕੋਈ ਫਿਲਮ ਨਾ ਮਿਲੀ ਫਿਰ ਕਿਤੇ ਬੰਬੇ ਟਾਕੀਜ਼ ਵਾਲਿਆਂ ਦੇ ਮਨ ਮਿਹਰ ਪੈ ਗਈ ਤੇ ਉਹ 'ਜ਼ਿੱਦੀ' 'ਚ ਆਇਆ ਫਿਲਮ ਚੱਲ ਨਿਕਲੀ ਤੇ ਉਸ ਦੇ ਨਾਲ ਹੀ ਚਾਰੇ ਪਾਸੇ ਪ੍ਰਾਣ-ਪ੍ਰਾਣ ਹੋ ਗਈ ਉਹ ਦਿਨ, ਆਹ ਦਿਨ। 'ਅਪਰਾਧੀ', 'ਗ੍ਰਹਿਸਥੀ' ਤੇ 'ਰਾਖੀ' ਤੋਂ ਲੈ ਕੇ 'ਦਿਲ ਦੀਆ ਦਰਦ ਲੀਆ', 'ਜਿਸ ਦੇਸ਼ ਮੇਂ ਗੰਗਾ ਬਹਤੀ ਹੈ' ਤੇ 'ਰਾਮ ਔਰ ਸ਼ਾਮ' ਵਿਚੋਂ ਦੀ ਹੁੰਦਾ ਹੋਇਆ, 'ਦਸ ਲਾਖ', 'ਪੱਥਰ ਕੇ ਸਨਮ' 'ਦੁਆ' ਤੇ 'ਸ਼ਰਾਬੀ' ਤੱਕ ਪ੍ਰਾਣ 280 ਫਿਲਮਾਂ ਵਿਚ ਸਕਰੀਨ 'ਤੇ ਆ ਚੁੱਕਾ ਹੈ।

'ਬੁਰੇ ਆਦਮੀ' ਦੇ ਰੋਲ ਨੂੰ ਪ੍ਰਾਣ ਨੇ ਏਨੀ ਸ਼ਿੱਦਤ ਅਤੇ ਖੂਬਸੂਰਤੀ ਨਾਲ ਨਿਭਾਇਆ ਕਿ ਉਹਦੇ ਬਾਰੇ ਆਮ ਇਹ ਗੱਲ ਆਖੀ ਜਾਂਦੀ ਹੈ ਕਿ ਸਕਰੀਨ ਉਪਰ ਪ੍ਰਾਣ ਦਾ ਚਿਹਰਾ ਦੇਖਦਿਆਂ ਹੀ ਔਰਤਾਂ ਗਾਲ੍ਹੀ ਕੱਢਣ ਲਗ ਜਾਂਦੀਆਂ ਸਨ, ਬੱਚੇ ਦਹਿਲ ਜਾਂਦੇ ਸਨ। ਇਕ ਹੋਰ ਗੱਲ ਵੀ ਬਣ ਚੁੱਕੀ ਹੈ ਕਿ ਭਾਰਤ ਵਿਚ ਪਿਛਲੇ ਤਿੰਨ ਚਾਰ ਦਹਾਕਿਆਂ 'ਚ ਹਜ਼ਾਰਾਂ ਬੱਚਿਆਂ ਦੇ ਨਾਂ ਰਾਜ ਕਪੂਰ, ਰਾਜ ਕੁਮਾਰ, ਸ਼ਮੀ ਕਪੂਰ, ਓਪ ਪ੍ਰਕਾਸ਼ ਰੱਖੇ ਗਏ ਪਰ ਅਜਿਹਾ ਬੱਚਾ ਕਿਧਰੇ ਟਾਵਾਂ ਹੀ ਮਿਲੇਗਾ ਜਿਸ ਦਾ ਨਾਂ ਉਸ ਦੇ ਮਾਪਿਆਂ ਨੇ ਪ੍ਰਾਣ ਰੱਖਿਆ ਹੋਵੇ। ਇਸ ਮਿਸਾਲ ਨੂੰ ਪ੍ਰਾਣ ਆਪਣੇ ਹੱਕ ਵਿਚ ਸਮਝਦਾ ਹੈ ਤੇ ਫਖਰ ਮਹਿਸੂਸ ਕਰਦਿਆਂ ਕਹਿੰਦਾ ਹੈ ਕਿ ਇਹ ਉਸ ਦੀ ਅਦਾਕਾਰੀ ਦਾ ਜੌਹਰ ਹੈ।


ਨਾਇਕਾਂ ਵਰਗਾ ਮਾਣ ਹਾਸਲ ਕਰਨ ਵਾਲਾ ਖਲਨਾਇਕ : ਪ੍ਰਾਣ।

ਫਿਲਮੀ ਦੁਨੀਆਂ 'ਚ ਇਕ ਭੇਡ-ਚਾਲ ਹੈ ਕਿ ਜਿਸ ਐਕਟਰ ਨੂੰ ਜਿਸ ਰੋਲ 'ਚ ਇਕ ਵਾਰ ਪ੍ਰਵਾਨਗੀ ਮਿਲ ਗਈ, ਉਸ ਉਪਰ ਸਦਾ ਸਦਾ ਲਈ ਉਹੀਓ ਮੋਹਰ ਲਗ ਜਾਂਦੀ ਹੈ। ਚਾਹਿਆ ਅਣਚਾਹਿਆਂ ਉਸ ਨੂੰ ਉਸੇ ਕਿਸਮ ਦੇ ਰੋਲ ਵਾਰ ਵਾਰ ਤੇ ਉਮਰ ਭਰ ਕਰਨੇ ਪੈਂਦੇ ਹਨ। ਪ੍ਰਾਣ ਨੂੰ ਵੀ ਲੰਮਾ ਅਰਸਾ ਇਹ ਸਜ਼ਾ ਭੁਗਤਣੀ ਪਈ। ਉਸ ਨੂੰ ਖਲਨਾਇਕ ਤੋਂ ਇਲਾਵਾ ਹੋਰ ਕਿਸੇ ਰੋਲ ਵਿਚ ਕਦੇ ਕੋਈ ਲੈਣ ਦੀ ਸੋਚਦਾ ਵੀ ਨਹੀਂ ਸੀ। ਪਰ ਇਹ ਖਤਰਾ ਉਠਾਇਆ ਫਿਲਮਕਾਰ ਮਨੋਜ ਕੁਮਾਰ ਨੇ। 'ਉਪਕਾਰ' ਵਿਚ ਪ੍ਰਾਣ ਨੂੰ ਮਲੰਗ ਬਾਬਾ ਦਾ ਰੋਲ ਦਿੱਤਾ। ਇਸ ਚਰਿਤਰ-ਭੂਮਿਕਾ ਨੂੰ ਪ੍ਰਾਣ ਨੇ ਜੀਅ-ਜਾਨ ਨਾਲ ਨਿਭਾਇਆ ਤੇ ਲੋਕਾਂ ਨੇ ਬੇਹੱਦ ਪਸੰਦ ਕੀਤਾ ਇਉਂ ਇਕ ਨਵੇਂ ਪ੍ਰਾਣ ਨੇ ਜਨਮ ਲਿਆ। ਉਸ ਤੋਂ ਬਾਅਦ 'ਦੇਸ਼ ਪ੍ਰਦੇਸ਼', 'ਜ਼ੰਜੀਰ', 'ਆਂਸੂ ਬਨ ਗਏ ਫੂਲ', 'ਲਾਖੋਂ ਮੇਂ ਏਕ', ਤੇ 'ਬਾਬੀ' ਵਰਗੀਆਂ ਫਿਲਮਾਂ ਵਿਚ ਪਹਿਲੇ ਪ੍ਰਾਣ ਨਾਲੋਂ ਹਟਵੇਂ ਪ੍ਰਾਣ ਨੂੰ ਲੋਕਾਂ ਨੇ ਦੇਖਿਆ। ਹਾਲਾਂ ਕਿ ਉਪਕਾਰ ਤੋਂ ਕਿਤਨਾ ਚਿਰ ਪਹਿਲਾਂ ਪੁਰਾਣੀ ਫਿਲਮ 'ਆਹ' ਅਤੇ 'ਸ਼ਹੀਦ' ਵਿਚ ਪ੍ਰਾਣ ਖਲਨਾਇਕੀ ਤੋਂ ਹਟਵੀਂ ਭੂਮਿਕਾ ਕਰ ਚੁਕਾ ਸੀ ਪਰ 'ਉਪਕਾਰ' ਨੇ ਪ੍ਰਸੰਸਾ ਵਧੇਰੇ ਪ੍ਰਾਪਤ ਕੀਤੀ।

ਖਲਨਾਇਕੀ ਤੇ ਗੰਭੀਰ ਰੋਲਾਂ ਤੋਂ ਇਲਾਵਾ ਪ੍ਰਾਣ ਦੀ ਅਦਾਕਾਰੀ ਦਾ ਇਕ ਹੋਰ ਵੱਖਰਾ ਰੂਪ ਵੀ ਹੈ, ਉਹ ਕਾਮੇਡੀਅਨ ਵਜੋਂ ਵੀ ਕਮਾਲਾਂ ਕਰਦਾ ਰਿਹਾ ਹੈ। 'ਵਿਕਟੋਰੀਆ ਨੰਬਰ 203' 'ਕਸ਼ਮੀਰ ਕੀ ਕਲੀ' ਅਤੇ 'ਦਸ ਲਾਖ' ਫਿਲਮਾਂ ਰਾਹੀਂ ਉਸ ਦਾ ਕਾਮੇਡੀ ਪੱਖ ਉਭਰਿਆ।

ਅਜੇ ਵੀ ਪ੍ਰਾਣ ਕੋਲ ਫਿਲਮੀ ਰੁਝੇਵਾਂ ਕਾਫੀ ਹੈ। ਉਹਦੀ 'ਇਮਾਨਦਾਰ' ਹੁਣੇ ਲਗ ਕੇ ਹਟੀ ਹੈ ਤੇ 'ਮੁਕੱਦਰ ਕਾ ਫੈਸਲਾ' ਰਿਲੀਜ਼ ਹੋਣ ਵਾਲੀ ਹੈ। ਆਮ ਜੀਵਨ ਵਿਚ ਪਾਣ ਨੂੰ ਸ਼ਰੀਫ ਆਦਮੀ ਕਰ ਕੇ

ਬਾਕੀ ਪੰਨਾ 31 'ਤੇ

ਪੰਨਾ 30 ਦੀ ਬਾਕੀ

ਜਾਣਿਆ ਜਾਂਦਾ ਹੈ। ਉਹ ਪੁੱਜ ਕੇ ਮਿਲਣਸਾਰ ਹੈ। ਪੁਰਾਣੇ ਗੁਮਨਾਮ ਤੇ ਬੇਸਹਾਰਾ ਐਕਟਰਾਂ ਲਈ ਉਹ ਰੋਟੀ-ਰੋਜ਼ੀ ਦਾ ਪ੍ਰਬੰਧ ਕਰਦਾ ਹੈ। ਉਹ ਆਪਣੇ ਜੀਵਨ ਤੇ ਫਿਲਮੀ ਜੀਵਨ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ। ਉਹਨੂੰ ਕਿਸੇ ਉਪਰ ਕੋਈ ਗਿਲਾ ਨਹੀਂ, ਨਾ ਬੰਦੇ 'ਤੇ ਨਾ ਰੱਬ 'ਤੇ।

## ਡਾਇਰੈਕਟਰ ਕੇ. ਬਪਈਆ

ਡਾਇਰੈਕਟਰ ਕੇ. ਬਪਈਆ ਦੱਖਣ ਦੀਆਂ ਫਿਲਮਾਂ ਵਿਚ ਧਾਂਕ ਜਮਾਉਣ ਉਪਰੰਤ ਬੰਬਈ ਵਿਚ ਵੀ ਆਪਣਾ ਸੋਹਣਾ ਨਾਂ ਕਾਇਮ ਕਰ ਗਿਆ ਹੈ। ਉਸ ਦੀਆਂ ਬਣਾਈਆਂ ਭਾਵੇਂ ਸਾਰੀਆਂ ਫਿਲਮਾਂ ਚੱਲੀਆਂ ਨਹੀਂ ਪਰ ਫਿਲਮੀ ਹਲਕੇ ਹੋਰ ਕਈ ਗੁਣਾਂ ਕਰ ਕੇ ਕੇ. ਬਪਈਆ ਦੀ ਪਿਠ ਪਿੱਛੇ ਤਾਰੀਫ ਕਰਦੇ ਹਨ। ਉਸ ਦਾ ਵੱਡਾ ਗੁਣ ਹੈ ਕਿ ਹੋਰਨਾਂ ਡਾਇਰੈਕਟਰਾਂ ਵਾਂਗ ਤਾਰੀਖਾਂ ਦੇਣ 'ਚ ਲਾਰੇ-ਲੱਪੇ ਨਹੀਂ ਲਾਉਂਦਾ। ਸਪਸ਼ਟ ਗੱਲ ਕਹਿ ਦਿੰਦਾ ਹੈ। ਬਜਟ ਦੇ ਮਾਮਲੇ ਵਿਚ ਵੀ ਉਹ ਪਹਿਲਾਂ ਖਿੱਚੀਆਂ ਰੇਖਾਵਾਂ ਤੋਂ ਇਧਰ - ਉਧਰ ਨਹੀਂ ਜਾਂਦਾ। ਉਹ ਇਕੋ ਸਮੇਂ ਤਿੰਨ-ਚਾਰ ਫਿਲਮਾਂ ਉਪਰ ਕੰਮ ਕਰਨ ਦਾ ਆਦੀ ਹੈ। ਇਸ ਵੇਲੇ ਪ੍ਰੋਡਿਊਸਰ ਬੂਟਾ ਸਿੰਘ ਸ਼ਾਦ ਦੀ ਫਿਲਮ 'ਹਿੰਮਤ ਔਰ ਮਿਹਨਤ' ਨੂੰ ਉਹ ਤੇਜ਼ੀ ਨਾਲ ਮੁਕੰਮਲ ਕਰਨ 'ਚ ਲੱਗਾ ਹੋਇਆ ਹੈ। ਇਸ ਫਿਲਮ ਨੂੰ ਕੇ. ਬਪਈਆ ਨੇ ਇਕ ਕਰੋੜ ਛੇ ਲੱਖ ਰੁਪਏ 'ਚ ਤਿਆਰ ਕਰਕੇ ਦੇਣ ਦਾ ਵਾਅਦਾ ਕੀਤਾ ਹੋਇਆ ਹੈ। ਸਿਰੀ ਦੇਵੀ, ਜੇਤਿੰਦਰ, ਕਾਦਰਖਾਨ, ਸ਼ਕਤੀ ਕਪੂਰ ਤੇ ਸ਼ਮੀ ਕਪੂਰ ਫਿਲਮ ਦੇ ਮੁੱਖ ਸਿਤਾਰੇ ਹਨ।

ਕੇ. ਬਪਈਆ ਦਾ ਪਰਿਵਾਰ ਤੇ ਖਾਨਦਾਨ ਇਸੇ ਇੰਡਸਟਰੀ ਨਾਲ ਜੁੜਿਆ ਹੋਇਆ ਹੈ। ਉਸ ਦੇ ਬਾਪ ਕੇ. ਪ੍ਰਕਾਸ਼ ਰਾਓ ਨੇ 'ਪ੍ਰੇਮ ਨਗਰ' ਫਿਲਮ ਬਣਾਈ ਸੀ। ਪਹਿਲਾਂ ਪਹਿਲਾਂ ਕੇ. ਬਪਈਆ ਨੇ ਆਪਣੇ ਆਪ ਨੂੰ ਅਸਿਸਟੈਂਟ ਵਜੋਂ ਕੰਮ ਕੀਤਾ।

'ਘਰ ਏਕ ਮੰਦਰ', 'ਘਰ ਸੰਸਾਰ' ਤੇ 'ਸਵਰਗ ਸੇ ਸੁੰਦਰ' ਵਰਗੀਆਂ ਪਰਿਵਾਰਕ ਅਤੇ ਸੁਥਰੀਆਂ ਫਿਲਮਾਂ ਕੇ. ਬਪਈਆ ਨੇ ਹੀ ਬਣਾਈਆਂ ਸਨ। ਉਸ ਦੀ ਕੋਈ ਤਮੰਨਾ ਨਹੀਂ ਕਿ ਆਰਟ ਫਿਲਮ ਬਣਾਵੇ ਉਹ ਮਨੋਰੰਜਕ ਫਿਲਮਾਂ ਵੱਲ ਹੀ ਤਵੱਜੋ ਦੇ ਰਿਹਾ ਹੈ ਕਿਉਂ ਜੋ ਉਹ ਫਿਲਮਾਂ ਨੂੰ 'ਕਮਰਸ਼ੀਅਲ ਆਰਟ' ਮੰਨ ਕੇ ਤੁਰ ਰਿਹਾ ਹੈ।



ਡਾਇਰੈਕਟਰ ਕੇ ਬਪਈਆ ਤੇ ਪ੍ਰੋਡਿਊਸਰ ਬੂਟਾ ਸਿੰਘ ਦੀ ਬਣ ਰਹੀ ਫਿਲਮ 'ਹਿੰਮਤ ਔਰਤ ਮਿਹਨਤ' ਵਿਚ ਜਤਿੰਦਰ ਤੇ ਸਿਰੀ ਦੇਵੀ। ਇਸ ਫਿਲਮ ਦਾ ਨਾਂ ਹੁਣ ਬਦਲ ਕੇ 'ਅਮੀਰ ਘਰਾਣਾ' ਰਖਿਆ ਜਾ ਰਿਹਾ ਹੈ।

## ਨਜ਼ਰਬੰਦਾਂ ਦੀ ਰਿਹਾਈ ਲਈ ਸਾਧੂ ਮੋਹਨ ਵਲੋਂ ਵਰਤ ਸ਼ੁਰੂ

ਨਵੀਂ ਦਿੱਲੀ — ਕੇਰਲ ਦੇ ਇਕ ਸੰਤ ਫਕੀਰ ਸਾਧੂ ਮੋਹਨ ਨੇ ਜੋਧਪੁਰ ਦੇ ਸਿੱਖ ਨਜ਼ਰਬੰਦਾਂ ਦੇ ਕੇਸ ਦੀ ਹਮਦਰਦੀ ਨਾਲ ਘੋਖ ਕਰਨ ਦੀ ਲੋੜ ਵੱਲ ਧਿਆਨ ਦਿਵਾਉਣ ਲਈ ਇਥੇ ਰਾਜਘਾਟ ਵਿਖੇ ਵਰਤ ਸ਼ੁਰੂ ਕਰ ਦਿੱਤਾ। ਸੁਪਰੀਮ ਕੋਰਟ ਦੇ ਸਾਬਕ ਜਸਟਿਸ ਵੀ ਆਰ ਕ੍ਰਿਸ਼ਨਾ ਅਈਅਰ, ਜੋ ਵਰਤ ਵਿਚ ਸ਼ਾਮਿਲ ਹੋਏ, ਨੇ ਕਿਹਾ ਕਿ ਸਾਧੂ ਮੋਹਨ ਦੀ ਇਸ ਕਾਰਵਾਈ ਦਾ ਉਦੇਸ਼ ਕਈ ਬੇਦੋਸ਼ੇ ਲੋਕਾਂ ਨਾਲ ਹੋਏ 'ਅਨਿਆਂ' ਨੂੰ ਸਾਹਮਣੇ ਲਿਆਉਣਾ ਹੈ। ਸ੍ਰੀ ਅਈਅਰ ਨੇ ਕਿਹਾ ਕਿ ਕੁੜੱਤਣ ਜ਼ਰੂਰ ਦੂਰ ਹੋਣੀ ਚਾਹੀਦੀ ਹੈ ਨਹੀਂ ਤਾਂ ਕੋਈ ਪ੍ਰਗਤੀ ਨਹੀਂ ਹੋ ਸਕਦੀ। ਸਾਧੂ ਮੋਹਨ ਨੇ ਦੋ ਸਾਲ ਪਹਿਲਾਂ ਹਿੰਸਾ ਵਿਚ ਤੇਜ਼ੀ ਆਉਣ ਤੇ ਦਿੱਲੀ ਤੋਂ ਪੰਜਾਬ ਤੱਕ ਪਦ ਯਾਤਰਾ ਕੀਤੀ ਸੀ।

## ਕੁਝ ਕਾਂਗਰਸੀਆਂ ਵਲੋਂ ਗਿਆਨੀ ਜੀ 'ਤੇ ਦਬਾਅ

### ਇੰਕਾ ਵਿਚਾਰ ਕਰੇਗੀ

ਨਵੀਂ ਦਿੱਲੀ — ਜਨਰਲ ਸੈਕਟਰੀ ਸ੍ਰੀ ਰਘੂਨੰਦਨ ਲਾਲ ਭਾਟੀਆ ਨੇ ਇਥੇ ਐਲਾਨ ਕੀਤਾ ਕਿ ਕਾਂਗਰਸ (ਆਈ) ਵਰਕਿੰਗ ਕਮੇਟੀ ਦੀ ਇਕ ਮੀਟਿੰਗ 22 ਜੂਨ ਨੂੰ ਹੋਵੇਗੀ। ਪਤਾ ਲੱਗਾ ਹੈ ਕਿ ਮੀਟਿੰਗ ਵਿਚ ਹਰਿਆਣਾ ਦੀਆਂ ਚੋਣਾਂ ਵਿਚ ਇੰਕਾ ਦੀ ਹਾਰ ਦੇ ਕਾਰਨਾਂ ਤੋਂ ਇਨਾਵਾ ਇਸ ਗੱਲ 'ਤੇ ਵੀ ਵਿਚਾਰ ਕਰੇਗੀ ਕਿ ਕੁਝ ਇੰਕਾ ਲੀਡਰ ਗਿ: ਜ਼ੈਲ ਸਿੰਘ ਤੇ ਇਸ ਗੱਲ ਲਈ ਦਬਾਅ ਪਾ ਰਹੇ ਹਨ ਕਿ ਉਹ ਆਜ਼ਾਦ ਉਮੀਦਵਾਰ ਵਜੋਂ ਰਾਸ਼ਟਰਪਤੀ ਦੇ ਅਹੁਦੇ ਦੀ ਚੋਣ ਲੜਨ।

## ਜ਼ਬਰੀ ਸੁਧਾਰਾਂ ਦੀ ਮੂਲਵਾਦੀ ਲਹਿਰ ਖਤਮ

ਫਰੀਦਕੋਟ — ਪਿਛਲੇ ਸਮੇਂ ਵਿਚ ਜ਼ਿਲੇ ਅੰਦਰ ਮੂਲਵਾਦੀ ਤੱਤਾਂ ਵਲੋਂ ਜ਼ਬਰੀ 'ਸਮਾਜ ਸੁਧਾਰ ਲਹਿਰ' ਰਾਸ਼ਟਰਪਤੀ ਰਾਜ ਦੇ ਲਾਗੂ ਹੋਣ ਉਪਰੰਤ ਉਕਾ ਹੀ ਖਤਮ ਹੋ ਗਈ ਹੈ। ਜਿਥੇ ਸ਼ਰਾਬ ਦੇ ਠੇਕੇ ਸਰਕਾਰ ਨੇ ਆਪਣੇ ਪ੍ਰਭਾਵ ਨਾਲ ਖੁਲਵਾਏ ਹਨ। ਉਥੇ ਨਾਈਆਂ ਤੇ ਝਟਕਈਆਂ ਨੇ ਆਪੋ ਆਪਣੇ ਕਾਰੋਬਾਰ ਸ਼ੁਰੂ ਕਰ ਦਿੱਤੇ ਹਨ ਇਸ ਤਰ੍ਹਾਂ ਇਕ ਬੇਚੈਨੀ ਦੀ ਥਾਂ ਸਧਾਰਨ ਲੋਕ ਆਮ ਜੀਵਨ ਜਿਉਣ ਲਗ ਪਏ ਹਨ। ਕੁੜੀਆਂ ਤੇ ਪੜ੍ਹੀਆਂ ਲਿਖੀਆਂ ਇਸਤਰੀਆਂ ਜਿਥੇ ਚੰਗੇ ਕੱਪੜਿਆਂ, ਗਹਿਣਿਆਂ ਤੇ ਮੇਕਅੱਪ ਤੋਂ ਸੰਕੋਚ ਕਰਨ ਲੱਗ ਪਈਆਂ ਸਨ। ਮੁੜ ਸਧਾਰਨ ਵਾਂਗ ਵਿਵਹਾਰ ਕਰਨ ਲਗ ਪਈਆਂ ਹਨ। ਜਿਥੇ ਸ਼ਰਾਬ ਦੇ ਠੇਕੇ ਖੁਲੇ ਹਨ ਉਥੇ ਆਮ ਨਾਲੋਂ ਵੱਧ ਭੀੜ ਦਿਖਾਈ ਦਿੰਦੀ ਹੈ। ਹੁਣ ਪਿਆਕੜ ਪਹਿਲਾਂ ਵਾਂਗ ਹੀ ਸੜਕ ਤੇ ਗੇੜੇ ਕੱਢਦੇ ਤੇ ਪੀਤੀ ਖਰੀ ਕਰਕੇ ਅਕਸਰ ਦੇਖੇ ਜਾਂਦੇ ਹਨ। ਸਧਾਰਨ ਗੱਭਰੂਆਂ ਤੇ ਬੱਚਿਆਂ ਨੇ ਬਾਲ ਕਟਵਾਉਣੇ ਤੇ ਦਾਹੜੀ ਕਟਵਾਉਣੀ ਬੰਦ ਕਰ ਦਿੱਤੀ ਸੀ ਹੁਣ ਫਿਰ ਨਾਈ ਦੀ ਦੁਕਾਨ ਤੇ ਆਪਣੀ ਵਾਰੀ ਦੀ ਉਡੀਕ ਕਰਦੇ ਮਿਲਦੇ ਹਨ।

ਇਸ ਗੱਲ ਦਾ ਸਿਖਰ ਇਹ ਹੈ ਕਿ ਪਿਛਲੇ ਸਮੇਂ ਵਿਚ ਨਵੇਂ ਬਣੇ ਤਿਆਰ-ਬਰ-ਤਿਆਰ ਸਿੰਘ ਹੁਣ ਮੂੰਹ ਕਾਲਾ ਹੋਣ ਤੇ ਘੋਟਾ ਲੱਗਣ ਦੇ ਡਰ ਤੋਂ ਮੁਕਤ ਹੋ ਕੇ 'ਪੱਤਤ' ਹੋਣ ਲਗ ਪਏ ਹਨ। ਇਹਨਾਂ ਵਿਚੋਂ ਬਹੁਤੀ ਵੱਡੀ ਗਿਣਤੀ ਅਜਿਹੇ ਗੱਭਰੂਆਂ ਦੀ ਹੈ ਜਿਹਨਾਂ ਨੇ ਘਰਦਿਆਂ ਦੇ ਦਬਾਅ ਹੇਠ ਨਸ਼ਾ ਛੱਡਣ ਲਈ 'ਸਿੰਘ' ਸਜੇ ਸਨ। ਪ੍ਰੰਤੂ ਮਾਨਸਿਕ ਤੌਰ ਤੇ ਇਸ ਗੱਲ ਲਈ ਤਿਆਰ ਨਹੀਂ ਸਨ। ਹੁਣ ਗੁਰਦੁਆਰਿਆਂ ਵਿਚ ਵੀ ਪਰਚਾਰ ਅਲਹਿਜਾ ਚੱਕਵਾਂ ਨਾ ਰਹਿ ਕੇ ਆਮ ਵਾਂਗ ਹੋ ਗਿਆ ਹੈ। ਮੂਲਵਾਦੀ ਅਨਸਰ ਹੁਣ ਧੱਕੜ ਹੋਣ ਦੀ ਥਾਂ ਸਹਿਮ ਜਿਹੇ ਅਧੀਨ ਵਿਚਰ ਰਹੇ ਹਨ।





